# ਕਣਕ ਦੀ ਕਾਣੀ ਵੰਡ ਨੂੰ ਲੈ ਕੇ ਮਜ਼ਦੂਰ ਪੁੱਜੇ ਜ਼ਿਲ੍ਹਾ ਫੂਡ ਸਪਲਾਈ ਦਫਤਰ



**ਮੋਗਾ (ਅਮਰਜੀਤ ਬੱਬਰੀ)**-ਪਿੰਡ ਸਿੰਘਾਂਵਾਲਾ ਤੇ ਪੱਤੀ ਮੁਹੱਬਤ ਦੇ ਮਜ਼ਦੂਰ ਵੱਡੀ ਗਿਣਤੀ ਵਿੱਚ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਦੀ ਅਗਵਾਈ ਵਿੱਚ ਮਿਨੀ ਸੈਕਟਰੀਏਟ ਮੋਗਾ ਸਥਿਤ ਜ਼ਿਲ੍ਹਾ ਫੂਡ ਸਪਲਾਈ ਦਫਤਰ ਵਿਖੇ ਪਹੁੰਚੇ। ਲਖਵੀਰ ਸਿੰਘ ਲੱਖਾ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਸਾਡੇ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਪੂਰੀ ਕਣਕ ਨਹੀਂ ਮਿਲਦੀ। ਇਨਸਪੈਕਟਰ ਸਫਾਰਸ਼ੀਆਂ ਦੀਆਂ ਅੱਧ-ਪਚੱਧ ਪਰਚੀਆਂ ਕੱਟ ਕੇ ਮੁੜ ਜਾਂਦਾ ਹੈ, ਬਾਕੀ ਮਜ਼ਦੂਰ ਕੰਮ ਛੱਡ ਕੇ ਪਰਚੀਆਂ ਉਡੀਕਦੇ ਰਹਿੰਦੇ ਹਨ। ਤੇਜ ਸਿੰਘ ਨਾਹਲ ਖੋਟੇ ਨੇ ਮੈਡਮ ਅਧਿਕਾਰੀ ਤੋਂ ਮੰਗ ਕੀਤੀ ਕਿ ਸਾਂਝੇ ਥਾਂ ਬੈਠ ਕੇ ਪਰਚੀਆਂ ਕੱਟੀਆਂ ਜਾਣ। ਘੱਟ ਕਣਕ ਸਾਰਿਆਂ ਵਿੱਚ ਤਕਸੀਮ ਕਰਕੇ ਸਭ ਨੂੰ ਦਿੱਤੀ ਜਾਵੇ। ਇਨਸਪੈਕਟਰ ਕੋਲ ਡਿੱਪੂ ਵਾਲਾ ਹੀ ਬੈਠ ਕੇ ਕਣਕ ਵੰਡਾਵੇ, ਜਿਸ ਨੂੰ ਕਣਕ ਮਿਲ ਗਈ, ਸਾਰਿਆਂ ਦੀ ਵਾਰੀ ਲੰਘਣ ਪਿੱਛੋਂ ਦੁਆਰਾ ਵਾਰੀ ਆਵੇ। ਹਰ ਤਰ੍ਹਾਂ ਦਾ ਵਿਤਕਰਾ ਬੰਦ ਹੋਵੇ। ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਦੱਸਿਆ ਕਿ ਸਬੰਧਤ ਅਧਿਕਾਰੀ ਨੇ ਭਰੋਸਾ ਦਿਵਾਇਆ ਕਿ ਕਣਕ ਦੀ ਵੰਡ ਵਿੱਚ ਇਕਸਾਰਤਾ ਲਿਆਂਦੀ ਜਾਵੇਗੀ। ਲੱਖਾ ਨੇ ਕਿਹਾ ਕਿ ਕੁਝ ਦਿਨ ਭਰੋਸੇ 'ਤੇ ਵਿਸ਼ਵਾਸ ਕਰਾਂਗੇ ਜੇਕਰ ਮਸਲਾ ਹੱਲ ਨਾ ਹੋਇਆ ਤਾਂ ਫੂਡ ਸਪਲਾਈ ਦਫਤਰ ਦਾ ਘਰਾਓ ਕੀਤਾ ਜਾਵੇਗਾ। ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਨੇ ਵੀ ਮਜ਼ਦੂਰਾਂ ਦੇ ਇਸ ਜਾਇਜ਼ ਮਸਲੇ ਦੀ ਹਮਾਇਤ ਕੀਤੀ।

# ਡਾ. ਅੰਬੇਡਕਰ ਕਿਰਤੀ ਮਜ਼ਦੂਰ ਸੰਘ ਵੱਲੋਂ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸਾਰੇ ਹੀ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਡੀ ਸੀ ਸਾਹਿਬਾਂ ਨੂੰ ਅਨੁਸੂਚਿਤ ਜਾਤੀ ਤੇ ਬੀ.ਸੀ. ਵਰਗ ਦੇ ਲੋਕਾਂ ਵੱਲੋਂ ਡਾ. ਅੰਬੇਡਕਰ ਕਿਰਤੀ ਮਜ਼ਦੂਰ ਸੰਘ ਪੰਜਾਬ ਦੇ ਸੂਬਾ ਪ੍ਰਧਾਨ ਡਾ. ਜਤਿੰਦਰ ਸਿੰਘ ਮੱਟੂ ਤੇ ਨੰਬਰਦਾਰ ਯੂਨੀਅਨ ਤਹਿਸੀਲ ਸਮਾਣਾ ਦੇ ਸੀਨੀਅਰ ਮੀਤ ਪ੍ਰਧਾਨ ਗੁਰਸੇਵ ਸਿੰਘ ਕੁਲਬੁਰਛਾਂ ਦੀ ਅਗਵਾਈ ਵਿੱਚ ਐੱਸ ਸੀ ਤੇ ਬੀ ਸੀ ਵਰਗ ਦੀ ਜਨਤਾ 'ਤੇ ਸੂਬੇ ਵਿੱਚ ਲਗਾਤਾਰ ਹੋ ਰਹੇ ਅੱਤਿਆਚਾਰ ਤੇ ਵਿਤਕਰਿਆਂ ਦੀਆਂ ਵਧਦੀਆਂ ਜਾ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਅਤੇ ਦੋਸ਼ੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ, ਕਿਰਤੀਆਂ/ਮਜ਼ਦੂਰਾਂ ਦੀਆਂ ਹੱਕੀ ਮੰਗਾਂ ਦੇ ਹੱਲ ਲਈ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਡਿਪਟੀ ਕਮਿਸ਼ਨਰ ਪਟਿਆਲਾ ਦੇ ਦਫਤਰ ਵੱਲ ਸੈਂਕੜੇ ਹੀ ਸਾਥੀਆਂ ਦੇ ਨਾਲ ਰੋਸ ਮਾਰਚ ਕੀਤਾ ਅਤੇ ਏ ਡੀ ਸੀ ਤੇ ਐੱਸ ਡੀ ਐੱਮ ਪਟਿਆਲਾ ਨੇ ਖੁਦ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਇਹ ਮੰਗ ਮੁੱਖ ਮੰਤਰੀ ਭਗਵੰਤ ਮਾਨ ਤੱਕ ਭੇਜੀ ਜਾਵੇਗੀ ਤੇ ਹੱਲ ਕਰਵਾਈ ਜਾਵੇਗੀ।

# 5 ਅਪ੍ਰੈਲ ਦੀ ਦਿੱਲੀ ਕਿਸਾਨ ਮਜ਼ਦੂਰ ਰੈਲੀ ਇਤਿਹਾਸਕ ਹੋਵੇਗੀ : ਐਡਵੋਕੇਟ ਉੱਡਤ

**ਮੋਦੀ ਹਕੂਮਤ ਨੇ ਆਪਣੇ 9 ਸਾਲਾਂ ਦੇ ਕਾਰਜਕਾਲ ਦੌਰਾਨ ਕਿਰਤੀ ਵਰਗ ਦਾ ਕੀਤਾ ਘਾਣ**



**ਮਾਨਸਾ (ਆਤਮਾ ਸਿੰਘ ਪਮਾਰ)**
ਅੱਜ ਤੋਂ ਨੌਂ ਸਾਲ ਪਹਿਲਾਂ ਭਾਰਤੀਆਂ ਨੂੰ ਅੱਛੇ ਦਿਨਾਂ ਦੇ ਖੂਬਸੂਰਤ ਸੁਪਨੇ ਦਿਖਾ ਕੇ ਸੱਤਾ ਵਿੱਚ ਆਈ ਮੋਦੀ ਸਰਕਾਰ ਨੇ ਕਿਰਤੀ ਵਰਗ ਦਾ ਸਭ ਤੋਂ ਵੱਧ ਘਾਣ ਕੀਤਾ ਹੈ ਤੇ ਮੋਦੀ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਸਦਕਾ ਗਰੀਬੀ ਅਮੀਰੀ ਵਿਚਲੀ ਪਾੜ੍ਹਾ ਸਭ ਹੱਦਾਂ ਬੰਨੇ ਪਾਰ ਕਰ ਕਰ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰੱਲਾ ਤੇ ਖਿਆਲਾ ਵਿਖੇ ਜਨਤਕ ਮੀਟਿੰਗਾਂ ਦੌਰਾਨ ਸੰਬੋਧਨ ਕਰਦਿਆਂ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਸੂਬਾ ਸਕੱਤਰ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਰਦਿਆਂ ਕਿਹਾ ਕਿ ਮੋਦੀ ਹਕੂਮਤ ਨੂੰ ਵੰਗਾਰਨ ਲਈ ਕੀਤੀ ਜਾ ਰਹੀ 5 ਅਪ੍ਰੈਲ ਦੀ ਮਜ਼ਦੂਰ, ਕਿਸਾਨ ਦਿੱਲੀ ਰੈਲੀ ਇਤਿਹਾਸਕ ਤੇ ਲਾਮਿਸਾਲ ਹੋਵੇਗੀ ਤੇ ਮੋਦੀ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ। ਉਨ੍ਹਾਂ ਕਿਹਾ ਕਿ ਮਹਿੰਗਾਈ ਨੇ ਗਰੀਬ ਜਨਤਾ ਦਾ ਜੀਵਨ ਜਿਊਣਾ ਦੁੱਭਰ ਕੀਤਾ ਹੋਇਆ ਤੇ ਮੋਦੀ ਸਰਕਾਰ ਪੂੰਜੀਪਤੀਆਂ ਨੂੰ ਲਾਹਾ ਦੇ ਕੇ ਗਰੀਬਾਂ 'ਤੇ ਟੈਕਸ ਲਗਾ ਰਹੀ ਹੈ, ਮੋਦੀ ਸਰਕਾਰ ਅੰਗਰੇਜ਼ਾਂ ਤੋਂ ਬਾਅਦ ਪਹਿਲੀ ਸਰਕਾਰ ਹੈ, ਜਿਸ ਨੇ ਖਾਣ ਵਾਲੇ ਆਟੇ, ਲੂਣ 'ਤੇ ਵੀ ਟੈਕਸ ਲਗਾ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਟੂ ਆਗੂ ਕਾਲਾ ਖਾਂ ਭੰਮੇ, ਗੁਰਜਿੰਦਰ ਸਿੰਘ ਜੋਗਾ, ਗਿਆਨ ਸਿੰਘ ਮੌਜੋ, ਮੱਖਣ ਸਿੰਘ ਰਾਮਾਨੰਦੀ, ਗੁਰਦਰਸ਼ਨ ਸਿੰਘ ਚਕੇਰੀਆ, ਬਚਿੱਤਰ ਰੱਲਾ, ਚਰਨਾ ਸਿੰਘ ਖਿਆਲਾ, ਮਿੱਠੂ ਸਿੰਘ ਖਿਆਲਾ ਤੇ ਕਰਨੈਲ ਸਿੰਘ ਖਿਆਲਾ ਆਦਿ ਹਾਜ਼ਰ ਸਨ।

# ਬੀ ਕੇ ਯੂ ਡਕੌਂਦਾ ਵੱਲੋਂ 13 ਨੂੰ ਅਰਥੀ ਫੂਕ ਮੁਜ਼ਾਹਰਿਆਂ ਦਾ ਐਲਾਨ

**ਬਰਨਾਲਾ (ਰਜਿੰਦਰ ਬਰਾੜ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ 13 ਮਾਰਚ ਨੂੰ ਜ਼ਿਲ੍ਹਾ ਕੇਂਦਰਾਂ ਉੱਪਰ ਕੇਂਦਰ ਸਰਕਾਰ ਦੀਆਂ ਅਰਥੀਆਂ ਫੂਕ ਕੇ ਮੁਜ਼ਾਹਰੇ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਦੱਸਿਆ ਕਿ ਪਿਛਲੇ ਦਿਨੀਂ ਸੀ ਬੀ ਆਈ ਵੱਲੋਂ ਕਿਸਾਨ ਆਗੂਆਂ ਸਤਨਾਮ ਸਿੰਘ ਬਹਿਰੂ ਤੇ ਹਰਿੰਦਰ ਸਿੰਘ ਲੱਖੋਵਾਲ ਦੇ ਘਰ ਛਾਪੇ ਮਾਰਨ ਦੇ ਵਿਰੋਧ ਵਜੋਂ 32 ਕਿਸਾਨ ਜਥੇਬੰਦੀਆ ਵੱਲੋਂ 13 ਮਾਰਚ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਡੀ ਸੀ ਦਫਤਰਾਂ ਵਿਖੇ ਅਰਥੀ ਫੂਕ ਮੁਜ਼ਾਹਰੇ ਕਰਨ ਦਾ ਫੈਸਲਾ ਲਿਆ ਗਿਆ ਅਤੇ ਯੂਨੀਅਨ ਮੈਂਬਰ ਦੁਆਰਾ ਕੇਂਦਰ ਸਰਕਾਰ ਖਿਲਾਫ ਮੰਗ ਪੱਤਰ ਦਿੱਤੇ ਜਾਣਗੇ। ਉਨ੍ਹਾ ਕਿਹਾ ਕਿ 20 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਤੈਅ ਕੀਤੇ ਪ੍ਰੋਗਰਾਮ ਤਹਿਤ ਮਾਰਚ ਕਰਦੇ ਹੋਏ ਲੱਖਾਂ ਕਿਸਾਨ ਦਿੱਲੀ 'ਚ ਹਾਜ਼ਰੀ ਭਰਨਗੇ। ਇਸ ਤੋਂ ਬਿਨਾਂ ਚੰਡੀਗੜ੍ਹ ਵਿਖੇ ਚੱਲ ਰਹੇ ਕੌਮੀ ਇਨਸਾਫ ਮੋਰਚੇ ਵਿੱਚ ਬੰਦੀ ਸਿੰਘ ਦੀ ਰਿਹਾਈ ਦੀ ਹਮਾਇਤ 'ਚ 32 ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਭਰ 'ਚ ਐੱਮ ਐੱਲ ਏਜ਼ ਨੂੰ ਮੰਗ ਪੱਤਰ ਦਿੱਤੇ ਜਾਣਗੇ। ਇਸ ਮੌਕੇ ਕਵੀਨਰ ਜੋਗਾ ਸਿੰਘ ਭੋਡੀਪੁਰ, ਮਹਿੰਦਰ ਸਿੰਘ ਮਲਕ ਜਾਗਾ, ਇਕਾਈ ਪਧਾਨ ਜੋਗਿੰਦਰ ਪਾਲ ਲਾਧੂਕਾ, ਸੁਨੀਲ ਕੁਮਾਰ ਮੰਡੀ ਪੰਜੇ ਕੀ, ਗੁਰਵਿੰਦਰ ਸਿੰਘ, ਜ਼ਿਲ੍ਹਾ ਮੁਕਤਸਰ ਸਾਹਿਬ ਦੇ ਨਵੇਂ ਪ੍ਰਧਾਨ ਪੂਰਨ ਸਿੰਘ ਖਜ਼ਾਨਚੀ, ਅਮਨਦੀਪ ਸਿੰਘ, ਜਨ. ਸਕੱਤਰ ਤੇਜਿੰਦਰ ਸਿੰਘ, ਗੁਰਭੇਜ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ ਵੜਿੰਗ ਸੀਨੀ. ਮੀਤ ਪ੍ਰਧਾਨ ਚੁਣੇ ਜਾਣ 'ਤੇ ਪਹਿਲੀ ਵਾਰ ਹਾਜ਼ਰ ਹੋਏ। ਮੀਟਿੰਗ ਵਿੱਚ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਕਿ ਛੰਨਾ ਗੁਲਾਬ ਸਿੰਘ ਦੇ ਸਿੰਕਦਰ ਸਿੰਘ ਦੇ ਕਥਿਤ ਕਾਤਲਾਂ ਬਲਜੀਤ ਸਿੰਘ, ਜਿਊਣਾ ਸਿੰਘ, ਰਾਜਪਾਲ ਨੂੰ ਛੇਤੀ ਗ੍ਰਿਫਤਾਰ ਕੀਤਾ ਜਾਵੇ। ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ, ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਸੂਬਾ ਖਜ਼ਾਨਚੀ ਰਾਮ ਸਿੰਘ, ਸੂਬਾ ਮੀਤ ਪ੍ਰਧਾਨ ਦਰਸ਼ਨ ਸਿੰਘ ਰਾਏਸਰ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਪ੍ਰਧਾਨ, ਜਨਰਲ ਸਕੱਤਰ ਤੇ ਖਜ਼ਾਨਚੀ ਵੀ ਹਾਜ਼ਰ ਹੋਏ।

## ਕਾਤਰਾਂ

### ਰਮਨਦੀਪ ਕੌਰ ਦਾ ਵੀਜ਼ਾ ਲੱਗਾ



**ਬਾਘਾਪੁਰਾਣਾ (ਮਨੀ ਸਿੰਗਲਾ)**-ਟੱਚਸਕਾਈ ਇੰਸਟੀਚਿਊਟ ਆਫ ਇੰਗਲਿਸ਼ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਤਕਰੀਬਨ ਦਸ ਤੋਂ ਜਿਆਦਾ ਵੀਜ਼ੇ ਹਾਸਲ ਕੀਤੇ। ਉਨ੍ਹਾਂ ਵਿੱਚੋਂ ਹੀ ਰਮਨਦੀਪ ਕੌਰ ਸਪੁੱਤਰੀ ਰਣਜੀਤ ਸਿੰਘ ਵਾਸੀ ਲੋਪੋ ਨੇ ਇਸ ਮਹੀਨੇ ਕੈਨੇਡਾ ਦੇ ਸ਼ੈਰੀਡਨ ਕਾਲਜ ਦਾ ਵੀਜ਼ਾ ਹਾਸਲ ਕੀਤਾ। ਮੁਲਾਕਾਤ ਦੇ ਦੌਰਾਨ ਵਿਦਿਆਰਥੀ ਨੇ ਸੰਸਥਾ ਦੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਤੇ ਸੈਂਟਰ ਹੈਡ ਸ੍ਰੀ ਪੰਕਜ ਗੁਪਤਾ ਨਿੱਘੇ ਸੁਭਾਅ ਦੀ ਪ੍ਰਸੰਸਾ ਕਰਦੇ ਹੋਏ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੰਸਥਾ ਦੁਆਰਾ ਹਰ ਸਮੇਂ ਉਨ੍ਹਾਂ ਨੂੰ ਰਾਹ ਦਿਖਾਇਆ ਇਸੇ ਕਰਕੇ ਹੀ ਉਹ ਕਨੇਡਾ ਦਾ ਵੀਜ਼ਾ ਹਾਸਿਲ ਕਰ ਸਕੇ।

### ਸੰਤ ਦਰਸ਼ਨ ਸਿੰਘ ਹੀਰਾ ਦਾਸ ਦੀ ਬਰਸੀ 8 ਨੂੰ



**ਅਜੀਤਵਾਲ (ਨਛੱਤਰ ਸੰਧੂ)**-ਸੱਚਖੰਡ ਵਾਸੀ ਸੰਤ ਬਾਬਾ ਦਰਸ਼ਨ ਸਿੰਘ ਹੀਰਾ ਦਾਸ ਦੀ ਸਾਲਾਨਾ ਦੂਸਰੀ ਬਰਸੀ 8 ਮਾਰਚ ਨੂੰ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਪ੍ਰੈੱਸ ਨੂੰ ਜਾਣਕਰੀ ਦਿੰਦਿਆਂ ਹੀਰਾ ਝਿੜੀ ਸੈਦੇਆਣਾ ਪਿੰਡ ਡਾਲਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਮੇਲ ਸਿੰਘ ਨੇ ਦੱਸਿਆ ਕਿ 6 ਮਾਰਚ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 8 ਮਾਰਚ ਨੂੰ ਪਾਏ ਜਾਣਗੇ। ਉਨ੍ਹਾ ਦੱਸਿਆ ਕਿ ਇਸ ਮੌਕੇ ਉੱਘੇ ਕੀਰਤਨੀਏ, ਢਾਡੀ ਜੱਥੇ ਪਹੁੰਚ ਕੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਉਣਗੇ। ਇਸ ਮਹਾਨ ਦਿਨ 'ਤੇ ਸੰਤ ਬਾਬਾ ਦਿਆਲੂ ਦਾਸ ਜੀ ਸਾਦਿਕ ਵਾਲੇ ਤੇ ਸੰਤ ਬਾਬਾ ਜਰਨੈਲ ਦਾਸ ਜੀ ਕਪੂਰੇ ਵਾਲੇ ਵੀ ਆਪਣੀ ਹਾਜ਼ਰੀ ਲਵਾਉਣਗੇ।

### ਮਹਿਲਾ ਦਿਵਸ ਨੂੰ ਸਮਰਪਤ ਮੈਰਾਥਨ ਹੁਣ 9 ਨੂੰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਤ ਹੋਣ ਵਾਲੀ ਰਨ ਫਾਰ ਫਨ ਮੈਰਾਥਨ ਹੁਣ 7 ਦੀ ਬਜਾਏ 9 ਮਾਰਚ ਨੂੰ ਹੋਵੇਗੀ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ ਡਾ: ਮਨਦੀਪ ਕੌਰ ਨੇ ਦਿੱਤੀ ਹੈ। ਉਨ੍ਹਾ ਦੱਸਿਆ ਕਿ ਪ੍ਰਸ਼ਾਸਨਕ ਕਾਰਨਾਂ ਕਰਕੇ ਇਹ ਬਦਲਾਅ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਹ ਰਨ ਫਾਰ ਫਨ ਮੈਰਾਥਨ 9 ਮਾਰਚ 2023 ਨੂੰ ਸਵੇਰੇ 7 ਵਜੇ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਤੋਂ ਸ਼ੁਰੂ ਹੋਵੇਗੀ ਤੇ ਸ਼ਹੀਦ ਭਗਤ ਸਿੰਘ ਸਟੇਡੀਅਮ ਫਾਜ਼ਿਲਕਾ ਵਿਖੇ ਸੰਪੰਨ ਹੋਵੇਗੀ। ਉਨ੍ਹਾ ਕਿਹਾ ਕਿ ਸਟੇਡੀਅਮ ਵਿਖੇ ਕਈ ਮਨੋਰੰਜਕ ਖੇਡਾਂ ਵੀ ਹੋਣਗੀਆਂ। ਉਨ੍ਹਾ ਇਸ ਮੈਰਾਥਨ 'ਚ ਭਾਗ ਲੈਣ ਲਈ ਜ਼ਿਲ੍ਹੇ ਦੀਆਂ ਮਹਿਲਾਵਾਂ ਨੂੰ ਸੱਦਾ ਦਿੱਤਾ ਹੈ।

### ਡੇਰਾ ਜਲਾਲ ਵਿਖੇ ਅੱਖਾਂ ਦਾ ਮੁਫਤ ਕੈਂਪ 4 ਤੋਂ

**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਤਾ ਅਮਰ ਕੌਰ ਵਿਵੇਕ ਚੈਰੀਟੇਬਲ ਅੱਖਾਂ ਦੇ ਹਸਪਤਾਲ ਵਿਖੇ ਐੱਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ 26ਵਾਂ ਮੁਫਤ ਚੈੱਕਅੱਪ ਕੈਂਪ ਡੇਰਾ ਜਲਾਲ ਜੈਤੋ ਵਿਖੇ 4 ਤੇ 5 ਮਾਰਚ ਨੂੰ ਲਗਾਇਆ ਜਾ ਰਿਹਾ ਹੈ। ਡੇਰਾ ਮੁਖੀ ਬਾਬਾ ਰਿਸ਼ੀ ਰਾਮ ਦੀ ਯੋਗ ਅਗਵਾਈ ਤੇ ਦੇਖ ਰੇਖ ਅਧੀਨ ਅੱਖਾਂ ਦੇ ਰੋਗਾਂ ਦਾ ਮੁਫਤ ਚੈੱਕਅੱਪ ਕੈਂਪ ਵਿੱਚ ਇੰਗਲੈਂਡ ਨਿਵਾਸੀ ਜਸਵਿੰਦਰ ਸਿੰਘ ਢਿੱਲੋਂ, ਗੁਰਦੇਵ ਸਿੰਘ ਪੁਰੇਵਾਲ, ਪਰਵਿੰਦਰ ਕੌਰ ਪੁਰੇਵਾਲ, ਹਰਨੇਕ ਸਿੰਘ ਧਾਲੀਵਾਲ, ਰਮਨ ਕੁਮਾਰ ਸ਼ਰਮਾ, ਪਰਵੀਨ ਕੁਮਾਰ ਮੈਨੀ ਸਮੇਤ ਅਨੇਕਾਂ ਹੋਰ ਪਵਿੱਤਰ ਰੂਹਾਂ ਆਪਣੀ ਹਾਜ਼ਰੀ ਲਗਵਾਉਣ ਦੇ ਨਾਲ ਹੀ ਭਰਭੂਰ ਸਹਿਯੋਗ ਵੀ ਕੀਤਾ ਜਾ ਰਿਹਾ ਹੈ। ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਦੀਪਕ ਗਰਗ, ਡਾਕਟਰ ਵਰਸਾ ਸਿੰਘ ਤੇ ਡਾਕਟਰ ਮੋਨਿਕਾ ਬਲਿਆਨ ਵੱਲੋਂ ਮਰੀਜ਼ਾਂ ਨੂੰ ਚੈੱਕਅੱਪ ਕਰਨ ਤੋਂ ਬਾਅਦ ਲੋੜਵੰਦਾਂ ਦੀਆਂ ਅੱਖਾਂ 'ਚ ਲੈਂਜ਼ ਪਾਏ ਜਾਣਗੇ। ਇਸ ਕੈਂਪ ਵਿੱਚ ਆਉਣ ਵਾਲੇ ਮਰੀਜ਼ਾਂ ਲਈ ਦਵਾਈਆਂ ਤੇ ਭੋਜਨ ਦੀ ਵਿਵਸਥਾ ਅਤੇ ਉਨ੍ਹਾਂ ਦੇ ਸਹਾਇਕ ਲਈ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਸੁਸਾਇਟੀ ਵੱਲੋਂ ਕੀਤਾ ਜਾਵੇਗਾ। ਇਹ ਜਾਣਕਾਰੀ ਬਾਬਾ ਰਿਸ਼ੀ ਰਾਮ ਜੀ ਵੱਲੋਂ ਸਾਂਝੀ ਕੀਤੀ ਗਈ।

### ਰਾਜਸਥਾਨ ਤੋਂ ਸੋਨਾ ਲਿਆ ਕੇ ਪੰਜਾਬ ਵੇਚਣ ਦੇ ਦੋਸ਼ 'ਚ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੁਲਸ ਨੇ ਜਾਲ੍ਹੀ ਬਿੱਲਾਂ ਦੇ ਆਧਾਰ 'ਤੇ ਰਾਜਸਥਾਨ ਤੋਂ ਸੋਨਾ ਲਿਆ ਕੇ ਪੰਜਾਬ ਵਿੱਚ ਵੇਚਣ ਦੇ ਦੋਸ਼ ਹੇਠ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੌਰਾਨ ਵੜਿੰਗ ਖੇੜਾ ਸੀ ਤਾਂ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਮਹਿੰਦਰ ਕੁਮਾਰ ਵਾਸੀ ਬ੍ਰਾਮਣ ਬਸਤੀ ਕੜਵਾਸਰ ਚੂਰੂ (ਰਾਜਸਥਾਨ) ਮੰਡਲ ਜਵੈਲਰਜ਼ ਨਾਲ ਮਿਲ ਕੇ ਜਾਲ੍ਹੀ/ਫਰਜ਼ੀ ਬਿੱਲਾਂ ਦੇ ਆਧਾਰ 'ਤੇ ਗਲਤ ਤਰੀਕੇ ਨਾਲ ਰਾਜਸਥਾਨ ਤੋਂ ਸੋਨਾ ਲਿਆ ਕੇ ਪੰਜਾਬ ਵਿੱਚ ਲੋਕਾਂ ਤੇ ਦੁਕਾਨਦਾਰਾਂ ਨੂੰ ਵੇਚਣ ਦਾ ਆਦੀ ਹੈ ਅਤੇ ਜੋ ਹੁਣ ਵੀ ਜਾਲ੍ਹੀ ਬਿੱਲਾਂ ਦੇ ਆਧਾਰ 'ਤੇ ਮੰਡਲ ਜਵੈਲਰਜ਼ ਰਾਜਸਥਾਨ ਤੋਂ ਸੋਨਾ ਲਿਆ ਕੇ ਪੰਜਾਬ ਵੇਚਣ ਆ ਰਿਹਾ ਹੈ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਉਕਤ ਵਿਅਕਤੀ ਨੂੰ ਇੱਕ ਬਕਸਾ ਪਲਾਸਟਿਕ ਸਮੇਤ 5 ਕਿਲੋਗ੍ਰਾਮ ਗਹਿਣੇ ਤੇ ਬਿੱਲ ਮੁਤਾਬਿਕ ਸੋਨਾ ਇੱਕ ਕਿੱਲੋ 980 ਗ੍ਰਾਮ ਸਮੇਤ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਾਵਰਕਾਮ ਸਬ ਡਵੀਜ਼ਨ ਦੇ ਮੁਲਾਜ਼ਮਾਂ ਵੱਲੋਂ ਰੋਸ ਰੈਲੀ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਜੁਆਇੰਟ ਫੋਰਮ ਦੇ ਸੱਦੇ 'ਤੇ ਸਬ ਡਵੀਜ਼ਨ ਲੌਂਗੋਵਾਲ ਵਿਖੇ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਆਗੂ ਬਲਵਿੰਦਰ ਸਿੰਘ ਢਿੱਲੋਂ ਜੇ ਈ ਪ੍ਰਧਾਨ ਸਾਊਥ ਜ਼ੋਨ ਪਟਿਆਲਾ ਪਾਵਰਕਾਮ ਦੀ ਮੈਨੇਜਮੈਂਟ ਨਾਲ ਜੁਆਇੰਟ ਫੋਰਮ ਵੱਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਗਈਆਂ, ਜੋ ਕਿ ਬੇਸਿੱਟਾ ਰਹੀਆਂ।

ਆਗੂਆਂ ਨੇ ਕਿਹਾ ਕਿ ਜੁਆਇੰਟ ਫੋਰਮ ਵੱਲੋਂ ਦਿੱਤੇ ਗਏ ਮੰਗ ਪੱਤਰ ਵਿੱਚ ਮੰਨੀਆਂ ਮੰਗਾਂ ਤੁਰੰਤ ਹੱਲ ਕੀਤੀਆਂ ਜਾਣ, ਜੇਕਰ ਪਾਵਰਕੌਮ ਮੈਨੇਜਮੈਂਟ ਨੇ ਨਾ ਹੱਲ ਕੀਤਾ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਰੈਲੀ 'ਚ ਹਾਜ਼ਰ ਸਾਥੀ ਜਰਨੈਲ ਸਿੰਘ ਜੇ ਈ, ਗੁਰਵਿੰਦਰ ਸਿੰਘ, ਜਗਤਾਰ ਸਿੰਘ, ਗਗਨਦੀਪ ਸਿੰਘ, ਸਤਿਗੁਰ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ, ਅਵਤਾਰ ਸਿੰਘ ਹੈਪੀ, ਗਗਨਦੀਪ ਕੌਰ, ਕੁਲਵਿੰਦਰ ਕੌਰ, ਲਖਵੀਰ ਕੌਰ, ਸੁਖਵੰਤ ਸਿੰਘ, ਪ੍ਰਮੋਦ ਕੁਮਾਰ, ਰਜਿੰਦਰ ਸਿੰਘ, ਦੀਪ ਸ਼ਰਮਾ, ਜਗਤਾਰ ਸਿੰਘ, ਬਿੰਦਰ ਸਿੰਘ, ਲਵਜੋਤ ਸ਼ਰਮਾ, ਅੰਕਿਤ ਕੁਮਾਰ, ਬਲਜੀਤ ਸਿੰਘ, ਵੀਰਪਾਲ ਸਿੰਘ, ਬਲਵੀਰ ਸਿੰਘ ਲੱਕੀ ਸ਼ਰਮਾ ਆਦਿ ਹਾਜ਼ਰ ਸਨ।



# ਮੰਜੂ ਰਾਣੀ ਦੀ ਏਸ਼ੀਅਨ ਖੇਡਾਂ ਲਈ ਚੋਣ



**ਮਲੋਟ (ਗੁਰਮੀਤ ਸਿੰਘ ਮੱਕੜ)**
ਪਿੰਡ ਬਾਦਲ ਦੀ ਭਾਰਤੀ ਖੇਡ ਅਥਾਰਟੀ ਆਫ ਇੰਡੀਆ ਸੈਂਟਰ ਵਿੱਚ ਸਿਖਲਾਈ ਲੈਣ ਵਾਲੀ ਸਾਬਕਾ ਖਿਡਾਰਣ ਮੰਜੂ ਰਾਣੀ ਦੀ 35 ਕਿਲੋਮੀਟਰ ਦੌੜ ਵਿੱਚ ਰਾਸ਼ਟਰੀ ਰਿਕਾਰਡ ਦੇ ਨਾਲ ਏਸ਼ੀਅਨ ਖੇਡਾਂ 2023 ਲਈ ਚੁਣੇ ਜਾਣ 'ਤੇ ਪਿੰਡ ਬਾਦਲ ਵਿਖੇ ਪੁੱਜਣ 'ਤੇ ਭਰਵਾਂ ਸਵਾਗਤ ਕੀਤਾ ਗਿਆ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਅਕੈਡਮੀ ਵਿੱਚ ਪੁੱਜਣ 'ਤੇ ਅਕੈਡਮੀ ਦੇ ਪ੍ਰਬੰਧਕ ਤੇ ਕੋਚ ਸਾਹਿਬਾਨ ਵੱਲੋਂ ਖਿਡਾਰੀ ਮੰਜੂ ਰਾਣੀ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਖਿਡਾਰਣ ਮੰਜੂ ਰਾਣੀ ਨੇ ਖੁਸ਼ੀ ਪ੍ਰਗਟ ਕਰਦੇ ਕਿਹਾ ਕਿ ਉਸ ਨੇ ਇਸ ਅਕੈਡਮੀ ਵਿੱਚੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ, ਜਿੱਥੇ ਕੋਚ ਸਾਹਿਬ ਵੱਲੋਂ ਇੱਕ ਬੱਚਿਆਂ ਦੀ ਤਰ੍ਹਾਂ ਪਿਆਰ ਦੇ ਕੇ ਉਸ ਨੂੰ ਇਸ ਕਾਬਿਲ ਬਣਾਇਆ। ਦੂਜੇ ਪਾਸੇ ਇਸ ਖਿਡਾਰਣ ਦੀ ਏਸ਼ੀਅਨ ਖੇਡਾਂ ਲਈ ਚੋਣ ਹੋਣ 'ਤੇ ਕੋਚ ਤੇ ਅਕੈਡਮੀ ਦੇ ਪ੍ਰਬੰਧਕਾਂ ਵੱਲੋਂ ਖੁਸ਼ੀ ਪ੍ਰਗਟ ਕੀਤੀ ਗਈ ਤੇ ਖਿਡਾਰਣ ਦੇ ਮਾਤਾ ਪਿਤਾ ਨੇ ਵੀ ਖੁਸ਼ੀ ਪ੍ਰਗਟ ਕਰਦੇ ਕਿਹਾ ਕਿ ਉਨ੍ਹਾਂ ਦੀ ਬੇਟੀ ਇਸ ਅਕੈਡਮੀ ਤੋਂ ਸਿਖਲਾਈ ਲੈ ਕੇ ਇਸ ਮੁਕਾਮ ਤੱਕ ਪਹੁੰਚੀ ਹੈ, ਜਿਸ ਲਈ ਅਕੈਡਮੀ ਦੇ ਕੋਚ ਸਾਹਿਬਾਨ ਦਾ ਧੰਨਵਾਦ ਕਰਦੇ ਹਾਂ।

# ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਉਤਸ਼ਾਹ ਨਾਲ ਮਨਾਇਆ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਪ੍ਰਕਾਸ਼ ਪੁਰਬ ਬੜੇ ਹੀ ਸ਼ਰਧਾ ਤੇ ਉਤਸ਼ਾਹ ਨਾਲ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ (ਮੰਦਰ) ਸ਼ਹਿਰ ਬੁਢਲਾਡਾ ਵਿਖੇ ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਅੰਮ੍ਰਿਤਬਾਣੀ ਦੇ ਭੋਗ ਪਾਏ ਗਏ। ਉਪਰੰਤ ਕੀਤਰਨ ਦਿਵਾਨ ਸਜਾਏ ਗਏ। ਕਥਾ ਵਿਚਾਰਾਂ ਕਰਦਿਆਂ ਮਾਸਟਰ ਰੁਲਦੂ ਸੁਚੰਦ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਸੋਚ ਵਾਲਾ ਬੇਗਮਪੁਰਾ ਸ਼ਹਿਰ ਵਸਾਉਣ ਲਈ ਮਧੂ ਮੱਖੀਆਂ ਵਾਂਗ ਏਕਤਾ, ਭਾਈਚਾਰਾ ਕਾਇਮ ਕਰਕੇ ਵੱਡਾ ਹੰਭਲਾ ਮਾਰਨਾ ਪਵੇਗਾ, ਕਿਉਂਕਿ ਸੰਘਰਸ਼ ਜਾਂ ਅੰਦੋਲਨ ਤੋਂ ਬਿਨਾਂ ਕਿਸੇ ਟੀਚੇ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾ ਕਿਹਾ ਕਿ ਜੇਕਰ ਦੇਸ਼ ਦਾ 85% ਬਹੁਜਨ ਸਮਾਜ ਇੱਕ ਝੰਡੇ ਹੇਠ ਤੇ ਇੱਕ ਆਗੂ ਦੀ ਅਗਵਾਈ ਹੇਠ ਇਕੱਠਾ ਹੋ ਕੇ ਬਾਬਾ ਸਾਹਿਬ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਮਿਸ਼ਨ 'ਤੇ ਚੱਲ ਪਵੇ ਤਾਂ ਫਿਰ ਉਹ ਬੇਗਮਪੁਰਾ ਵਾਲਾ ਰਾਜ ਆ ਸਕਦਾ, ਜਿਸ ਦੀ ਸਤਿਗੁਰੂ ਰਵਿਦਾਸ ਜੀ ਨੇ ਕਲਪਨਾ ਕੀਤੀ ਸੀ। ਇਸ ਮੌਕੇ ਮਾ. ਗੁਰਮੇਲ ਸਿੰਘ ਬੋੜਾਵਾਲ, ਪ੍ਰੇਮ ਸਿੰਘ ਕਟਾਰੀਆ, ਜਰਨੈਲ ਫਰਵਾਹੀ ਨੇ ਮਹਾਂਪਰਖਾਂ ਦੀ ਵਿਚਾਰਾਧਾਰਾ ਸਬੰਧੀ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਉਪਰੰਤ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੀਆਂ ਸਾਰੀਆਂ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸੰਗਤਾਂ ਵੱਲੋਂ ਹਰਿ ਦੇ ਕੌਮੀ ਨਿਸ਼ਾਨ ਸਾਹਿਬ ਝੁਲਾਏ ਗਏ। ਇਸ ਮੌਕੇ ਪ੍ਰਬੰਧਕ ਸੋਨੂੰ ਕਟਾਰੀਆ, ਰਜਿੰਦਰ ਸਿੰਘ, ਅਮਰੀਕ ਸਿੰਘ, ਕੁੰਢਾ ਸਿੰਘ, ਗੋਰਾ ਸਿੰਘ, ਰਾਮ ਲਾਲ ਸਿੰਘ, ਹੇਮ ਰਾਜ ਕਾਲੂ, ਗੁਰਧਿਆਨ ਕਟਾਰੀਆ, ਅਜੈਬ ਸਿੰਘ, ਸੱਤਪਾਲ ਕੋਕੀ, ਕੱਕੜ ਸਿੰਘ, ਹਰਬੰਸ ਸਿੰਘ, ਤਰਸੇਮ ਸਿੰਘ, ਲੱਖਾ ਸਿੰਘ ਆਦਿ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

# ਕੁੱਲ ਹਿੰਦ ਕਿਸਾਨ ਸਭਾ ਬਲਾਕ ਜਲਾਲਾਬਾਦ ਦੇ ਅਹੁਦੇਦਾਰਾਂ ਦੀ ਚੋਣ

**ਕ੍ਰਿਸ਼ਨ ਧਰਮੂਵਾਲਾ ਬਲਾਕ ਪ੍ਰਧਾਨ ਚੁਣੇ**



**ਜਲਾਲਾਬਾਦ (ਜੀਤ ਕੁਮਾਰ)**-ਕੁੱਲ ਹਿੰਦ ਕਿਸਾਨ ਸਭਾ ਬਲਾਕ ਜਲਾਲਾਬਾਦ ਦੇ ਅਹੁਦੇਦਾਰਾਂ ਦੀ ਚੋਣ ਕਰਨ ਲਈ ਸਥਾਨਕ ਸੁਤੰਤਰ ਭਵਨ 'ਚ ਮੀਟਿੰਗ ਕੀਤੀ ਗਈ। ਮੀਟਿੰਗ 'ਚ ਕਾਮਰੇਡ ਵਜੀਰ ਚੰਦ ਸੱਪਾਂਵਾਲੀ ਜ਼ਿਲ੍ਹਾ ਕੁੱਲ ਹਿੰਦ ਕਿਸਾਨ ਸਭਾ ਬਤੌਰ ਅਬਜ਼ਰਵਰ ਸ਼ਾਮਲ ਹੋਏ, ਜਦੋਂਕਿ ਇਸ ਮੀਟਿੰਗ ਦੀ ਪ੍ਰਧਾਨਗੀ ਕ੍ਰਿਸ਼ਨ ਧਰਮੂਵਾਲਾ ਨੇ ਕੀਤੀ। ਇਸ ਮੌਕੇ ਕਾਮਰੇਡ ਵਜੀਰ ਚੰਦ ਨੇ ਕਿਸਾਨ ਸਭਾ ਦੇ ਇਤਿਹਾਸ ਤੇ ਕਿਸਾਨਾਂ ਦੇ ਹਿੱਤਾਂ ਲਈ ਲੜੇ ਗਏ ਸੰਘਰਸ਼ਾਂ 'ਤੇ ਚਾਨਣਾ ਪਾਇਆ। ਉਨ੍ਹਾ ਕਿਹਾ ਕਿ ਅਜ਼ਾਦੀ ਤੋਂ ਲੈ ਕੇ ਕੁੱਲ ਹਿੰਦ ਕਿਸਾਨ ਸਭਾ ਕਿਸਾਨਾਂ ਦੇ ਹਿੱਤਾਂ ਲਈ ਤੇ ਚੰਗੇਰੇ ਜੀਵਨ ਲਈ ਸੰਘਰਸ਼ ਕਰਦੀ ਆਈ ਹੈ। ਕਿਸਾਨਾਂ ਦੀ ਮੌਜੂਦਾ ਹਾਲਤ 'ਤੇ ਗੱਲ ਕਰਦੇ ਹੋਏ ਕਾਮਰੇਡ ਜੀਤ ਕੁਮਾਰ ਚੌਹਾਨਾ ਨੇ ਕਿਹਾ ਕਿ ਕਿਸਾਨੀ ਦੀ ਨਿੱਘਰਦੀ ਹਾਲਤ ਲਈ ਰਾਜ ਕਰਦੀਆਂ ਰਹੀਆਂ ਧਿਰਾਂ ਜ਼ਿੰਮੇਵਾਰ ਹਨ। ਉਨ੍ਹਾ ਕਿਸਾਨਾਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ। ਇਸ ਸਮੇਂ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਦੇਸ਼ ਦਾ ਕਿਸਾਨ ਆਪਣੇ ਹੱਕਾਂ ਲਈ ਜਾਗਰੂਕ ਹੋ ਚੁੱਕਿਆ ਹੈ ਤੇ ਦਿੱਲੀ ਦੇ ਬਾਰਡਰਾਂ 'ਤੇ ਹੋਏ ਸਾਲ ਭਰ ਦੇ ਪ੍ਰਦਰਸ਼ਨ ਨੇ ਸਾਬਿਤ ਕਰ ਦਿੱਤਾ ਹੈ ਕਿ ਜਬਰ ਜ਼ੁਲਮ 'ਤੇ ਉੱਤਰੀਆਂ ਸਰਕਾਰਾਂ ਵੀ ਕਿਸਾਨਾਂ ਨੂੰ ਦਬਾਅ ਨਹੀਂ ਸਕੀਆਂ ਤੇ ਕਿਸਾਨਾਂ ਦੇ ਏਕੇ ਅੱਗੇ ਭਾਜਪਾ ਦੀ ਹਠੀ ਸਰਕਾਰ ਨੂੰ ਝੁਕਣਾ ਪਿਆ। ਇਸ ਮੌਕੇ 21 ਮੈਂਬਰੀ ਬਲਾਕ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਕ੍ਰਿਸ਼ਨ ਧਰਮੂਵਾਲਾ, ਰੋਸ਼ਨ ਲਾਲ, ਸਤੀਸ਼ ਛੱਪੜੀ ਵਾਲਾ, ਲੇਖ ਰਾਜ, ਮਨਜੀਤ ਸਿੰਘ, ਜੀਤ ਕੁਮਾਰ ਚੌਹਾਨਾ, ਸੁਰਿੰਦਰ, ਸੰਦੀਪ ਸਿੰਘ, ਕਰਨੈਲ ਸਿੰਘ, ਮੰਗਤ ਸਿੰਘ, ਰਮੇਸ਼ ਪੀਰ ਮੁਹੰਮਦ, ਗੁਰਮੀਤ ਸਿੰਘ, ਕੁਲਵੰਤ ਸਿੰਘ, ਪੱਪੂ ਸੁਖੇਰਾ, ਹਰਚਰਨ ਸਿੰਘ, ਜੱਜ ਕੱਟੀਆਂ ਵਾਲਾ, ਨਰਿੰਦਰ ਢਾਬਾਂ ਚੁਣੇ ਗਏ।

ਇਸ ਸਕੱਤਰੇਤ ਵੱਲੋਂ ਕੇਵਲ ਕ੍ਰਿਸ਼ਨ ਧਰਮੂਵਾਲਾ ਪ੍ਰਧਾਨ, ਜੀਤ ਕੁਮਾਰ ਚੌਹਾਨਾ ਸਕੱਤਰ, ਕਰਨੈਲ ਸਿੰਘ ਮੀਤ ਪ੍ਰਧਾਨ, ਸੰਦੀਪ ਜੋਧਾ ਮੀਤ ਸਕੱਤਰ, ਸਤੀਸ਼ ਕੁਮਾਰ ਖਜ਼ਾਨਚੀ ਚੁਣੇ ਗਏ।

# ਐੱਸ ਡੀ ਕਾਲਜ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀ ਮੈਰਿਟ ਸੂਚੀ 'ਚ 7ਵਾਂ ਤੇ 8ਵਾਂ ਥਾਂ ਮੱਲਿਆ



**ਮੋਗਾ (ਅਮਰਜੀਤ ਬੱਬਰੀ)**-ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਵੱਖ-ਵੱਖ ਕੋਰਸਾਂ ਦੇ ਨਤੀਜੇ ਐਲਾਨੇ ਗਏ, ਜਿਸ ਵਿੱਚ ਬੀ.ਐੱਸ.ਸੀ. (ਫੈਸ਼ਨ ਡਿਜ਼ਾਇਨਿੰਗ) ਦੀ ਪ੍ਰੀਖਿਆ ਵਿੱਚ ਪੰਜਵੇਂ ਸਮੈਸਟਰ ਦੀਆਂ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੈਰਿਟ ਸੂਚੀ ਵਿੱਚ ਸੱਤਵੀਂ ਤੇ ਅੱਠਵੀਂ ਪੁਜ਼ੀਸ਼ਨ ਹਾਸਲ ਕੀਤੀ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਨੂੰ ਵਧਾਈ ਦਿੱਤੀ ਤੇ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਸੰਸਥਾ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੇ ਅਕਾਦਮਿਕ ਨਤੀਜਿਆਂ ਵਿੱਚ ਬਿਹਤਰੀਨ ਪ੍ਰਦਰਸ਼ਨ ਕਰਕੇ ਹਮੇਸ਼ਾ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਪੰਜਵੇਂ ਸਮੈਸਟਰ ਦੀ ਮੈਰਿਟ ਸੂਚੀ ਵਿੱਚ ਮਿਸ ਸ਼ਰਨਦੀਪ ਕੌਰ ਨੇ 95.2% (619/650) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਸੱਤਵਾਂ ਤੇ ਕਾਲਜ 'ਚੋਂ ਪਹਿਲਾ ਸਥਾਨ ਹਾਸਲ ਕੀਤਾ। ਮਿਸ ਯਸ਼ਿਕਾ ਬਾਂਸਲ ਨੇ 95% (618/650) ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਅੱਠਵਾਂ ਤੇ ਕਾਲਜ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਨੇ ਕਾਲਜ ਦੀ ਸਮੂਹ ਪ੍ਰਬੰਧਕੀ ਕਮੇਟੀ ਵੱਲੋਂ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਅਧਿਆਪਕਾਂ ਮਿਸਿਜ਼ ਮਨਦੀਪ ਸ਼ਰਮਾ (ਮੁਖੀ ਫੈਸ਼ਨ ਡਿਜ਼ਾਇਨਿੰਗ ਵਿਭਾਗ), ਮਿਸ ਚਰਨਜੀਤ ਕੌਰ ਤੇ ਵਿਦਿਆਰਥਣਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਪੇਪਰ ਰੀਡਿੰਗ ਮੁਕਾਬਲਾ



**ਦੋਰਾਹਾ (ਹਰਮਿੰਦਰ ਸਿੰਘ ਸੇਠ)**-ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਅਰਥ ਸ਼ਾਸਤਰ ਵਿਭਾਗ ਵੱਲੋਂ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਦੀ ਪ੍ਰੇਰਣਾ ਤੇ ਸੁਯੋਗ ਅਗਵਾਈ ਅਧੀਨ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਡਾ. ਅਮਨਦੀਪ ਕੁਲਾਰ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ 38 ਵਿਦਿਆਰਥੀਆਂ ਨੇ ਭਾਰਤ ਵਿੱਚ ਵਧਦੀ ਮਹਿੰਗਾਈ ਦੀ ਸਮੱਸਿਆ, ਕੈਸ਼ਲੈੱਸ ਇਕਾਨਮੀ ਦੇ ਲਾਭ ਤੇ ਹਾਨੀਆਂ ਅਤੇ ਭਾਰਤੀ ਅਰਥ-ਵਿਵਸਥਾ ਦੀ ਘਟਦੀ ਹੋਈ ਵਿਕਾਸ ਦਰ ਵਿਸ਼ੇ ਨਾਲ ਸੰਬੰਧਤ ਪਰਚੇ ਪੜ੍ਹਦਿਆਂ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੁਕਾਬਲੇ ਵਿੱਚ ਬੀ. ਕਾਮ ਭਾਗ ਤੀਜਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ ਪਹਿਲਾ, ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਅਨੁਪ੍ਰਿਆ ਨੇ ਦੂਜਾ ਤੇ ਕੋਮਲ ਅਤੇ ਅਨੁਦੀਪ ਕੌਰ, ਬੀ.ਕਾਮ. ਭਾਗ ਤੀਜਾ ਨੇ ਸਾਂਝੇ ਤੌਰ 'ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਸਾਕਸ਼ੀ ਨਥਾਨੀ ਬੀ.ਕਾਮ ਭਾਗ ਪਹਿਲਾ, ਜਸ਼ਨਪ੍ਰੀਤ ਕੌਰ ਬੀ.ਏ.-ਭਾਗ ਪਹਿਲਾ ਤੇ ਰਮਨਦੀਪ ਸਿੰਘ ਬੀ.ਏ. ਭਾਗ ਦੂਜਾ ਨੇ ਹੌਸਲਾ ਅਫਜ਼ਾਈ ਇਨਾਮ ਹਾਸਲ ਕੀਤੇ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਇਨਾਮ ਵੰਡੇ ਗਏ। ਇਸ ਮੁਕਾਬਲੇ ਵਿੱਚ ਪ੍ਰੋ. ਨਿਧੀ ਸਰੂਪ, ਪ੍ਰੋ. ਮਾਲਤੀ ਤਿਵਾੜੀ ਤੇ ਪ੍ਰੋ. ਜੈ ਸ਼੍ਰਿਰੀ ਸ਼ਰਮਾ ਨੇ ਜੱਜਾਂ ਦੀ ਭੂਮਿਕਾ ਨਿਭਾਈ। ਮੁਕਾਬਲੇ ਦੇ ਅੰਤ ਵਿੱਚ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਡਾ. ਅਮਨਦੀਪ ਕੁਲਾਰ ਨੇ ਵਿਦਿਆਰਥੀਆਂ ਤੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਇਸ ਮੁਕਾਬਲੇ ਨੂੰ ਹਰ ਸਾਲ ਜਾਰੀ ਰੱਖਣ ਦਾ ਪ੍ਰਣ ਲਿਆ। ਇਸ ਮੌਕੇ ਪ੍ਰੋ. ਰਮਨੀਤ ਕੌਰ, ਪ੍ਰੋ. ਮਨਦੀਪ ਕੌਰ ਤੇ ਪ੍ਰੋ. ਜਸਪ੍ਰੀਤ ਕੌਰ ਵੀ ਹਾਜ਼ਰ ਸਨ।

# ਤਨਖਾਹ ਦੀ ਅਦਾਇਗੀ ਤੇ ਨਗਰ ਕੌਂਸਲ 'ਚ ਮਰਜ ਕਰਨ ਦੀ ਮੰਗ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਕੰਮ ਕਰਦੇ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਮੰਗ ਪੱਤਰ ਦਿੱਤਾ ਗਿਆ। ਪ੍ਰਧਾਨ ਗੁਰਜੰਟ ਸਿੰਘ ਨੇ ਦੱਸਿਆ ਕਿ ਜਨਵਰੀ, ਫ਼ਰਵਰੀ 2023 ਦੀ ਤਨਖਾਹ ਅੱਜ ਤੱਕ ਕਾਮਿਆਂ ਨੂੰ ਨਹੀਂ ਮਿਲ ਰਹੀ। ਪਹਿਲਾਂ ਹੀ ਨਿਗੂਣੀ ਤਨਖਾਹ 'ਤੇ ਕੰਮ ਕਰ ਰਹੇ ਵਰਕਰਾਂ ਦੇ ਚੁੱਲ੍ਹੇ ਠੰਢੇ ਹੋ ਗਏ ਹਨ ਅਤੇ ਭੁੱਖਮਰੀ ਤੱਕ ਨੌਬਤ ਆ ਗਈ ਹੈ। ਉਨ੍ਹਾ ਦੱਸਿਆ ਕਿ ਉਹ 20/25 ਸਾਲਾਂ ਤੋਂ ਕੰਮ ਕਰ ਰਹੇ ਹਨ ਤੇ ਜਦੋਂ ਨਗਰ ਕੌਂਸਲ ਨੇ ਸੀਵਰੇਜ ਤੇ ਸੈਨੀਟੇਸ਼ਨ ਦਾ ਕੰਮ ਸੀਵਰੇਜ ਬੋਰਡ ਨੂੰ ਸੰਭਾਲਿਆ ਤਾਂ ਉਨ੍ਹਾਂ ਨੂੰ ਵੀ ਤਬਦੀਲ ਕਰ ਦਿੱਤਾ ਗਿਆ, ਜੋ ਅੱਜ ਤੱਕ ਨਿਗੂਣੀ ਤਨਖਾਹ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਰਹਿੰਦੀ ਤਨਖਾਹ ਦੀ ਅਦਾਇਗੀ ਦੀ ਮੰਗ ਕਰਦਿਆਂ ਵਰਕਰਾਂ ਨੂੰ ਨਗਰ ਕੌਂਸਲ ਵਿੱਚ ਮਰਜ਼ ਕਰਨ ਦੀ ਮੰਗ ਵੀ ਕੀਤੀ।

# ਮੁਲਾਜ਼ਮਾਂ ਦੀਆਂ ਮੰਗਾਂ ਸੰਬੰਧੀ ਵਫਦ ਸਿਹਤ ਮੰਤਰੀ ਨੂੰ ਮਿਲਿਆ



**ਪਟਿਆਲਾ (ਨ ਜ਼ ਸ)**-ਬੀਤੇ ਦਿਨੀਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਦੀ ਅਗਵਾਈ ਹੇਠ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਵੱਖ ਵੱਖ ਮੁਲਾਜ਼ਮ ਵਰਗ ਦੀਆਂ ਮੰਗਾਂ ਸਬੰਧੀ ਵਾਰੋ ਵਾਰੀ ਗੱਲਬਾਤ ਕੀਤੀ ਗਈ। ਇਸ ਮੌਕੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਪੈਰਾ-ਮੈਡੀਕਲ ਇੰਪਲਾਈਜ਼ (ਮੇਲ-ਫੀ ਮੇਲ) ਯੂਨੀਅਨ ਪੰਜਾਬ, ਆਲ ਇੰਡੀਆ ਆਸ਼ਾ ਤੇ ਫੈਸਿਲੀਟੇਟਰ ਵਰਕਰ ਯੂਨੀਅਨ ਪੰਜਾਬ ਅਤੇ ਟਰੇਡ ਯੂਨੀਅਨ ਕੌਂਸਲ ਪਟਿਆਲਾ ਆਦਿ ਦੇ ਮੈਂਬਰ ਸ਼ਾਮਲ ਸਨ, ਜਿਨ੍ਹਾਂ ਨੇ ਮੁਲਾਜ਼ਮਾਂ ਮੰਗਾਂ ਸਿਹਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਂਦੀਆਂ ਤੇ ਵੱਖ ਵੱਖ ਮੈਮੋਰੰਡਮ ਵੀ ਸੌਂਪੇ। ਆਗੂਆਂ ਦੱਸਿਆ ਕਿ ਸਿਹਤ ਮੰਤਰੀ ਵੱਲੋਂ ਮੰਗਾਂ ਨੂੰ ਜਾਇਜ਼ ਠਹਿਰਾਉਣ ਤੇ ਜਲਦੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਡੈਪੂਟੇਸ਼ਨ ਵਿੱਚ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਗੁਰਪ੍ਰੀਤ ਸਿੰਘ ਮੰਗਵਾਲ, ਬਲਵੀਰ ਕੌਰ ਗਿੱਲ, ਮੈਡਮ ਸੋਨੂ, ਜਸਵੀਰ ਕੌਰ ਮੂਨਕ, ਰਾਮ ਕਿਸ਼ਨ, ਰਣਦੀਪ ਸਿੰਘ, ਜਗਮੋਹਣ ਨੌਲੱਖਾ, ਸਵਰਨ ਸਿੰਘ ਬੰਗਾ, ਅਜੇ ਕੁਮਾਰ ਜ਼ਿੰਪਾ, ਰਾਜੇਸ਼ ਕੁਮਾਰ, ਰਣਜੀਤ ਸਿੰਘ ਭੀਖੀ, ਨਿਗਾਹੀ ਰਾਮ ਤੇ ਗਗਨਦੀਪ ਨਾਗਰ, ਗੁਰਪ੍ਰੀਤ ਸਿੰਘ ਆਦਿ ਸ਼ਾਮਲ ਸਨ। ਸੂਬਾਈ ਮੁਲਾਜ਼ਮ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਗੁਰਪ੍ਰੀਤ ਸਿੰਘ ਮੰਗਵਾਲ ਨੇ ਕਿਹਾ ਕਿ ਜੇਕਰ ਵਾਅਦੇ ਮੁਤਾਬਕ ਮੰਗਾਂ ਦਾ ਜਲਦੀ ਨਿਪਟਾਰਾ ਨਾ ਕੀਤਾ ਤਾਂ ਮਾਰਚ ਦੇ ਅਖੀਰ ਵਿੱਚ ਵਿਭਾਗੀ ਪੱਧਰ 'ਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਡੀ ਸੀ ਵੱਲੋਂ ਸਰਕਾਰੀ ਸਕੂਲ ਭੈਣੀ ਜੱਸਾ ਦਾ ਮੈਗਜ਼ੀਨ ਜਾਰੀ



**ਬਰਨਾਲਾ (ਰਜਿੰਦਰ ਬਰਾੜ,ਰਾਕੇਸ਼ ਨੀਟਾ)**-ਸਾਹਿਤ ਜੀਵਨ ਦੇ ਅਨੁਭਵਾਂ 'ਚੋਂ ਨਿਕਲਦਾ ਹੈ, ਜਿਸ ਕਰਕੇ ਸਾਹਿਤਕਾਰ ਬੱਚਿਆਂ ਅੰਦਰ ਹੀ ਮੌਲਿਕ ਰਚਨਾਵਾਂ ਦੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਨੇ ਸਰਕਾਰੀ ਹਾਈ ਸਕੂਲ ਭੈਣੀ ਜੱਸਾ ਦਾ ਸਾਲਾਨਾ ਮੈਗਜ਼ੀਨ 'ਪ੍ਰੇਰਨਾ' ਰਿਲੀਜ਼ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਤਿਆਰ ਕੀਤੇ ਜਾਣ ਵਾਲੇ ਅਜਿਹੇ ਸਾਹਿਤਕ ਸਕੂਲੀ ਮੈਗਜ਼ੀਨ ਸੁਖਾਵਾਂ ਮਾਹੌਲ ਪੈਦਾ ਕਰਦੇ ਹਨ, ਜਿਸ ਨਾਲ ਵਿਦਿਆਰਥੀਆਂ ਵਿੱਚ ਲਾਇਬ੍ਰੇਰੀ ਜਾਣ, ਕਿਤਾਬਾਂ ਪੜ੍ਹਨ ਅਤੇ ਮੌਲਿਕ ਰਚਨਾਵਾਂ ਵੱਲ ਰੁਚਿਤ ਹੋਣ ਦੀ ਖਿੱਚ ਪੈਦਾ ਹੁੰਦੀ ਹੈ। ਉਨ੍ਹਾ ਸਕੂਲ ਮੁਖੀ ਪੁਨੀਤ ਗਰਗ, ਮੈਗਜ਼ੀਨ ਸੰਪਾਦਕ ਹਰਜੀਤ ਸਿੰਘ ਮਲੂਕਾ ਅਤੇ ਸੰਪਾਦਕੀ ਮੰਡਲ ਦੇ ਅੰਮ੍ਰਿਤਪਾਲ ਸਿੰਘ ਨੂੰ ਮੈਗਜ਼ੀਨ ਤਿਆਰ ਕਰਨ 'ਤੇ ਵਧਾਈ ਦਿੱਤੀ। ਮੈਗਜ਼ੀਨ ਰਿਲੀਜ਼ ਕਰਨ ਮੌਕੇ ਐਸ ਡੀ ਐਮ ਗੋਪਾਲ ਸਿੰਘ ਅਤੇ ਜੀ ਏ ਸੁਖਪਾਲ ਸਿੰਘ ਨੇ ਕਿਹਾ ਕਿ ਸਾਹਿਤਕ ਰੁਚੀਆਂ ਰੱਖਣ ਵਾਲੇ ਅਤੇ ਬੌਧਿਕ ਪੱਧਰ 'ਤੇ ਵਿਚਾਰ ਵਟਾਂਦਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੇਕਰ ਸੇਧ ਦੇ ਦਿੱਤੀ ਜਾਵੇ ਤਾਂ ਉਹ ਆਪਣੀਆਂ ਕੁਸ਼ਲਤਾਵਾਂ ਅਤੇ ਕਲਾਵਾਂ ਨੂੰ ਨਿਖਾਰ ਕੇ ਬਹੁਤ ਚੰਗੀਆਂ ਰਚਨਾਵਾਂ ਲਿਖ ਕੇ ਸਾਹਿਤਕ ਖੇਤਰ ਵਿੱਚ ਵਧੀਆ ਭੂਮਿਕਾ ਨਿਭਾ ਸਕਦੇ ਹਨ। ਸਕੂਲ ਮੁਖੀ ਪੁਨੀਤ ਗਰਗ ਨੇ ਕਿਹਾ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਸਰਕਾਰੀ ਹਾਈ ਸਕੂਲ ਭੈਣੀ ਜੱਸਾ ਦਾ ਸਲਾਨਾ ਮੈਗਜ਼ੀਨ 'ਪ੍ਰੇਰਨਾ' ਪਾਠਕਾਂ ਅੱਗੇ ਪੇਸ਼ ਕੀਤਾ ਜਾ ਰਿਹਾ ਹੈ। ਮੈਗਜ਼ੀਨ ਸੰਪਾਦਕ ਹਰਜੀਤ ਸਿੰਘ ਮਲੂਕਾ ਅਤੇ ਸਹਿ-ਸੰਪਾਦਕ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਇਸ ਸਾਹਿਤਕ ਮੈਗਜ਼ੀਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪਣੀਆਂ ਰਚਨਾਵਾਂ ਅਤੇ ਸੰਸਥਾ ਦੇ ਚਾਲੂ ਸੈਸ਼ਨ ਦੀਆਂ ਗਤੀਵਿਧੀਆਂ ਨੂੰ ਖੂਬਸੂਰਤ ਤਰੀਕੇ ਨਾਲ ਉਜਾਗਰ ਕੀਤਾ ਹੈ। ਸਕੂਲ ਦੀ ਪ੍ਰਬੰਧਕੀ ਕਮੇਟੀ ਚੇਅਰਮੈਨ ਲਖਵੀਰ ਸਿੰਘ, ਸਰਪੰਚ ਗੁਰਮੁਖ ਸਿੰਘ ਅਤੇ ਸਮੁੱਚੇ ਸਟਾਫ ਚੇਤਵੰਤ ਸਿੰਘ, ਜਗਧੀਰ ਸਿੰਘ, ਮੀਨਾਕਸ਼ੀ ਮਹਿਤਾ, ਸੁਖਦੀਪ ਕੌਰ, ਛਿੰਦਰਪਾਲ ਕੌਰ ਤੇ ਕੁਲਦੀਪ ਕੌਰ ਨੇ ਮੈਗਜ਼ੀਨ ਦੀ ਪ੍ਰਕਾਸ਼ਨਾ 'ਤੇ ਵਧਾਈ ਦਿੱਤੀ।

# 'ਸਕੂਲ ਆਫ ਐਮੀਨੈਂਸ' ਸਕੀਮ ਤੇਜ਼ੀ ਨਾਲ ਲਾਗੂ ਕਰਨ ਦੀ ਸਖਤ ਨਿੰਦਾ

**ਸੂਬੇ ਦੇ ਸਾਰੇ ਸਕੂਲਾਂ ਤੇ ਵਿਦਿਆਰਥੀਆਂ ਦੀ ਸਾਰ ਲਵੇ ਭਗਵੰਤ ਮਾਨ ਸਰਕਾਰ : ਜੀ ਟੀ ਯੂ**



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਕੇਂਦਰ ਦੀ ਮੋਦੀ ਸਰਕਾਰ ਦੀ ਜਨਤਕ ਸਿੱਖਿਆ ਵਿਰੋਧੀ 'ਨਵੀਂ ਸਿੱਖਿਆ ਨੀਤੀ 2020' ਨੂੰ ਲਾਗੂ ਕਰਨ, ਸਿੱਖਿਆ ਦਾ ਨਿੱਜੀਕਰਨ, ਵਪਾਰੀਕਰਨ ਕਰਨ ਦੇ ਅਪਣੇ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਲਈ 'ਸਕੂਲ ਆਫ ਐਮੀਨੈਂਸ' ਨਾਂਅ ਦੀ ਸਕੀਮ ਤੇਜ਼ੀ ਨਾਲ ਲਾਗੂ ਕਰਨ ਜਾ ਰਹੀ ਹੈ। ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਕਿਸੇ ਵੀ ਅਧਿਆਪਕ ਜਥੇਬੰਦੀ ਜਾਂ ਸਿੱਖਿਆ ਮਾਹਰਾਂ ਦੀ ਸਲਾਹ ਲੈਣ ਦੀ ਲੋੜ ਮਹਿਸੂਸ ਨਹੀਂ ਕੀਤੀ। ਗੌਰਮਿੰਟ ਸਕੂਲ ਟੀਚਰ ਯੂਨੀਅਨ ਪੰਜਾਬ ਦੇ ਸਰਪ੍ਰਸਤ ਚਰਨ ਸਿੰਘ ਸਰਾਭਾ, ਪ੍ਰਧਾਨ ਸੁਰਿੰਦਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਮਾੜੀਮੇਘਾ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਸਲਾਹਕਾਰ ਪ੍ਰੇਮ ਚਾਵਲਾ, ਮੀਤ ਪ੍ਰਧਾਨ ਸੰਜੀਵ ਸ਼ਰਮਾ ਲੁਧਿਆਣਾ ਤੇ ਪਰਮਿੰਦਰ ਪਾਲ ਸਿੰਘ ਕਾਲੀਆ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ 'ਸਕੂਲ ਆਫ ਐਮੀਨੈਂ,' ਸਕੀਮ ਲਾਗੂ ਹੋਣ ਨਾਲ 6ਵੀਂ ਤੋਂ 12ਵੀਂ ਕਲਾਸ ਤੱਕ ਚਲਦੇ ਸੈਕੰਡਰੀ ਸਕੂਲਾਂ ਵਿੱਚੋਂ 6ਵੀਂ ਤੋਂ 8ਵੀਂ ਕਲਾਸ ਤੱਕ ਬੱਚੇ ਸਰਕਾਰੀ ਸਕੂਲਾਂ ਵਿੱਚੋਂ ਬਾਹਰ ਹੋ ਜਾਣਗੇ। ਇਸ ਨੀਤੀ ਤਹਿਤ ਐਲੀਮੈਂਟਰੀ ਸਕੂਲ ਵੀ ਪ੍ਰਭਾਵਿਤ ਹੋਣਗੇ, ਆਮ ਆਦਮੀ ਪਾਰਟੀ ਦੀ ਸਰਕਾਰ 'ਸਕੂਲ ਆਫ ਐਮੀਨੈਂਸ' ਦੇ ਲੁਭਾਣੇ ਨਾਹਰੇ ਦੀ ਆੜ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਰਕਾਰੀ ਸਕੂਲਾਂ 'ਚ ਦਾਖਲੇ ਲਈ ਦਰਵਾਜ਼ੇ ਬੰਦ ਕਰਨ ਜਾ ਰਹੀ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਖਦਸ਼ਾ ਪ੍ਰਗਟ ਕੀਤਾ ਕਿ ਸਕੂਲ ਆਫ ਐਮੀਨੈਂਸ ਦੇ ਖੁੱਲ੍ਹਣ ਨਾਲ ਨੇੜੇ-ਤੇੜੇ ਦੇ ਅਨੇਕਾਂ ਸਰਕਾਰੀ ਸਕੂਲ ਵੀ ਬੰਦ ਹੋਣਗੇ। ਆਗੂਆਂ ਨੇ ਕਿਹਾ ਕਿ ਜਿਸ ਪਿੰਡ ਵਿੱਚ ਇਸ ਨਵੀਂ ਸਕੀਮ ਤਹਿਤ ਸਕੂਲ ਖੁੱਲ੍ਹੇਗਾ ਉਸ ਪਿੰਡ ਦੇ ਛੇਵੀਂ ਤੋਂ ਅੱਠਵੀਂ ਜਮਾਤ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਰਨਾਂ ਪਿੰਡਾਂ ਦੇ ਸਕੂਲਾਂ ਵਿੱਚ ਦਾਖਲੇ ਲੈਣ ਲਈ ਮਜਬੂਰ ਹੋਣਾ ਪਵੇਗਾ, ਜਿਸ ਨਾਲ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ 'ਸਕੂਲ ਆਫ ਐਮੀਨੈਂਸ' ਬਜਾਏ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਇੱਕ ਸਾਰ ਮਿਆਰੀ ਤੇ ਬੁਨਿਆਦੀ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਹੋ ਸਕੇ। ਇਸ ਸਮੇਂ ਜੋਰਾ ਸਿੰਘ ਬੱਸੀਆਂ, ਮਨੀਸ਼ ਸ਼ਰਮਾ, ਹਰੀਦੇਵ, ਟਹਿਲ ਸਿੰਘ ਸਰਾਭਾ, ਚਰਨ ਸਿੰਘ ਤਾਜਪੁਰੀ, ਗਿਆਨ ਸਿੰਘ ਦੋਰਾਹਾ, ਸਤਵਿੰਦਰਪਾਲ ਸਿੰਘ, ਜੁਗਲ ਸ਼ਰਮਾ, ਸ਼ਿਵ ਪ੍ਰਭਾਕਰ ਆਗੂ ਹਾਜ਼ਰ ਸਨ।

# ਪ੍ਰਾਈਵੇਟ ਖੇਤਰ ਦੇ ਕਰਮਚਾਰੀਆਂ ਨੂੰ ਈ ਪੀ ਐੱਫ ਬਾਰੇ ਕੀਤਾ ਜਾਗਰੂਕ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਕੇਂਦਰੀ ਲੇਬਰ ਤੇ ਇੰਪਲਾਈਮੈਂਟ ਵਿਭਾਗ ਵੱਲੋਂ ਇਨਫੋਰਸਮੈਂਟ ਅਧਿਕਾਰੀ ਦਵਿੰਦਰ ਕੁਮਾਰ ਦੀ ਅਗਵਾਈ ਹੇਠ ਪ੍ਰਾਈਵੇਟ ਖੇਤਰ ਦੇ ਕਰਮਚਾਰੀਆਂ ਨੂੰ ਈ.ਪੀ.ਐੱਫ. ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਸਥਾਨਕ ਸਰਵਹਿਤਕਾਰੀ ਵਿੱਦਿਆ ਮੰਦਿਰ ਸਕੂਲ ਵਿਖੇ ਇਕ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਮੌਕੇ ਡਿਪਟੀ ਡਾਇਰੈਕਟਰ ਆਫ ਫੈਕਟਰੀਜ਼ ਸੰਗਰੂਰ ਵਿਸ਼ਾਲ ਸਿੰਗਲਾ ਵੀ ਉਚੇਚੇ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਵਿਭਾਗ ਦੇ ਅਧਿਕਾਰੀ ਦਵਿੰਦਰ ਕੁਮਾਰ ਨੇ ਕਰਮਚਾਰੀਆਂ ਤੇ ਉਨ੍ਹਾਂ ਦੇ ਇੰਪਲਾਇਰਾਂ ਨੂੰ ਪੈਨਸ਼ਨ, ਈ.ਪੀ.ਐੱਫ, ਈ ਡੀ ਐੱਲ ਆਈ, ਐਡਵਾਂਸ ਲੈਣ ਤੇ ਹੋਰ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਰਮਚਾਰੀਆਂ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਈ.ਪੀ.ਐੱਫ.ਓ. ਨਾਲ ਜੁੜਨ ਦੀ ਅਪੀਲ ਕੀਤੀ ਅਤੇ ਇਸ ਸਬੰਧੀ ਵੱਖ-ਵੱਖ ਸਕੀਮਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਰਮਚਾਰੀਆਂ ਵੱਲੋਂ ਪੁੱਛੇ ਗਏ ਸਵਾਲਾਂ ਦਾ ਮੌਕੇ 'ਤੇ ਜਵਾਬ ਵੀ ਦਿੱਤਾ। ਇਸ ਮੌਕੇ ਡਿਪਟੀ ਡਾਇਰੈਕਟਰ ਵਿਸ਼ਾਲ ਸਿੰਗਲਾ ਨੇ ਰੋਡ ਸੇਫਟੀ ਤੇ ਇੰਡਸਟਰੀਅਲ ਸੇਫਟੀ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਸਰਪ੍ਰਸਤ ਯੋਗੇਸ਼ ਸਿੰਗਲਾ ਤੇ ਮੈਨੇਜਰ ਸੰਜੀਵ ਸਿੰਗਲਾ ਨੇ ਆਏ ਹੋਏ ਅਧਿਕਾਰੀਆਂ ਨੂੰ ਸਨਮਾਨਤ ਕਰਦੇ ਹੋਏ ਅਹਿਮ ਜਾਣਕਾਰੀ ਮੁਹੱਈਆ ਕਰਵਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੀ ਵਾਇਸ ਪ੍ਰਿੰਸੀਪਲ ਮਾਧਵੀ ਗਰਗ, ਸਹਾਇਕ ਅਰਵਿੰਦ ਕਸ਼ਿਅਪ ਤੇ ਪ੍ਰਦੀਪ ਗਰਗ ਵੀ ਮੌਜੂਦ ਰਹੇ।

CMYK

3-MAR-PAGE-1.qxd 3/2/2023 10:17 PM Page 1

ਸ਼ੁੱਕਰਵਾਰ, 3 ਮਾਰਚ, 2023
19 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 272

# ਨਵਾਂ ਜ਼ਮਾਨਾ

DAILY NAWAN ZAMANA • FRIDAY, 3 MARCH, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

## ਭਾਜਪਾ ਤ੍ਰਿਪੁਰਾ ਤੇ ਨਾਗਾਲੈਂਡ 'ਚ ਸੱਤਾ ਬਚਾਉਣ 'ਚ ਸਫਲ, ਮੇਘਾਲਿਆ 'ਚ ਲੰਗੜੀ ਅਸੰਬਲੀ

**ਨਵੀਂ ਦਿੱਲੀ** : ਭਾਰਤੀ ਜਨਤਾ ਪਾਰਟੀ ਦਾ ਗਠਜੋੜ ਤ੍ਰਿਪੁਰਾ ਤੇ ਨਾਗਾਲੈਂਡ ਵਿਚ ਮੁੜ ਸੱਤਾ ਵਿਚ ਆ ਗਿਆ ਜਦਕਿ ਮੇਘਾਲਿਆ 'ਚ ਮੁੱਖ ਮੰਤਰੀ ਕੌਨਰਾਡ ਸੰਗਮਾ ਦੀ ਐੱਨ ਪੀ ਪੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ। ਉਹ 60 ਵਿੱਚੋਂ 25 ਸੀਟਾਂ ਜਿੱਤਣ ਵਾਲੀ ਸੀ। ਮੇਘਾਲਿਆ ਵਿਚ ਕਿਸੇ ਨੂੰ ਬਹੁਮਤ ਮਿਲਦਾ ਨਾ ਦਿਸਣ ਦਰਮਿਆਨ ਆਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਟਵੀਟ ਕੀਤਾ ਕਿ ਮੁੱਖ ਮੰਤਰੀ ਸੰਗਮਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਫੋਨ ਕਰਕੇ ਸਰਕਾਰ ਬਣਾਉਣ ਲਈ ਮਦਦ ਮੰਗੀ ਹੈ।

ਤ੍ਰਿਪੁਰਾ ਵਿਚ ਖੱਬੀਆਂ ਪਾਰਟੀਆਂ ਤੇ ਕਾਂਗਰਸ ਦੇ ਗੱਠਜੋੜ ਅਤੇ ਨਵੀਂ ਉਭਰੀ ਟਿਪਰਾ ਮੋਠਾ ਪਾਰਟੀ ਵੱਲੋਂ ਟੱਕਰ ਦੇਣ ਦੇ ਬਾਵਜੂਦ ਭਾਜਪਾ ਸੱਤਾ ਬਚਾਅ ਗਈ। ਉਸਨੇ ਆਈ ਪੀ ਐੱਫ ਟੀ ਨਾਲ ਮਿਲਕੇ 60 ਵਿੱਚੋਂ 31 ਸੀਟਾਂ ਜਿੱਤ ਲਈਆਂ ਸਨ ਤੇ ਦੋ ਸੀਟਾਂ 'ਤੇ ਅਗੇ ਸੀ। ਸੀ ਪੀ ਆਈ (ਐੱਮ) ਨੇ 9 ਸੀਟਾਂ ਜਿੱਤ ਲਈਆਂ ਸਨ ਤੇ ਦੋ 'ਤੇ ਅੱਗੇ ਸੀ। ਸਹਿਯੋਗੀ ਕਾਂਗਰਸ ਤਿੰਨ ਸੀਟਾਂ ਹੀ ਜਿੱਤ ਸਕੀ। ਟਿਪਰਾ ਮੋਠਾ ਨੇ 13 ਸੀਟਾਂ ਜਿੱਤੀਆਂ ਪਰ ਉਹ ਕਿੰਗਮੇਕਰ ਨਹੀਂ ਬਣ ਸਕੀ, ਕਿਉਂਕਿ ਭਾਜਪਾ ਦਾ ਗੱਠਜੋੜ ਸਪੱਸ਼ਟ ਬਹੁਮਤ ਹਾਸਲ ਕਰ ਗਿਆ।

ਮੇਘਾਲਿਆ ਵਿਚ ਭਾਜਪਾ ਨੇ ਸੰਗਮਾ ਦੀ ਨੈਸ਼ਨਲ ਪੀਪਲਜ਼ ਪਾਰਟੀ ਨਾਲ ਤੋੜ-ਵਿਛੋੜਾ ਕਰਕੇ ਚੋਣਾਂ ਲੜੀਆਂ ਸਨ ਪਰ ਉਹ ਤਿੰਨ ਸੀਟਾਂ ਹੀ ਜਿੱਤ ਸਕੀ। ਨਾਗਾਲੈਂਡ ਵਿਚ ਐੱਨ ਡੀ ਪੀ ਪੀ ਤੇ ਭਾਜਪਾ ਦਾ ਗੱਠਜੋੜ 60 ਵਿੱਚੋਂ 35 ਸੀਟਾਂ ਲੈ ਗਿਆ ਤੇ ਦੋ ਵਿਚ ਅੱਗੇ ਸੀ। ਇੱਥੇ ਭਾਜਪਾ ਨੇ 20 ਸੀਟਾਂ ਲੜੀਆਂ ਅਤੇ 11 ਜਿੱਤ ਲਈਆਂ ਸਨ ਜਦਕਿ ਇਕ ਵਿਚ ਅੱਗੇ ਸੀ।

## ਜ਼ਿਮਨੀ ਚੋਣਾਂ : ਕਾਂਗਰਸ ਛੇ ਵਿੱਚੋਂ ਤਿੰਨ ਸੀਟਾਂ ਜਿੱਤੀ

**ਨਵੀਂ ਦਿੱਲੀ** : ਪੰਜ ਰਾਜਾਂ ਵਿਚ ਛੇ ਅਸੰਬਲੀ ਸੀਟਾਂ ਦੀ ਉਪ ਚੋਣ ਵਿਚ ਕਾਂਗਰਸ ਤਿੰਨ ਸੀਟਾਂ 'ਤੇ ਸਫਲ ਰਹੀ। ਮਹਾਰਾਸ਼ਟਰ ਦੀ ਕਸਬਾ ਪੇਠ ਸੀਟ 'ਤੇ ਕਾਂਗਰਸ ਦੇ ਰਵਿੰਦਰ ਧੰਗੇਕਰ ਨੇ ਭਾਜਪਾ ਦੇ ਹੇਮੰਤ ਨਾਰਾਇਣ ਰਸਾਨੇ ਨੂੰ 10915 ਵੋਟਾਂ ਨਾਲ ਹਰਾਇਆ। ਇਹ ਸੀਟ 1995 ਤੋਂ ਭਾਜਪਾ ਦੇ ਕਬਜ਼ੇ ਵਿਚ ਸੀ। ਸੂਬੇ ਦੀ ਚਿੰਚਵਾੜ ਸੀਟ ਭਾਜਪਾ ਦੇ ਅਸ਼ਵਨੀ ਜਗਤਾਪ ਨੇ ਜਿੱਤ ਲਈ। ਤਾਮਿਲਨਾਡੂ ਦੀ ਈਰੋਡ ਸੀਟ 'ਤੇ ਕਾਂਗਰਸ ਦੇ ਐਲੰਗੋਵਨ ਨੇ ਅੰਨਾ ਡੀ ਐੱਮ ਕੇ ਦੇ ਐੱਸ ਥੇਨਾਰਾਸੂ ਤੋਂ 44868 ਵੋਟਾਂ ਦੀ ਲੀਡ ਬਣਾ ਲਈ ਸੀ ਤੇ ਉਨ੍ਹਾ ਦੀ ਜਿੱਤ ਪੱਕੀ ਸੀ। ਝਾਰਖੰਡ ਦੀ ਰਾਮਗੜ੍ਹ ਸੀ ਕਾਂਗਰਸੀ ਵਿਧਾਇਕ ਮਮਤਾ ਦੇਵੀ 'ਤੇ ਫੌਜਦਾਰੀ ਕੇਸ ਦਰਜ ਹੋਣ ਕਾਰਨ ਖਾਲੀ ਹੋਈ ਸੀ। ਇਥੇ ਕਾਂਗਰਸ ਨੇ ਮਮਤਾ ਦੇਵੀ ਦੇ ਪਤੀ ਬਜਰੰਗ ਮਹਿਤੋ ਨੂੰ ਟਿਕਟ ਦਿੱਤੀ ਸੀ ਤੇ ਭਾਜਪਾ-ਅਜਸੂ ਨੇ ਸੁਨੀਤਾ ਚੌਧਰੀ ਨੂੰ ਉਤਾਰਿਆ ਸੀ। ਸੁਨੀਤਾ 21970 ਵੋਟਾਂ ਨਾਲ ਜੇਤੂ ਰਹੀ। ਪੱਛਮੀ ਬੰਗਾਲ ਦੀ ਸਾਗਰਦੀਘੀ ਸੀਟ 'ਤੇ ਬੇਰੌਨ ਬਿਸਵਾਸ ਨੇ ਜਿੱਤ ਦਰਜ ਕਰਕੇ ਅਸੰਬਲੀ ਵਿਚ ਕਾਂਗਰਸ ਦੀ ਮੌਜੂਦਗੀ ਦਰਜ ਕਰਵਾਈ। 2021 ਦੀਆਂ ਅਸੰਬਲੀ ਚੋਣਾਂ ਵਿਚ ਕਾਂਗਰਸ ਕੋਈ ਸੀਟ ਨਹੀਂ ਜਿੱਤ ਸਕੀ ਸੀ। ਇਹ ਸੀਟ ਟੀ ਐੱਮ ਸੀ ਦੇ ਤਿੰਨ ਵਾਰ ਵਿਧਾਇਕ ਰਹੇ ਸੁਬ੍ਰਤਾ ਸਾਹਾ ਦੇ ਦੇਹਾਂਤ ਕਾਰਨ ਖਾਲੀ ਹੋਈ ਸੀ। ਇੱਥੇ ਟੀ ਐੱਮ ਸੀ ਦੇ ਦੇਬਾਸ਼ੀਸ਼ ਬੈਨਰਜੀ, ਭਾਜਪਾ ਦੇ ਦਲੀਪ ਸਾਹਾ ਤੇ ਅਪੋਜ਼ੀਸ਼ਨ ਦੀ ਹਮਾਇਤ ਹਾਸਲ ਕਾਂਗਰਸ ਦੇ ਬਿਸਵਾਸ ਵਿਚਾਲੇ ਟੱਕਰ ਸੀ। ਬਿਸਵਾਸ ਨੇ 22986 ਵੋਟਾਂ ਨਾਲ ਜਿੱਤ ਦਰਜ ਕੀਤੀ। ਅਰੁਣਾਚਲ ਦੀ ਲੁਮਲਾ ਸੀਟ ਭਾਜਪਾ ਦੇ ਜੰਬੇ ਤਾਸ਼ੀ ਦੀ ਮੌਤ ਕਾਰਨ ਖਾਲੀ ਹੋਈ ਸੀ। ਇੱਥੇ ਭਾਜਪਾ ਨੇ ਉਸਦੀ ਪਤਨੀ ਤਸੇਰਿੰਗ ਲਹਾਮੂ ਨੂੰ ਖੜ੍ਹਾ ਕੀਤਾ ਸੀ। ਮੁਕਾਬਲੇ ਵਿਚ ਕੋਈ ਨਾ ਹੋਣ ਕਰਕੇ ਉਹ ਬਿਨਾਂ ਮੁਕਾਬਲਾ ਜੇਤੂ ਰਹੀ।

## ਮੁੱਖ ਚੋਣ ਕਮਿਸ਼ਨਰ ਤੇ ਕਮਿਸ਼ਨਰ ਦੀ ਚੋਣ ਨੂੰ ਸੁਪਰੀਮ ਕੋਰਟ ਨੇ ਬਣਾਇਆ ਪਾਰਦਰਸ਼ੀ

### ਪ੍ਰਧਾਨ ਮੰਤਰੀ, ਆਪੋਜ਼ੀਸ਼ਨ ਲੀਡਰ ਤੇ ਚੀਫ ਜਸਟਿਸ ਦੀ ਕਮੇਟੀ ਕਰੇਗੀ ਨਾਵਾਂ ਦੀ ਸਿਫਾਰਸ਼

**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਵੀਰਵਾਰ ਫੈਸਲਾ ਸੁਣਾਇਆ ਕਿ ਚੋਣ ਕਮਿਸ਼ਨਰਾਂ ਅਤੇ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਭਾਰਤ ਦੇ ਚੀਫ ਜਸਟਿਸ ਦੀ ਕਮੇਟੀ ਵੱਲੋਂ ਕੀਤੀ ਜਾਵੇ। ਜੇ ਵਿਰੋਧੀ ਧਿਰ ਦਾ ਨੇਤਾ ਮੌਜੂਦ ਨਹੀਂ ਹੈ ਤਾਂ ਲੋਕ ਸਭਾ ਵਿਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਨੇਤਾ ਨੂੰ ਕਮੇਟੀ ਵਿਚ ਲਿਆ ਜਾਵੇਗਾ। ਅਦਾਲਤ ਨੇ ਕਿਹਾ ਕਿ ਚੋਣ ਕਮਿਸ਼ਨਰਾਂ ਅਤੇ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਕਮੇਟੀ ਦੀ ਸਿਫਾਰਸ਼ 'ਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਵੇਗੀ। ਸਰਬਸੰਮਤੀ ਨਾਲ ਸੁਣਾਏ ਫੈਸਲੇ ਵਿਚ ਸੁਪਰੀਮ ਕੋਰਟ ਦੀ ਪੰਜ ਮੈਂਬਰੀ ਬੈਂਚ ਨੇ ਚੋਣ ਪ੍ਰਕਿਰਿਆਵਾਂ ਵਿਚ ਨਿਰਪੱਖਤਾ ਯਕੀਨੀ ਬਣਾਉਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਲੋਕਤੰਤਰ ਲੋਕਾਂ ਦੀ ਇੱਛਾ ਨਾਲ ਜੁੜਿਆ ਹੋਇਆ ਹੈ। ਚੋਣਾਂ ਯਕੀਨੀ ਤੌਰ 'ਤੇ ਨਿਰਪੱਖ ਹੋਣੀਆਂ ਚਾਹੀਦੀਆਂ ਹਨ। ਲੋਕਤੰਤਰ 'ਚ ਚੋਣਾਂ 'ਚ ਨਿਰਪੱਖਤਾ ਬਰਕਰਾਰ ਰਹਿਣੀ ਚਾਹੀਦੀ ਹੈ, ਨਹੀਂ ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ।

ਜਸਟਿਸ ਕੇ ਐੱਮ ਜੋਸੇਫ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ, ਜਿਸਨੇ ਪਿਛਲੇ ਸਾਲ 24 ਨਵੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ, ਨੇ ਕਿਹਾ ਕਿ ਉਸਦਾ ਫੈਸਲਾ ਉਦੋਂ ਤਕ ਲਾਗੂ ਰਹੇਗਾ ਜਦੋਂ ਤਕ ਪਾਰਲੀਮੈਂਟ ਵੱਲੋਂ ਕੋਈ ਨਵਾਂ ਕਾਨੂੰਨ ਨਹੀਂ ਬਣਾਇਆ ਜਾਂਦਾ।

ਸਰਕਾਰ ਦੇ ਸਭ ਤੋਂ ਵੱਡੇ ਵਕੀਲ ਅਟਾਰਨੀ ਜਨਰਲ ਆਰ ਵੈਂਕਟਰਮਣੀ ਨੇ ਚਲੰਤ ਸਿਸਟਮ ਨੂੰ ਦਰੁੱਸਤ ਦੱਸਿਆ ਸੀ। ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਸਰਕਾਰੀ ਦਬਾਅ ਤੋਂ ਮੁਕਤ ਰੱਖਣ ਲਈ ਸਰਕਾਰ ਨੂੰ ਇਸਦੀ ਫੰਡਿੰਗ ਲਈ ਕੰਸੋਲੀਡੇਟਿਡ ਫੰਡ ਕਾਇਮ ਕਰਨ ਤੇ ਇਸਦਾ ਵੱਖਰਾ ਸਕੱਤਰੇਤ ਬਣਾਉਣ ਲਈ ਵੀ ਕਿਹਾ ਹੈ।

## ਅਡਾਨੀ ਮਾਮਲੇ ਦੀ ਘੋਖ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ 'ਚ ਕਮੇਟੀ ਕਾਇਮ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅਡਾਨੀ ਗਰੁੱਪ ਦੀਆਂ ਕੰਪਨੀਆਂ ਦੇ ਸ਼ੇਅਰਾਂ ਵਿਚ ਗਿਰਾਵਟ ਦੇ ਨਾਲ-ਨਾਲ ਸ਼ੇਅਰ ਬਾਜ਼ਾਰਾਂ ਦੇ ਵੱਖ-ਵੱਖ ਰੈਗੂਲੇਟਰੀ ਪਹਿਲੂਆਂ ਦੀ ਘੋਖ ਕਰਨ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਏ ਐੱਮ ਸਪਰੇ ਦੀ ਅਗਵਾਈ ਵਿਚ ਕਮੇਟੀ ਕਾਇਮ ਕਰਨ ਦਾ ਹੁਕਮ ਦਿੱਤਾ ਹੈ। ਕਮੇਟੀ ਨੂੰ ਦੋ ਮਹੀਨਿਆਂ 'ਚ ਆਪਣੀ ਰਿਪੋਰਟ ਸੌਂਪਣੀ ਹੋਵੇਗੀ। ਸੁਪਰੀਮ ਕੋਰਟ ਨੇ ਇਹ ਵੱਡਾ ਕਦਮ ਵੀਰਵਾਰ ਅਮਰੀਕੀ ਸ਼ਾਰਟ ਸੇਲਰ ਹਿੰਡਨਬਰਗ ਰਿਸਰਚ ਦੀ ਰਿਪੋਰਟ ਤੋਂ ਬਾਅਦ ਅਡਾਨੀ ਸਮੂਹ ਦੀਆਂ ਕੰਪਨੀਆਂ ਦੇ ਸ਼ੇਅਰਾਂ 'ਚ ਹਾਲ ਹੀ 'ਚ ਆਈ ਭਾਰੀ ਗਿਰਾਵਟ ਦੇ ਮੱਦੇਨਜ਼ਰ ਚੁੱਕਿਆ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮਹਾ ਅਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਕਿਹਾ ਕਿ ਕਮੇਟੀ ਮਾਮਲੇ ਦੀ ਸਮੁੱਚੀ ਸਥਿਤੀ ਦਾ ਮੁਲਾਂਕਣ ਕਰੇਗੀ ਅਤੇ ਨਿਵੇਸ਼ਕਾਂ ਨੂੰ ਹਰ ਚੀਜ਼ ਤੋਂ ਜਾਣੂ ਕਰਵਾਉਣ ਲਈ ਉਪਾਅ ਕਰੇਗੀ ਤੇ ਸਟਾਕ ਐਕਸਚੇਂਜ ਦੀ ਮੌਜੂਦਾ ਰੈਗੂਲੇਟਰੀ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਹੱਲ ਸੁਝਾਏਗੀ।

ਸੰਕਟ 'ਚ ਘਿਰੇ ਉਦਯੋਗਪਤੀ ਗੌਤਮ ਅਡਾਨੀ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸੱਚ ਦੀ ਜਿੱਤ ਹੋਵੇਗੀ।

## ਜੇ ਐੱਨ ਯੂ 'ਚ ਧਰਨੇ ਦੇਣ 'ਤੇ ਹੋਵੇਗਾ ਭਾਰੀ ਜੁਰਮਾਨਾ

**ਨਵੀਂ ਦਿੱਲੀ** : ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਦੇ ਨਵੇਂ ਨਿਯਮਾਂ ਅਨੁਸਾਰ ਕੈਂਪਸ ਵਿਚ ਧਰਨਾ ਦੇਣ 'ਤੇ ਵਿਦਿਆਰਥੀਆਂ ਨੂੰ 20,000 ਰੁਪਏ ਤੱਕ ਦਾ ਜੁਰਮਾਨਾ ਅਤੇ ਉਨ੍ਹਾਂ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਹਿੰਸਾ ਲਈ 30,000 ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਨਵੇਂ ਨਿਯਮਾਂ ਮੁਤਾਬਕ ਕਿਸੇ ਵਿਦਿਆਰਥੀ, ਸਟਾਫ ਜਾਂ ਫੈਕਲਟੀ ਮੈਂਬਰ ਨਾਲ ਸਰੀਰਕ ਹਿੰਸਾ, ਦੁਰਵਿਵਹਾਰ ਅਤੇ ਕੁੱਟਮਾਰ ਕਰਨ 'ਤੇ 50,000 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਨਵੇਂ ਨਿਯਮਾਂ ਨੂੰ ਲੈ ਕੇ ਯੂਨੀਵਰਸਿਟੀ ਦੀ ਆਲੋਚਨਾ ਕੀਤੀ ਹੈ ਤੇ ਇਨ੍ਹਾਂ ਨੂੰ ਕਾਲੇ ਨਿਯਮ ਕਰਾਰ ਦਿੱਤਾ ਹੈ।

## ਜ਼ਰਗਰ ਦਾ ਘਰ ਕੁਰਕ

**ਸ੍ਰੀਨਗਰ** : ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਸ੍ਰੀਨਗਰ ਦੇ ਨੌਹੱਟਾ ਇਲਾਕੇ 'ਚ ਭਗੌੜੇ ਦਹਿਸ਼ਤਗਰਦ ਮੁਸ਼ਤਾਕ ਅਹਿਮਦ ਜ਼ਰਗਰ ਉਰਫ ਲਟਰਮ ਦੇ ਘਰ ਨੂੰ ਕੁਰਕ ਕਰ ਲਿਆ ਹੈ। ਉਸ ਨੂੰ 1999 'ਚ ਅਫਗਾਨਿਸਤਾਨ ਦੇ ਕੰਧਾਰ 'ਚ ਅਗਵਾ ਕੀਤੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਦੇ ਯਾਤਰੀਆਂ ਦੇ ਬਦਲੇ ਦੋ ਹੋਰ ਦਹਿਸ਼ਤਗਰਦਾਂ ਦੇ ਨਾਲ ਰਿਹਾਅ ਕੀਤਾ ਗਿਆ ਸੀ। ਪੁਲਸ ਮੁਲਾਜ਼ਮਾਂ ਨੇ ਉਸ ਦੇ ਘਰ 'ਤੇ ਕੁਰਕੀ ਦਾ ਨੋਟਿਸ ਚਿਪਕਾਇਆ ਹੋਇਆ ਹੈ। ਉਹ ਇਸ ਵੇਲੇ ਪਾਕਿਸਤਾਨ 'ਚ ਰਹਿ ਰਿਹਾ ਹੈ।

## ਆਤਿਸ਼ੀ ਤੇ ਭਾਰਦਵਾਜ ਉਪ ਰਾਜਪਾਲ ਨੂੰ ਮਨਜ਼ੂਰ

**ਨਵੀਂ ਦਿੱਲੀ** : ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਕੈਬਨਿਟ 'ਚ ਮੰਤਰੀਆਂ ਵਜੋਂ ਨਿਯੁਕਤੀ ਲਈ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਆਤਿਸ਼ੀ ਮਾਰਲੇਨਾ ਅਤੇ ਸੌਰਭ ਭਾਰਦਵਾਜ ਦੇ ਨਾਵਾਂ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਸਿਫਾਰਸ਼ ਕੀਤੀ ਹੈ। ਦੋਵਾਂ ਦੀ ਨਿਯੁਕਤੀ ਉਦੋਂ ਹੀ ਸੰਭਵ ਹੋਵੇਗੀ, ਜਦੋਂ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਦੇ ਅਸਤੀਫੇ ਰਾਸ਼ਟਰਪਤੀ ਵੱਲੋਂ ਪ੍ਰਵਾਨ ਕਰ ਲਏ ਜਾਣਗੇ।

## ਕਾਰ ਖੱਡ 'ਚ ਡਿੱਗਣ ਨਾਲ ਪੰਜਾਬ ਦੇ ਦੋ ਨੌਜਵਾਨ ਜ਼ਿੰਦਾ ਸੜੇ

**ਮੰਡੀ** : ਹਿਮਾਚਲ ਦੇ ਮੰਡੀ 'ਚ ਕਾਰ ਖੱਡ 'ਚ ਡਿੱਗਣ ਕਾਰਨ ਉਸ ਨੂੰ ਅੱਗ ਲੱਗ ਗਈ ਤੇ ਦੋ ਨੌਜਵਾਨ ਜ਼ਿੰਦਾ ਸੜ ਗਏ, ਜਦਕਿ ਇੱਕ ਗੰਭੀਰ ਜ਼ਖਮੀ ਹੋ ਗਿਆ। ਹਾਦਸਾ ਬੁੱਧਵਾਰ ਦੇਰ ਰਾਤ ਜੋਗਿੰਦਰ ਨਗਰ-ਨੌਹਾਲੀ ਲਿੰਕ ਰੋਡ 'ਤੇ ਹੋਇਆ। ਕਾਰ ਸਵਾਰ ਆਪਣੇ ਘਰ ਪਰਤ ਰਹੇ ਸਨ। ਮਰਨ ਵਾਲਿਆਂ ਦੀ ਪਛਾਣ ਪੰਜਾਬ ਵਾਸੀ ਭੁਵਨ ਤੇ ਸੁਨੀਲ ਵਜੋਂ ਹੋਈ ਹੈ ਤੇ ਦੋਵਾਂ ਦੀ ਉਮਰ 28 ਸਾਲ ਸੀ। ਜ਼ਖਮੀ ਦੀ ਪਛਾਣ 27 ਸਾਲਾ ਪਦਮ ਸਿੰਘ ਵਜੋਂ ਹੋਈ ਹੈ।

## ਸਰਹੱਦੀ ਸੁਰੱਖਿਆ ਲਈ ਕੇਂਦਰੀ ਤੇ ਰਾਜ ਏਜੰਸੀਆਂ ਵਿਚਾਲੇ ਤਾਲਮੇਲ 'ਤੇ ਜ਼ੋਰ



**ਨਵੀਂ ਦਿੱਲੀ** : ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਇੱਥੇ ਕੇਂਦਰੀ ਗ੍ਰਹਿ ਮੰਤਰੀ ਨਾਲ 40 ਮਿੰਟ ਦੀ ਗੱਲਬਾਤ ਵਿਚ ਪਾਕਿਸਤਾਨ ਤੋਂ ਆਉਣ ਵਾਲੇ ਡਰੋਨਾਂ ਤੇ ਡਰੱਗ ਸਮਗਲਿੰਗ ਬਾਰੇ ਚਰਚਾ ਕੀਤੀ। ਨਾਲ ਹੀ ਸਰਹੱਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਕੇਂਦਰੀ ਤੇ ਰਾਜ ਏਜੰਸੀਆਂ ਵਿਚਾਲੇ ਬਿਹਤਰ ਤਾਲਮੇਲ ਕਾਇਮ ਕਰਨ 'ਤੇ ਜ਼ੋਰ ਦਿੱਤਾ। ਮਾਨ ਨੇ ਪਾਕਿਸਤਾਨ ਵੱਲੋਂ ਡਰੱਗ ਮਾਫੀਆਂ ਨੂੰ ਸਰਪ੍ਰਸਤੀ ਦੇਣ ਦੀ ਗੱਲ ਕਹੀ। ਮਾਨ ਨੇ ਅਮਨ-ਕਾਨੂੰਨ ਦੇ ਮਾਮਲੇ ਵਿਚ ਕੇਂਦਰ ਤੇ ਪੰਜਾਬ ਸਰਕਾਰ ਵਿਚਾਲੇ ਤਾਲਮੇਲ 'ਤੇ ਚਰਚਾ ਕੀਤੀ। ਉਨ੍ਹਾ ਬੀਤੇ ਦਿਨੀਂ ਫੜੇ ਗੈਂਗਸਟਰਾਂ ਬਾਰੇ ਵੀ ਚਰਚਾ ਕੀਤੀ। ਉਨ੍ਹਾ ਚੰਡੀਗੜ੍ਹ ਵਿਚ ਪੰਜਾਬ ਕੈਡਰ ਦੇ ਆਈ ਪੀ ਐੱਸ ਨੂੰ ਐੱਸ ਐੱਸ ਪੀ ਲਾਉਣ ਲਈ ਕਿਹਾ। ਸਰਹੱਦ 'ਤੇ ਕੰਡਿਆਲੀ ਤਾਰ ਕੋਲ ਖੇਤੀ ਕਰਨ ਵਿਚ ਕਿਸਾਨਾਂ ਨੂੰ ਆ ਰਹੀ ਮੁਸ਼ਕਲ ਬਾਰੇ ਵੀ ਚਰਚਾ ਕੀਤੀ। ਉਨ੍ਹਾ ਪੰਜਾਬ ਨੂੰ ਲੰਬੇ ਸਮੇਂ ਤੋਂ ਨਹੀਂ ਮਿਲ ਰਹੇ ਪੇਂਡੂ ਵਿਕਾਸ ਫੰਡ ਨੂੰ ਜਾਰੀ ਕਰਨ ਦੀ ਮੰਗ ਕੀਤੀ।

## ਉੱਘੇ ਸਾਹਿਤਕਾਰ ਜਨਕ ਰਾਜ ਜਨਕ ਦੇ ਪਰਿਵਾਰ ਉੱਪਰ ਵਾਪਰਿਆ ਕਹਿਰ

**ਤਲਵੰਡੀ ਸਾਬੋ (ਜਗਦੀਪ ਗਿੱਲ)**



ਦਰਜਨਾਂ ਪੁਸਤਕਾਂ ਦੇ ਰਚੇਤਾ ਅਤੇ ਪੰਜਾਬ ਦੇ ਉੱਘੇ ਸਾਹਿਤਕਾਰ ਜਨਕ ਰਾਜ ਜਨਕ ਹੁਰਾਂ ਦੇ ਪੂਰੇ ਪਰਿਵਾਰ ਉਪਰ ਸਾੜ੍ਹਸਤੀ ਬਣ ਕੇ ਵਾਪਰੀ ਬੁੱਧਵਾਰ ਰਾਤ ਦੀ ਘਟਨਾ ਨੇ ਗੁਰੂ ਦੀ ਚਰਨਛੋਹ ਪ੍ਰਾਪਤ ਇਸ ਇਤਿਹਾਸਕ ਸ਼ਹਿਰ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ।

ਅੱਧੀ ਰਾਤ ਤੋਂ ਬਾਅਦ ਉਸ ਵਕਤ ਜਦੋਂ ਬਾਕੀ ਸਾਰਾ ਸ਼ਹਿਰ ਸੁੱਤਾ ਪਿਆ ਸੀ, ਕਾਲੇ ਰੰਗ ਦੀ ਇਕ ਕਾਰ ਨੰਬਰ ਡੀ ਐੱਲ 2 ਸੀ ਕਿਊ 5068 ਵਿੱਚ ਸਵਾਰ ਹੋ ਕੇ ਆਏ ਕੁਝ ਲੋਕਾਂ ਨੇ ਜਨਕ ਰਾਜ ਜਨਕ ਦੇ ਸਕੇ ਭਰਾ ਅੰਮ੍ਰਿਤਪਾਲ ਦੇ ਘਰ ਵਿੱਚ ਦਾਖਲ ਹੋ ਕੇ ਉਸ ਦੇ ਪੂਰੇ ਪਰਵਾਰ ਉੱਪਰ ਮਾਰੂ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਵਹਿਸ਼ੀ ਹਮਲੇ ਵਿੱਚ ਜਨਕ ਰਾਜ ਦੇ ਦੋ ਭਰਾ ਅਤੇ ਉਨ੍ਹਾਂ ਦੇ ਪਰਵਾਰ ਦੇ ਕੁਝ ਹੋਰ ਮੈਂਬਰ ਗੰਭੀਰ ਰੂਪ ਵਿੱਚ ਫੱਟੜ ਹੋ ਗਏ, ਜਿਨ੍ਹਾਂ ਨੂੰ ਪਹਿਲਾਂ ਸਿਵਲ ਹਸਪਤਾਲ ਤਲਵੰਡੀ ਸਾਬੋ ਵਿਖੇ ਦਾਖਲ ਕਰਵਾਇਆ ਗਿਆ।

ਉੱਥੋਂ ਡਾਕਟਰਾਂ ਵੱਲੋਂ ਜ਼ਖਮੀਆਂ ਨੂੰ ਬਠਿੰਡਾ ਵਿਖੇ ਰੈਫਰ ਕਰ ਦਿੱਤਾ ਗਿਆ। ਇਹ ਵੀ ਖਬਰ ਹੈ ਕਿ ਇੱਕ ਗੰਭੀਰ ਜ਼ਖਮੀ ਵਿਅਕਤੀ, ਜਿਸ ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਹਨ, ਨੂੰ ਬਠਿੰਡਾ ਤੋਂ ਲੁਧਿਆਣਾ ਭੇਜਿਆ ਗਿਆ ਹੈ।

ਚਸ਼ਮਦੀਦਾਂ ਵੱਲੋਂ ਕੀਤੇ ਗਏ ਖੁਲਾਸਿਆਂ ਨੂੰ ਜੇਕਰ ਸੱਚ ਮੰਨਿਆ ਜਾਵੇ ਤਾਂ ਸਥਾਨਕ ਪੁਲਸ ਦੀ ਇਕ ਟੁਕੜੀ ਜਿਹੜੀ ਵਾਰਦਾਤ ਦੇ ਵਕਤ ਮੌਕੇ ਉਪਰ ਪੁੱਜ ਗਈ ਸੀ, ਵੱਲੋਂ ਵੀ ਜੇਕਰ ਆਪਣਾ ਫਰਜ਼ ਪਛਾਨਣ ਦੀ ਜ਼ਹਿਮਤ ਉਠਾ ਲਈ ਜਾਂਦੀ ਤਾਂ ਸ਼ਾਇਦ ਉਥੇ ਵਹਿਣ ਵਾਲੇ ਮਨੁੱਖੀ ਖ਼ੂਨ ਨੂੰ ਵਕਤ ਸਿਰ ਰੋਕਿਆ ਜਾ ਸਕਦਾ ਸੀ। ਸ਼ਾਇਦ ਇਹੋ ਕਾਰਨ ਹੋਵੇਗਾ ਕਿ ਪੁਲਸ ਵੱਲੋਂ ਪੀੜਤਾਂ ਵਿੱਚੋਂ

ਬਾਕੀ ਸਫ਼ਾ 10 'ਤੇ

## ਸ਼ਾਹਰੁਖ ਦੀ ਪਤਨੀ ਖਿਲਾਫ ਕੇਸ



**ਲਖਨਊ** : ਇੱਥੇ ਬਾਲੀਵੁੱਡ ਅਭਿਨੇਤਾ ਸ਼ਾਹਰੁਖ ਖਾਨ ਦੀ ਪਤਨੀ ਗੌਰੀ ਖਾਨ ਤੇ ਤੁਲਸੀਆਨੀ ਗਰੁੱਪ ਦੇ ਚੀਫ ਮੈਨੇਜਿੰਗ ਡਾਇਰੈਕਟਰ ਸਮੇਤ ਦੋ ਅਧਿਕਾਰੀਆਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਗੌਰੀ ਤੁਲਸਿਆਨੀ ਗਰੁੱਪ ਦੀ ਬ੍ਰਾਂਡ ਅੰਬੈਸਡਰ ਹੈ ਲਖਨਊ ਦੇ ਸੁਸ਼ਾਂਤ ਗੋਲਫ ਸਿਟੀ ਥਾਣੇ 'ਚ 25 ਫਰਵਰੀ ਨੂੰ ਗੌਰੀ ਦੇ ਨਾਲ-ਨਾਲ ਨਿਰਮਾਣ ਕੰਪਨੀ ਤੁਲਸਿਆਨੀ ਕੰਸਟ੍ਰਕਸ਼ਨ ਐਂਡ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ ਦੇ ਚੀਫ ਮੈਨੇਜਿੰਗ ਡਾਇਰੈਕਟਰ ਅਨਿਲ ਕੁਮਾਰ ਤੁਲਸਿਆਨੀ ਅਤੇ ਡਾਇਰੈਕਟਰ ਮਹੇਸ਼ ਤੁਲਸਿਆਨੀ ਦੇ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ। ਇਹ ਕੇਸ ਮੁੰਬਈ ਦੇ ਕਾਰੋਬਾਰੀ ਕਿਰੀਟ ਜਸਵੰਤ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਜਸਵੰਤ ਦਾ ਇਲਜ਼ਾਮ ਹੈ ਕਿ ਗੌਰੀ ਖਾਨ ਤੁਲਸਿਆਨੀ ਗਰੁੱਪ ਦੀ ਬ੍ਰਾਂਡ ਅੰਬੈਸਡਰ ਹੈ ਅਤੇ ਉਸ ਵੱਲੋਂ ਦਿੱਤੇ ਇਸ਼ਤਿਹਾਰ 'ਤੇ ਵਿਸ਼ਵਾਸ ਕਰਦੇ ਹੋਏ ਉਸ ਨੇ ਸਾਲ 2015 'ਚ ਲਖਨਊ ਵਿੱਚ ਤੁਲਸਿਆਨੀ ਗਰੁੱਪ ਦੇ ਪ੍ਰਾਜੈਕਟ 'ਚ ਫਲੈਟ ਬੁੱਕ ਕਰਵਾਇਆ ਸੀ। ਜਸਵੰਤ ਅਨੁਸਾਰ ਉਸ ਨੇ ਫਲੈਟ ਦੀ ਬੁਕਿੰਗ ਲਈ ਤੁਲਸਿਆਨੀ ਗਰੁੱਪ ਨੂੰ 85 ਲੱਖ 46 ਹਜ਼ਾਰ ਰੁਪਏ ਅਦਾ ਕੀਤੇ ਸਨ, ਫਿਰ ਵੀ ਕੰਪਨੀ ਨੇ ਉਸ ਨੂੰ ਫਲੈਟ ਦਾ ਕਬਜ਼ਾ ਨਹੀਂ ਦਿੱਤਾ।

## ਕੈਨੇਡਾ ਤੋਂ ਅਮਰੀਕਾ ਜਾਂਦੇ ਦੋ ਭਾਰਤੀਆਂ ਸਣੇ ਪੰਜ ਫੜੇ

**ਨਿਊਯਾਰਕ** : ਅਮਰੀਕਾ ਦੇ ਸਰਹੱਦੀ ਅਧਿਕਾਰੀਆਂ ਨੇ ਦੋ ਭਾਰਤੀ ਨਾਗਰਿਕਾਂ ਸਮੇਤ ਪੰਜ ਵਿਅਕਤੀਆਂ ਨੂੰ ਕੈਨੇਡਾ ਤੋਂ ਗੈਰ-ਕਾਨੂੰਨੀ ਢੰਗ ਨਾਲ ਕਿਸ਼ਤੀ ਵਿਚ ਅਮਰੀਕਾ 'ਚ ਦਾਖਲ ਹੋਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਪੰਜ ਵਿਦੇਸ਼ੀ ਨਾਗਰਿਕਾਂ ਨੂੰ ਮਿਸ਼ੀਗਨ ਸੂਬੇ ਦੇ ਅਲਗੋਨੇਕ ਨੇੜੇ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੇ 20 ਫਰਵਰੀ ਨੂੰ ਸੇਂਟ ਕਲੇਅਰ ਨਦੀ 'ਤੇ ਕਿਸ਼ਤੀ ਨੂੰ ਅੰਤਰਰਾਸ਼ਟਰੀ ਸਰਹੱਦ ਪਾਰ ਕਰਦੇ ਦੇਖਿਆ, ਜਿਸ ਵਿਚ ਦੋ ਪਰਵਾਸੀ ਕੰਬ ਰਹੇ ਸਨ ਤੇ ਭਿੱਜੇ ਹੋਏ ਸਨ। ਉਨ੍ਹਾਂ ਦੱਸਿਆ ਕਿ ਉਹ ਕਿਸ਼ਤੀ ਤੋਂ ਡਿੱਗ ਪਏ ਸਨ। ਪਰਵਾਸੀਆਂ 'ਚ ਦੋ ਭਾਰਤੀ, ਇਕ ਨਾਇਜੀਰੀਆਈ, ਇਕ ਮੈਕਸੀਕਨ ਤੇ ਇਕ ਡੋਮਿਨਿਕ ਰਿਪਬਲਿਕ ਦਾ ਹੈ।

## ਸੁਸ਼ਮਿਤਾ ਦੇ ਸਟੈਂਟ ਪਿਆ



**ਮੁੰਬਈ** : ਬਾਲੀਵੁੱਡ ਅਦਾਕਾਰ ਸੁਸ਼ਮਿਤਾ ਸੇਨ (47) ਨੇ ਵੀਰਵਾਰ ਦੱਸਿਆ ਕਿ ਉਸ ਨੂੰ ਕੁਝ ਦਿਨ ਪਹਿਲਾਂ ਦਿਲ ਦਾ ਦੌਰਾ ਪਿਆ ਅਤੇ ਉਸ ਦੀ ਐਂਜੀਓਪਲਾਸਟੀ ਹੋਈ ਹੈ। ਇੰਸਟਾਗ੍ਰਾਮ ਪੋਸਟ 'ਚ ਅਦਾਕਾਰਾ ਨੇ ਕਿਹਾ ਕਿ ਸਰਜਰੀ ਦੇ ਦੌਰਾਨ ਕਾਰਡੀਓਲੋਜਿਸਟ ਨੇ ਉਸ ਦੇ ਦਿਲ 'ਚ ਸਟੈਂਟ ਪਾਇਆ ਹੈ।

## ਸ਼ਰਾਬ ਕਾਰੋਬਾਰੀ ਅਮਨਦੀਪ ਢੱਲ ਗ੍ਰਿਫਤਾਰ

**ਨਵੀਂ ਦਿੱਲੀ** : ਈ ਡੀ ਨੇ ਦਿੱਲੀ ਆਬਕਾਰੀ ਨੀਤੀ ਨਾਲ ਸੰਬੰਧਤ ਮਨੀ ਲਾਂਡਰਿੰਗ ਜਾਂਚ ਦੇ ਸੰਬੰਧ ਵਿਚ ਸ਼ਰਾਬ ਕਾਰੋਬਾਰੀ ਅਤੇ ਬ੍ਰਿੰਡਕੋ ਸੇਲਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਅਮਨਦੀਪ ਢੱਲ ਨੂੰ ਗ੍ਰਿਫਤਾਰ ਕੀਤਾ ਹੈ।

ਐੱਫ ਆਈ ਆਰ ਅਨੁਸਾਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵਿਜੈ ਨਾਇਰ, ਮਨੋਜ ਰਾਏ, ਅਮਨਦੀਪ ਢੱਲ ਅਤੇ ਸਮੀਰ ਮਹਿੰਦਰੂ ਸਾਲ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਬਣਾਉਣ ਤੇ ਲਾਗੂ ਕਰਨ 'ਚ ਸਰਗਰਮੀ ਨਾਲ ਸ਼ਾਮਲ ਸਨ।

## ਹਾਥਰਸ ਕਾਂਡ 'ਚ ਸੀ ਬੀ ਆਈ ਗੈਂਗਰੇਪ ਸਾਬਤ ਨਹੀਂ ਕਰ ਸਕੀ

**ਹਾਥਰਸ** : ਯੂ ਪੀ ਦੇ ਜ਼ਿਲ੍ਹਾ ਹਾਥਰਸ ਦੇ ਚੰਦਪਾ ਇਲਾਕੇ ਵਿਚ 14 ਸਤੰਬਰ 2020 ਨੂੰ ਦਲਿਤ ਕੁੜੀ ਨਾਲ ਬਲਾਤਕਾਰ ਤੋਂ ਬਾਅਦ ਉਸਦੀ ਹੱਤਿਆ ਦੇ ਮਾਮਲੇ ਵਿਚ ਐੱਸ ਸੀ/ਐੱਸ ਟੀ ਕੋਰਟ ਨੇ ਪਿੰਡ ਦੇ ਚੌਹਾਂ ਮੁੰਡਿਆਂ ਨੂੰ ਵੀਰਵਾਰ ਬਲਾਤਕਾਰ ਦੇ ਦੋਸ਼ ਤੋਂ ਬਰੀ ਕਰ ਦਿੱਤਾ। ਸੰਦੀਪ ਨੂੰ ਧਾਰਾ 304 ਤਹਿਤ ਗੈਰ-ਇਰਾਦਤਨ ਹੱਤਿਆ ਦਾ ਦੋਸ਼ੀ ਮੰਨ ਕੇ ਉਮਰ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਲਵਕੁਸ਼ ਸਿੰਘ, ਰਾਮੂ ਸਿੰਘ ਤੇ ਰਵੀ ਸਿੰਘ ਸਾਫ ਬਰੀ ਹੋ ਗਏ।

ਇਸ ਮਾਮਲੇ ਦੀ ਦੇਸ਼ ਵਿਚ ਬਹੁਤ ਚਰਚਾ ਹੋਈ ਸੀ। ਯੂ ਪੀ ਸਰਕਾਰ ਦੀ ਸਿਫਾਰਸ਼ 'ਤੇ ਸੀ ਬੀ ਆਈ ਨੇ ਜਾਂਚ ਕੀਤੀ ਸੀ ਤੇ ਦੋ ਹਜ਼ਾਰ ਸਫਿਆਂ ਦੀ ਚਾਰਜਸ਼ੀਟ ਵਿਚ ਗੈਂਗਰੇਪ ਦਾ ਦੋਸ਼ ਸ਼ਾਮਲ ਕੀਤਾ ਸੀ। ਦਿੱਲੀ ਦਾ ਨਿਰਭਿਆ ਕੇਸ ਲੜਨ ਦੇ ਬਾਅਦ ਚਰਚਾ ਵਿਚ ਆਈ ਸੀਮਾ ਕੁਸ਼ਵਾਹ ਨੇ ਪੀੜਤਾਂ ਦੀ ਪੈਰਵੀ ਕੀਤੀ। ਉਸਨੇ ਕਿਹਾ ਕਿ ਮਾਮਲੇ ਨੂੰ ਸ਼ੁਰੂ ਤੋਂ ਸਿਆਸੀ ਨਜ਼ਰੀਏ ਨਾਲ ਦੇਖਿਆ ਗਿਆ ਤੇ ਉਹ ਸੁਪਰੀਮ ਕੋਰਟ ਤਕ ਲੜੇਗੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਹੋਲੇ ਮਹੱਲੇ ਨੂੰ ਸਮਰਪਿਤ **ਅਨੰਦਪੁਰ ਸਾਹਿਬ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਅਰਵਿੰਦਰ ਬਿੰਦੀ** ਨਾਲ ਮੋਬਾਇਲ ਨੰਬਰ 98727-68567 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਜਨਰਲ ਮੈਨੇਜਰ**

## ਰਜਿਸਟਰੀਆਂ ਤੋਂ ਚੋਖੀ ਆਮਦਨ : ਜਿੰਪਾ

**ਚੰਡੀਗੜ੍ਹ** : ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਫਰਵਰੀ ਮਹੀਨੇ 'ਚ ਪਿਛਲੇ ਸਾਲ ਦੇ ਫਰਵਰੀ ਦੇ ਮੁਕਾਬਲੇ 40 ਫੀਸਦੀ ਜ਼ਿਆਦਾ ਆਮਦਨ ਦਰਜ ਕੀਤੀ ਗਈ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਇਕ ਫਰਵਰੀ ਤੋਂ 28 ਫਰਵਰੀ 2023 ਤੱਕ 338 ਕਰੋੜ 99 ਲੱਖ ਰੁਪਏ ਦੀ ਆਮਦਨ ਆਈ ਹੈ। 2022 ਦੇ ਫਰਵਰੀ ਮਹੀਨੇ ਵਿਚ ਇਹ ਆਮਦਨ 241 ਕਰੋੜ 62 ਲੱਖ ਰੁਪਏ ਸੀ। ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਪਿਛਲੇ ਸਾਲ ਦੇ ਮੁਕਾਬਲੇ 19 ਫੀਸਦੀ ਵੱਧ ਆਮਦਨ ਦਰਜ ਕੀਤੀ ਗਈ ਹੈ। ਇਨ੍ਹਾਂ ਮਹੀਨਿਆਂ ਦੌਰਾਨ ਪਿਛਲੇ ਸਾਲ 2929.74 ਕਰੋੜ ਰੁਪਏ ਦੀ ਆਮਦਨ ਹੋਈ ਸੀ ਜਦਕਿ ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਇਹੀ ਆਮਦਨ 3499.94 ਕਰੋੜ ਰਹੀ ਹੈ।

## ਸ਼ਹੀਦ ਕਿਸਾਨਾਂ ਦੇ ਚਾਰ ਪਰਵਾਰਕ ਮੈਂਬਰਾਂ ਨੂੰ ਨਿਯੁਕਤੀ ਪੱਤਰ



**ਚੰਡੀਗੜ੍ਹ** : ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਸਾਨੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ 4 ਪਰਿਵਾਰਕ ਮੈਂਬਰਾਂ ਨੂੰ ਨਿਯੁਕਤੀ ਪੱਤਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਨੇ ਜੋ ਵੀ ਵਾਅਦੇ ਅਤੇ ਗਾਰੰਟੀਆਂ ਪੰਜਾਬ ਵਾਸੀਆਂ ਨਾਲ ਕੀਤੀਆਂ ਹਨ, ਉਨ੍ਹਾਂ ਨੂੰ ਹਰ ਹਾਲ ਵਿਚ ਪੂਰਾ ਕੀਤੇ ਜਾਣ ਲਈ ਸਾਰਥਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਹੜੇ 4 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ, ਉਨ੍ਹਾਂ ਦੇ ਨਾਂ ਜਸਕਰਨ ਸਿੰਘ ਪੁੱਤਰ ਕੁਲਵੰਤ ਸਿੰਘ ਪਿੰਡ ਅੰਨੀਆ, ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਅਮਨਦੀਪ ਕੌਰ ਪੁੱਤਰੀ ਜਗਤਾਰ ਸਿੰਘ ਪਿੰਡ ਧਲੇਵਾਂ ਜ਼ਿਲ੍ਹਾ ਮਾਨਸਾ, ਛਿੰਦਰਪਾਲ ਕੌਰ ਪੁੱਤਰੀ ਗੁਰਮੇਲ ਸਿੰਘ ਪਿੰਡ ਜਟਾਣਾ ਕਲਾਂ, ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਅਤੇ ਇਕਬਾਲ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਬੱਲੂਆਣਾ ਜ਼ਿਲ੍ਹਾ ਬਠਿੰਡਾ ਸ਼ਾਮਲ ਹਨ। ਇਨ੍ਹਾਂ ਉਮੀਦਵਾਰਾਂ ਨੂੰ ਗਰੁੱਪ ਸੀ ਵਿਚ ਕਲਰਕ ਦੀ ਨੌਕਰੀ ਦਿੱਤੀ ਗਈ ਹੈ। ਨਿਯੁਕਤੀ ਪੱਤਰਾਂ ਦੀ ਵੰਡ ਮੌਕੇ ਖੇਤੀਬਾੜੀ ਵਿਭਾਗ ਦੇ ਪ੍ਰਮੁੱਖ ਸਕੱਤਰ ਸੁਮੇਰ ਸਿੰਘ ਗੁਰਜਰ ਵੀ ਹਾਜ਼ਰ ਸਨ।

ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਕਿਸਾਨੀ ਸੰਘਰਸ਼ ਦੌਰਾਨ ਪੰਜਾਬ ਦੇ ਜਿਹੜੇ ਵੀ ਕਿਸਾਨ ਸ਼ਹੀਦ ਹੋਏ ਸਨ, ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਨਾ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਆਪਣੀ ਇਹ ਜ਼ਿੰਮੇਵਾਰੀ ਪੰਜਾਬ ਸਰਕਾਰ ਬਾਖੂਬੀ ਨਿਭਾਅ ਰਹੀ ਹੈ। ਉਨ੍ਹਾ ਭਰੋਸਾ ਦਿੱਤਾ ਕਿ ਪੰਜਾਬ ਦੀ ਕਿਸਾਨੀ ਨੂੰ ਜ਼ਿਆਦਾ ਲਾਹੇਵੰਦ ਬਣਾਉਣ ਲਈ ਅਤੇ ਕਿਸਾਨਾਂ ਨੂੰ ਆਰਥਿਕ ਪੱਖੋਂ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਪੂਰੀ ਗੰਭੀਰਤਾ ਨਾਲ ਯਤਨਸ਼ੀਲ ਹੈ।

## ਭਾਰਤ ਵੱਲੋਂ ਅਜੈਪਾਲ ਬੰਗਾ ਦੀ ਨਿਯੁਕਤੀ ਦੀ ਹਮਾਇਤ



**ਨਵੀਂ ਦਿੱਲੀ** : ਭਾਰਤ ਨੇ ਵਿਸ਼ਵ ਬੈਂਕ ਦੇ ਪ੍ਰਧਾਨ ਦੇ ਅਹੁਦੇ ਲਈ ਭਾਰਤੀ-ਅਮਰੀਕੀ ਅਜੈਪਾਲ ਸਿੰਘ ਬੰਗਾ ਦੀ ਨਾਮਜ਼ਦਗੀ ਨੂੰ ਆਪਣਾ ਸਮਰਥਨ ਦਿੱਤਾ ਹੈ।

ਭਾਰਤ ਨੇ ਕਿਹਾ ਕਿ ਉਨ੍ਹਾ ਦੀ ਨਾਮਜ਼ਦਗੀ ਅਜਿਹੇ ਸਮੇਂ 'ਚ ਹੋ ਰਹੀ ਹੈ, ਜਦੋਂ ਸੰਸਥਾ ਅਗਲੀ ਪੀੜ੍ਹੀ ਦੇ ਸੁਧਾਰਾਂ 'ਤੇ ਵਿਚਾਰ ਕਰ ਰਹੀ ਹੈ।

## ਅੱਜ-ਨਾਮਾ

ਸਿਖਰਲੀ ਕੋਰਟ ਹੈ ਦੇਸ਼ ਦੀ ਬੜਾ ਕਹਿੰਦੀ,
ਆਹ ਨਹੀਂ ਕਰੋ ਤੇ ਕਰੋ ਬਈ ਆਹ ਬੇਲੀ।
ਲੋਕਤੰਤਰ ਦਾ ਚਿਹਰਾ ਨਹੀਂ ਵਿਗੜ ਜਾਵੇ,
ਦਿਉ ਨਾ ਮੁਲਕ ਹੀ ਲੀਹਾਂ ਤੋਂ ਲਾਹ ਬੇਲੀ।
ਲਹਿ ਗਿਆ ਮੁਲਕ ਇਕੇਰਾਂ ਜੇ ਲੀਹ ਉੱਤੋਂ,
ਲੱਭਣਾ ਮੁੜਨ ਲਈ ਫੇਰ ਨਹੀਂ ਰਾਹ ਬੇਲੀ।
ਇੱਕ ਵਾਰ ਉੱਡਦੀ ਪਤੰਗ ਜਾਂ ਗਈ ਕੱਟੀ,
ਸਮਝ ਲਉ ਹੋਣੀ ਆ ਜਾਂਦੀਏ ਜਾਹ ਬੇਲੀ।
ਪੜ੍ਹਦੇ-ਸੁਣਦੇ ਤਾਂ ਲੀਡਰ ਨੇ ਠੀਕ ਕਹਿੰਦੇ,
ਲਾਉਂਦੇ ਉਲਟ ਨੇ ਅਮਲ ਦੇ ਗੇਅਰ ਬੇਲੀ।
ਆਪਣੇ ਹਿੱਤਾਂ ਲਈ ਫਿਕਰ ਹੈ ਸਾਰਿਆਂ ਨੂੰ,
ਕਰਦਾ ਮੁਲਕ ਲਈ ਕੋਈ ਨਾ ਕੇਅਰ ਬੇਲੀ।

-ਤੀਸ ਮਾਰ ਖਾਂ

## ਨਵੀਂ ਖੇਡ ਨੀਤੀ ਹੇਠਲੇ ਪੱਧਰ 'ਤੋਂ ਚੰਗੇ ਖਿਡਾਰੀ ਪੈਦਾ ਕਰਨ 'ਤੇ ਕੇਂਦਰਤ ਹੋਵੇਗੀ



**ਚੰਡੀਗੜ੍ਹ** : ਪੰਜਾਬ ਨੂੰ ਖੇਡਾਂ 'ਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਬਣਾਈ ਜਾ ਰਹੀ ਨਵੀਂ ਖੇਡ ਨੀਤੀ ਹੇਠਲੇ ਪੱਧਰ ਉਤੇ ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ, ਕੌਮੀ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਦਾ ਮਾਣ-ਸਨਮਾਨ, ਖਿਡਾਰੀਆਂ ਨੂੰ ਨੌਕਰੀਆਂ, ਕੋਚਾਂ ਨੂੰ ਐਵਾਰਡ ਦੇਣ ਅਤੇ ਕਾਲਜਾਂ-ਯੂਨੀਵਰਸਿਟੀਆਂ ਦੇ ਖਿਡਾਰੀਆਂ ਨੂੰ ਮੁਕਾਬਲੇ ਦਾ ਹਾਣੀ ਬਣਾਉਣ ਉਤੇ ਕੇਂਦਰਤ ਹੋਵੇਗੀ। ਇਹ ਜਾਣਕਾਰੀ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨਵੀਂ ਖੇਡ ਨੀਤੀ ਲਈ ਬਣਾਈ ਮਾਹਿਰਾਂ ਦੀ ਕਮੇਟੀ ਨਾਲ ਖਰੜੇ ਉਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਦਿੱਤੀ। ਮੀਤ ਹੇਅਰ ਨੇ ਕਿਹਾ ਕਿ ਖੇਡ ਨੀਤੀ 'ਚ ਇਸ ਗੱਲ ਉਤੇ ਜ਼ੋਰ ਦਿੱਤਾ ਜਾਵੇਗਾ ਕਿ ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਦੀ ਤਿਆਰੀ ਕਰਵਾਉਣ ਉਤੇ ਧਿਆਨ ਕੇਂਦਰਤ ਕੀਤਾ ਜਾਵੇ। ਹਾਲ ਹੀ 'ਚ ਉਲੰਪਿਕਸ ਦੀ ਤਿਆਰੀ ਲਈ ਐਥਲੀਟ ਅਕਸ਼ਦੀਪ ਸਿੰਘ ਨੂੰ 5 ਲੱਖ ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਖਿਡਾਰੀ ਮੁਕਾਬਲੇ ਲਈ ਤਿਆਰ ਕਰਨਾ ਵੱਡੀ ਗੱਲ ਹੈ, ਤਮਗ਼ਾ ਜਿੱਤਣ ਤੋਂ ਬਾਅਦ ਤਾਂ ਹਰ ਕੋਈ ਇਨਾਮ, ਮਾਣ-ਸਨਮਾਨ ਦੇ ਦਿੰਦਾ ਹੈ ਪਰ ਲੋੜ ਹੈ ਮੁਕਾਬਲੇ ਤੋਂ ਪਹਿਲਾਂ ਤਿਆਰੀ ਲਈ ਮਦਦ ਕਰਨ ਦੀ। ਮੀਟਿੰਗ 'ਚ ਕੌਮੀ ਪੱਧਰ ਦੇ ਸੀਨੀਅਰ ਤੇ ਜੂਨੀਅਰ ਮੁਕਾਬਲਿਆਂ ਦੇ ਤਮਗ਼ਾ ਜੇਤੂਆਂ ਨੂੰ ਹਰ ਮਹੀਨੇ ਵਜ਼ੀਫਾ ਦੇਣ ਲਈ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਵਜ਼ੀਫ਼ਾ ਸਕੀਮ ਦਾ ਦਾਇਰਾ ਵਧਾਉਣ ਅਤੇ ਵਜ਼ੀਫ਼ਾ ਰਾਸ਼ੀ ਵਧਾਉਣ 'ਤੇ ਵਿਚਾਰ ਹੋਇਆ। ਖਿਡਾਰੀਆਂ ਨੂੰ ਕੌਮਾਂਤਰੀ ਮੁਕਾਬਲਿਆਂ ਦੇ ਤਮਗ਼ੇ ਅਨੁਸਾਰ ਨੌਕਰੀ ਦੇਣ ਨੂੰ ਤਰਜੀਹ ਦਿੱਤੀ ਜਾਵੇਗੀ। ਖਿਡਾਰੀਆਂ ਨੂੰ ਦਿੱਤੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੀ ਤਰਜ਼ ਉਤੇ ਕੋਚਾਂ ਲਈ ਐਵਾਰਡ ਸ਼ੁਰੂ ਕੀਤਾ ਜਾਵੇਗਾ। ਹੇਠਲੇ ਪੱਧਰ ਉਤੇ ਖਿਡਾਰੀਆਂ ਨੂੰ ਤਿਆਰ ਕਰਨ ਵਾਲੇ ਕੋਚਾਂ ਨੂੰ ਵੀ ਅਣਗੌਲਿਆ ਨਹੀਂ ਕੀਤਾ ਜਾਵੇਗਾ। ਕਾਲਜਾਂ-ਯੂਨੀਵਰਸਿਟੀਆਂ ਵਿੱਚ ਖੇਡ ਮੁਕਾਬਲਿਆਂ ਦਾ ਪੱਧਰ ਉੱਚਾ ਚੁੱਕਣ ਲਈ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਅੰਤਰ ਯੂਨੀਵਰਸਿਟੀ ਖੇਡ ਮੁਕਾਬਲੇ ਕਰਵਾਏ ਜਾਣਗੇ। ਮੀਤ ਹੇਅਰ ਨੇ ਦੱਸਿਆ ਕਿ ਜਲਦ ਹੀ ਨਵੀਂ ਖੇਡ ਨੀਤੀ ਜਾਰੀ ਕੀਤੀ ਜਾਵੇਗੀ। ਮੀਟਿੰਗ ਵਿੱਚ ਖੇਡ ਵਿਭਾਗ ਦੇ ਡਾਇਰੈਕਟਰ ਅਮਿਤ ਤਲਵਾੜ, ਦਰੋਣਾਚਾਰੀਆ ਐਵਾਰਡੀ ਗੁਰਬਖ਼ਸ਼ ਸਿੰਘ ਸੰਧੂ, ਮਹਾਰਾਜਾ ਭੁਪਿੰਦਰ ਸਿੰਘ ਖੇਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੈਫਟੀਨੈਂਟ ਜਨਰਲ (ਰਿਟਾ.) ਜੇ ਐੱਸ ਚੀਮਾ, ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਡਿਪਟੀ ਡਾਇਰੈਕਟਰ ਲਲਿਤ ਲੋਹਾਨੀ, ਡਾਇਰੈਕਟਰ ਉਚੇਰੀ ਸਿੱਖਿਆ ਪਰਮਜੀਤ ਸਿੰਘ, ਡਿਪਟੀ ਡਾਇਰੈਕਟਰ (ਕਾਲਜਿਜ਼) ਡਾ. ਅਸ਼ਵਨੀ ਭੱਲਾ, ਡਿਪਟੀ ਡਾਇਰੈਕਟਰ (ਸਕੂਲਜ਼) ਸੁਨੀਲ ਕੁਮਾਰ ਤੇ ਜ਼ਿਲ੍ਹਾ ਖੇਡ ਅਫਸਰ ਗੁਰਦੀਪ ਕੌਰ ਹਾਜ਼ਰ ਸਨ।

## ਮੀਟਿੰਗ 'ਚ ਲੇਟ ਆਉਣ ਵਾਲੇ 12 ਅਫਸਰਾਂ ਤੇ ਮੁਲਾਜ਼ਮਾਂ ਨੂੰ ਨੋਟਿਸ



**ਚੰਡੀਗੜ੍ਹ** : ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ ਮੀਟਿੰਗ 'ਚ ਦੇਰ ਨਾਲ ਪਹੁੰਚਣ ਵਾਲੇ 12 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਤਿੰਨ ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਹੈ। ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ 'ਚ ਜ਼ਿਲ੍ਹਾ ਟਾਊਨ ਪਲਾਨਰ (ਡੀ ਟੀ ਪੀ) ਸੁਮਨ ਗੁਪਤਾ, ਡੀ ਟੀ ਪੀ ਰਿਤਿਕਾ ਅਰੋੜਾ ਅਤੇ ਡੀ ਟੀ ਪੀ ਹਰਪ੍ਰੀਤ ਸਿੰਘ, ਸਹਾਇਕ ਟਾਊਨ ਪਲਾਨਰ (ਏ ਟੀ ਪੀ) ਗਗਨ ਚੋਪੜਾ, ਏ ਟੀ ਪੀ ਅਮਰਿੰਦਰਜੀਤ ਸਿੰਘ, ਪਲੈਨਿੰਗ ਅਫਸਰ ਪਰਮਜੀਤ ਸਿੰਘ, ਪਲੈਨਿੰਗ ਅਫਸਰ ਭੁਪਿੰਦਰ ਕੌਰ, ਏ ਡੀ ਓ ਕੁਲਦੀਪ ਸਿੰਘ, ਨਿੱਜੀ ਸਕੱਤਰ ਸਤੀਸ਼ ਕੁਮਾਰ, ਸੀਨੀਅਰ ਸਹਾਇਕ ਵੰਦਨਾ ਸ਼ਰਮਾ, ਕਲਰਕ ਕਵੀ ਪ੍ਰਕਾਸ਼ ਅਮੋਲੀ ਤੇ ਸਟੈਨੋ ਗੁਰਪ੍ਰੀਤ ਕੌਰ ਸ਼ਾਮਲ ਹਨ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫਤਰ ਵਿਖੇ ਐੱਨ ਓ ਸੀਜ਼ ਨਾਲ ਸੰਬੰਧਤ ਮਾਮਲੇ 'ਤੇ ਚਰਚਾ ਅਤੇ ਇਨ੍ਹਾਂ ਦੇ ਹੱਲ ਲਈ ਮੀਟਿੰਗ ਬੁਲਾਈ ਸੀ, ਜਿਸ 'ਚ ਇਹ ਅਧਿਕਾਰੀ/ਕਰਮਚਾਰੀ ਸਮੇਂ ਸਿਰ ਨਹੀਂ ਪਹੁੰਚੇ ਸਨ। ਇਸ ਦਾ ਸਖਤ ਨੋਟਿਸ ਲੈਂਦਿਆਂ ਕੈਬਨਿਟ ਮੰਤਰੀ ਨੇ ਮੁੱਖ ਪ੍ਰਸ਼ਾਸਕ ਪੁੱਡਾ ਨੂੰ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ।

ਨਿਰਧਾਰਤ ਸਮੇਂ ਅੰਦਰ ਜਵਾਬ ਨਾ ਦੇਣ ਦੀ ਸੂਰਤ 'ਚ ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਖਿਲਾਫ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

CMYK

3-march-PAGE-4.qxd 3/2/2023 10:50 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 3 ਮਾਰਚ 2023

# ਵੱਡਾ ਚੋਣ ਸੁਧਾਰ

*ਚੋਣ ਕਮਿਸ਼ਨ ਨੂੰ ਮਹਿਜ਼ ਇੱਕ ਕਠਪੁਤਲੀ ਮੰਨਦਿਆਂ ਸੁਪਰੀਮ ਕੋਰਟ ਨੇ ਵੀਰਵਾਰ ਫੈਸਲਾ ਦਿੱਤਾ ਕਿ ਉਸ ਦੀ ਕਮਾਨ ਹੁਣ ਸਰਕਾਰ ਦੇ ਹੱਥਾਂ ਵਿੱਚ ਨਹੀਂ ਹੋਵੇਗੀ। ਅੱਗੇ ਤੋਂ ਪ੍ਰਧਾਨ ਮੰਤਰੀ, ਲੋਕ ਸਭਾ ਵਿੱਚ ਆਪੋਜ਼ੀਸ਼ਨ ਦੇ ਆਗੂ ਤੇ ਭਾਰਤ ਦੇ ਚੀਫ ਜਸਟਿਸ ਉੱਤੇ ਅਧਾਰਤ ਕਮੇਟੀ ਮੁੱਖ ਚੋਣ ਕਮਿਸ਼ਨਰ ਤੇ ਦੂਜੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰੇਗੀ। ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਹੋਰ ਜੋ ਕੁਝ ਕਿਹਾ, ਉਹ ਭਾਰਤ ਦੀ ਜਮਹੂਰੀਅਤ, ਸਿਆਸਤ ਤੇ ਮੀਡੀਆ ਨੂੰ ਵੀ ਸ਼ਰਮਸ਼ਾਰ ਕਰਨ ਵਾਲਾ ਹੈ। ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਦਾ ਜ਼ਿਕਰ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਉਨ੍ਹਾ ਦਾ ਕਹਿਣਾ ਸੀ ਕਿ ਸਰਕਾਰ ਨੂੰ ਕਾਨੂੰਨ ਦੇ ਹਿਸਾਬ ਨਾਲ ਚਲਣਾ ਹੋਵੇਗਾ। ਕੋਰਟ ਦਾ ਕਹਿਣਾ ਸੀ ਕਿ ਭਾਰਤ ਦੇ ਪਰਿਪੇਖ ਵਿੱਚ ਅਸੀਂ ਦੇਖੀਏ ਤਾਂ ਇਹ ਗੱਲ ਕਿਤੇ ਵੀ ਲਾਗੂ ਨਹੀਂ ਹੁੰਦੀ। ਸਿਆਸਤ ਵਿਚ ਬੇਸ਼ੁਮਾਰ ਪੈਸਾ ਹੈ। ਬਾਹੂਬਲੀ ਲੋਕ ਆਪਣੇ ਹਿਸਾਬ ਨਾਲ ਚੀਜ਼ਾਂ ਤੈਅ ਕਰਦੇ ਹਨ। ਮੀਡੀਆ ਉੱਤੇ ਇਨ੍ਹਾਂ ਲੋਕਾਂ ਨੂੰ ਬੇਨਕਾਬ ਕਰਨ ਦੀ ਜ਼ਿੰਮੇਵਾਰੀ ਹੈ, ਪਰ ਉਸ ਦਾ ਇੱਕ ਵੱਡਾ ਹਿੱਸਾ ਆਪਣੀ ਭਰੋਸੇਯੋਗਤਾ ਗੁਆ ਚੁੱਕਾ ਹੈ। ਜਿਹੜੀ ਪਾਰਟੀ ਸੱਤਾ ਵਿੱਚ ਹੁੰਦੀ ਹੈ, ਉਹ ਚੋਣ ਕਮਿਸ਼ਨ ਨੂੰ ਆਪਣਾ ਗੁਲਾਮ ਬਣਾ ਕੇ ਕਿਸੇ ਨਾ ਕਿਸੇ ਤਰ੍ਹਾਂ ਸੱਤਾ ਵਿੱਚ ਬਣੀ ਰਹਿਣਾ ਚਾਹੁੰਦੀ ਹੈ। ਸਿਆਸੀ ਪਾਰਟੀਆਂ ਕਦੇ ਵੀ ਨਹੀਂ ਚਾਹੁੰਦੀਆਂ ਕਿ ਉਨ੍ਹਾਂ 'ਤੇ ਨਿਗਰਾਨੀ ਕਰਨ ਵਾਲਾ ਤੰਤਰ ਮਜ਼ਬੂਤ ਹੋਵੇ। ਉਹ ਹਮੇਸ਼ਾ ਆਪਣੇ ਹਿਸਾਬ ਨਾਲ ਚੀਜ਼ਾਂ ਨੂੰ ਕੰਟਰੋਲ ਕਰਨਾ ਚਾਹੁੰਦੀਆਂ ਹਨ। ਇਸ ਲਈ ਚੋਣ ਕਮਿਸ਼ਨ ਨੂੰ ਨਿਰਪੱਖ ਬਣਾਉਣਾ ਹੀ ਹੋਵੇਗਾ। ਜਿਹੜੇ ਲੋਕ ਨਿੱਕੀ-ਨਿੱਕੀ ਚੀਜ਼ ਲਈ ਸਰਕਾਰ ਅੱਗੇ ਹੱਥ ਅੱਡਦੇ ਹਨ, ਉਨ੍ਹਾਂ ਦਾ ਦਿਮਾਗ ਕਿਵੇਂ ਨਿਰਪੱਖ ਹੋ ਸਕਦਾ ਹੈ। ਜਿਹੜਾ ਇਮਾਨਦਾਰ ਹੈ, ਉਹ ਕਿਸੇ ਵੀ ਸੂਰਤ ਵਿੱਚ ਸੱਤਾ ਦਾ ਦਬਾਅ ਨਹੀਂ ਮੰਨੇਗਾ, ਉਸ ਦੇ ਅੱਗੇ ਨਹੀਂ ਝੁਕੇਗਾ। ਕੋਰਟ ਨੇ ਇਹ ਸੁਆਲ ਵੀ ਪੁੱਛਿਆ ਕਿ ਅਜ਼ਾਦੀ ਕੀ ਹੈ? ਯੋਗ ਵਿਅਕਤੀ ਨੂੰ ਕਦੇ ਵੀ ਭੈਅ ਨਹੀਂ ਹੋਣਾ ਚਾਹੀਦਾ, ਪਰ ਯੋਗਤਾ ਤਦੇ ਨਿੱਖਰ ਕੇ ਸਾਹਮਣੇ ਆਏਗੀ ਜਦ ਸ਼ਖਸ ਦੇ ਦਿਮਾਗ 'ਤੇ ਕਿਸੇ ਦਾ ਅਸਰ ਨਾ ਹੋਵੇ। ਸ਼ਖਸ ਇਮਾਨਦਾਰ ਹੋਵੇਗਾ ਤਾਂ ਉਹ ਤਾਕਤਵਰ ਨਾਲ ਵੀ ਭਿੜ ਜਾਏਗਾ। ਉਹ ਕਿਸੇ ਦੀ ਵੀ ਪਰਵਾਹ ਨਹੀਂ ਕਰੇਗਾ। ਅਜਿਹੇ ਵਿਚ ਇਕ ਆਮ ਤੇ ਕਮਜ਼ੋਰ ਸ਼ਖਸ ਨੂੰ ਉਸ ਤੋਂ ਉਮੀਦ ਹੋਵੇਗੀ ਕਿ ਉਹ ਅੱਗੇ ਆ ਕੇ ਜਮਹੂਰੀਅਤ ਨੂੰ ਬਚਾਏਗਾ, ਪਰ ਇੱਕ ਅਜਿਹਾ ਚੋਣ ਕਮਿਸ਼ਨ, ਜਿਹੜਾ ਕਾਨੂੰਨ ਦੇ ਰਾਜ ਦੀ ਗਰੰਟੀ ਵੀ ਨਹੀਂ ਦੇ ਸਕਦਾ, ਜਮਹੂਰੀਅਤ ਲਈ ਅਨੁਕੂਲ ਨਹੀਂ ਹੈ। ਜਮਹੂਰੀਅਤ ਤਦੇ ਸਫਲ ਹੋ ਸਕਦੀ ਹੈ ਜਦੋਂ ਸਿਸਟਮ ਦੇ ਸਾਰੇ ਹਿੱਸੇ ਉਸ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰਨ। ਜਮਹੂਰੀਅਤ ਨੂੰ ਸਫਲ ਬਣਾਉਣ ਦਾ ਜ਼ਿੰਮਾ ਸਭ ਤੋਂ ਵੱਧ ਚੋਣ ਕਮਿਸ਼ਨ 'ਤੇ ਹੀ ਹੈ। ਸਿਆਸੀ ਪਾਰਟੀਆਂ ਤੇ ਆਗੂਆਂ ਦੀ ਧੌਣ ਸਾਫ ਤੌਰ 'ਤੇ ਚੋਣ ਕਮਿਸ਼ਨ ਦੇ ਹੱਥ ਵਿੱਚ ਹੁੰਦੀ ਹੈ। ਉਹ ਨਿਰਪੱਖ ਰਹੇਗਾ ਤਾਂ ਬੇਬਾਕੀ ਨਾਲ ਭ੍ਰਿਸ਼ਟ ਤੇ ਬਾਹੂਬਲੀਆਂ 'ਤੇ ਕੰਟਰੋਲ ਕਰ ਸਕੇਗਾ। ਇਸ ਲਈ ਨਿਰਪੱਖ ਤੇ ਮਜ਼ਬੂਤ ਚੋਣ ਕਮਿਸ਼ਨ ਦਾ ਹੋਣਾ ਜ਼ਰੂਰੀ ਹੈ।*

# ਕੁਦਰਤ ਨਾਲੋਂ ਟੁੱਟ ਕੇ ਸੰਕਟਾਂ 'ਚ ਘਿਰ ਰਿਹਾ ਹੈ ਮਨੁੱਖ



ਗੁਰਚਰਨ ਸਿੰਘ ਨੂਰਪੁਰ

ਹਰ ਮਨੁੱਖ ਨੇ ਕੁਝ ਸਮਾਂ ਇਸ ਧਰਤੀ 'ਤੇ ਰਹਿਣਾ ਹੈ। ਡਾਕਟਰੀ ਵਿਗਿਆਨ ਨੇ ਮਨੁੱਖ ਦੀ ਔਸਤਨ ਉਮਰ ਨੂੰ ਵਧਾਇਆ ਹੈ, ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਡਾਕਟਰੀ ਵਿਗਿਆਨ ਮਨੁੱਖ ਦੀ ਉਮਰ ਦੇ ਕੁਝ ਵਰ੍ਹੇ ਹੋਰ ਵੱਧ ਕਰ ਲਵੇ, ਪਰ ਆਖਿਰ ਹਰ ਇੱਕ ਨੂੰ ਇੱਥੋਂ ਰੁਖਸਤ ਹੋਣਾ ਹੋਵੇਗਾ। ਮਨੁੱਖ ਦੀ ਮਨੋਬਿਰਤੀ ਅਤੇ ਵਿਵਹਾਰ ਅਜਿਹਾ ਹੈ ਕਿ ਜਿਵੇਂ ਇਸ ਨੇ ਕਦੇ ਇੱਥੋਂ ਜਾਣਾ ਹੀ ਨਹੀਂ, ਮਨੁੱਖਤਾ ਨੂੰ ਦਰਪੇਸ਼ ਅਜੋਕੇ ਦੌਰ ਦੀਆਂ ਜ਼ਿਆਦਾਤਰ ਸਮੱਸਿਆਵਾਂ/ਮੁਸ਼ਕਲਾਂ ਵੀ ਮਨੁੱਖ ਦੀ ਇਸੇ ਮਨੋਬਿਰਤੀ ਦੀ ਉਪਜ ਹਨ।

ਬੇਸ਼ੱਕ ਮਨੁੱਖ ਦੇ ਅਜੋਕੇ ਦੌਰ ਦੇ ਸੰਕਟਾਂ ਦੇ ਅਨੇਕ ਕਾਰਨ ਹਨ, ਪਰ ਮਨੁੱਖ ਦਾ ਮੌਜੂਦਾ ਦੌਰ ਦਾ ਜ਼ਿੰਦਗੀ ਜਿਊਣ ਦਾ ਢੰਗ ਇਸ ਲਈ ਗੰਭੀਰ ਸੰਕਟ (Life Style crisis) ਬਣ ਰਿਹਾ ਹੈ। ਮਨੁੱਖੀ ਜ਼ਿੰਦਗੀ ਬੜੀ ਤੇਜ਼ੀ ਨਾਲ ਦਿਨੋ-ਦਿਨ ਗੁੰਝਲਦਾਰ ਹੁੰਦੀ ਜਾ ਰਹੀ ਹੈ। ਇਹ ਜਿੰਨੀ ਤੇਜ਼ੀ ਨਾਲ ਗੁੰਝਲਦਾਰ ਹੋਵੇਗੀ, ਓਨਾ ਹੀ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਜਾਵੇਗਾ ਅਤੇ ਜਿੰਨਾ ਅਸੀਂ ਕੁਦਰਤ ਤੋਂ ਦੂਰ ਹੋਵਾਂਗੇ, ਉਨੇ ਹੀ ਵਧੇਰੇ ਸੰਕਟ ਸਾਡੇ ਲਈ ਪੈਦਾ ਹੋਣਗੇ। ਕੁਝ ਵਿਕਸਤ ਮੁਲਕਾਂ ਵਿੱਚ ਇਹ ਹੁਣ ਹੋਣ ਲੱਗਾ ਹੈ ਕਿ ਕਈ ਪੜ੍ਹੇ-ਲਿਖੇ ਲੋਕ ਵੱਡੀਆਂ-ਵੱਡੀਆਂ ਨੌਕਰੀਆਂ ਅਤੇ ਰੁਤਬਿਆਂ ਨੂੰ ਛੱਡ ਕੇ ਸ਼ਹਿਰ ਦੀ ਚਮਕ- ਦਮਕ ਵਾਲੀ ਜ਼ਿੰਦਗੀ ਨੂੰ ਅਲਵਿਦਾ ਆਖ ਕੁਦਰਤ ਨਾਲ ਇੱਕਮਿਕ ਹੋ ਕੇ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਉਹ ਸਮਝਣ ਲੱਗ ਪਏ ਹਨ ਕਿ ਛੋਟਾ ਜਿਹਾ ਖੇਤ, ਜਿੱਥੇ ਕੁਦਰਤੀ ਹਵਾ, ਸਾਫ ਪਾਣੀ ਅਤੇ ਕੁਦਰਤ ਅਨੁਸਾਰ ਜੀਵਨ ਜਿਊਣ ਵਿੱਚ ਜੋ ਮਜ਼ਾ ਹੈ, ਉਹ ਹੋਰ ਕਿਧਰੇ ਨਹੀਂ ਹੈ। ਇਸ ਦੀ ਇੱਕ ਮਿਸਾਲ ਦਿੱਲੀ ਆਈ ਆਈ ਟੀ ਦੇ ਪ੍ਰੋਫੈਸਰ ਅਲੋਕ ਸਾਗਰ ਵੀ ਹਨ, ਜੋ ਅਮਰੀਕਾ ਦੀ ਹਿਊਸਟਨ ਯੂਨੀਵਰਸਿਟੀ ਤੋਂ ਪੀ ਐੱਚ ਡੀ ਕਰਨ ਉਪਰੰਤ ਦਿੱਲੀ ਆਈ ਆਈ ਟੀ ਵਿੱਚ ਪ੍ਰੋਫੈਸਰ ਬਣੇ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਕਦੇ ਉਨ੍ਹਾ ਦੇ ਸ਼ਾਗਿਰਦ ਹੋਇਆ ਕਰਦੇ ਸਨ। ਸ਼ਹਿਰ ਦੀ ਚਕਾਚੌਂਧ ਭਰੀ ਜ਼ਿੰਦਗੀ ਨੂੰ ਅਲਵਿਦਾ ਆਖ ਪ੍ਰੋ. ਅਲੋਕ ਸਾਗਰ ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਦੇ ਇੱਕ ਆਦਿ ਵਾਸੀ ਪਿੰਡ ਕੋਚਾਮਾਉ ਵਿੱਚ ਆ ਕੇ ਰਹਿਣ ਲੱਗ ਪਏ। ਉਨ੍ਹਾ ਇੱਕ ਕਰਮਯੋਗੀ ਵਾਂਗ ਇੱਥੇ ਆਲੇ-ਦੁਆਲੇ ਦੇ ਪਿੰਡਾਂ ਦੀ ਨੁਹਾਰ ਬਦਲਣ ਲਈ ਕੋਈ 50 ਹਜ਼ਾਰ ਦੇ ਕਰੀਬ ਪੌਦੇ ਲਾਏ। ਉਹਨਾਂ ਦੀ ਸਿੱਖਿਆ ਦਾ ਅਸਰ ਇਹ ਹੋਇਆ ਕਿ ਇੱਥੇ ਪਿੰਡਾਂ ਦੇ ਲੋਕਾਂ ਨੇ ਰੁੱਖ ਵੱਢਣੇ ਛੱਡ ਦਿੱਤੇ। ਵਿਖਾਵਾ ਕਰਨ ਦੀ ਮਨੋਬਿਰਤੀ ਤੋਂ ਕੋਹਾਂ ਦੂਰ ਹੋ ਕੇ ਅੱਜ ਵੀ ਉਹ ਇੱਕ ਰਿਸ਼ੀ ਵਾਂਗ ਸਾਦਾ ਜੀਵਨ ਬਤੀਤ ਕਰ ਰਹੇ ਹਨ। ਅਲੋਕ ਸਾਗਰ ਵਰਗੇ ਮਨੁੱਖ ਉਹਨਾਂ ਲਈ ਇੱਕ ਵੱਡੀ ਉਦਾਹਰਣ ਹਨ, ਜੋ ਇਸ ਧਰਤੀ 'ਤੇ ਰਹਿੰਦਿਆਂ ਆਪਣੇ ਆਲੇ-ਦੁਆਲੇ ਦੇ ਕਈ ਤਰ੍ਹਾਂ ਦੇ ਭੈੜਾਂ/ ਵਿਕਾਰਾਂ ਨੂੰ ਪੈਦਾ ਕਰਕੇ ਇੱਥੋਂ ਰੁਖਸਤ ਹੁੰਦੇ ਹਨ।

ਇੱਕ-ਦੂਜੇ ਤੋਂ ਅੱਗੇ ਨਿਕਲ ਜਾਣ ਦੀ ਹੋੜ, ਪੁੱਠੇ-ਸਿੱਧੇ ਢੰਗ ਨਾਲ ਵੱਧ ਸਰਮਾਇਆ ਇਕੱਠਾ ਕਰਕੇ ਵਿਖਾਵਾ ਕਰਨ ਦੀ ਮਨੋਬਿਰਤੀ ਹਰ ਵਰਗ ਦੇ ਲੋਕਾਂ ਵਿੱਚ ਲਗਾਤਾਰ ਵਧ ਰਹੀ ਹੈ। ਸਟੇਟਸ ਲਈ ਲੱਗੀ ਦੌੜ ਵਿਆਕਤੀ ਅਤੇ ਪਰਵਾਰਾਂ ਤੱਕ ਹੀ ਸੀਮਤ ਨਹੀਂ, ਸਗੋਂ ਦੁਨੀਆ ਭਰ ਦੇ ਦੇਸ਼ ਵੀ ਇਸ ਵਿੱਚ ਸ਼ਾਮਲ ਹਨ। ਇੱਕ ਦੂਜੇ ਨੂੰ ਛੋਟਾ ਵਿਖਾਉਣ ਦੀ ਲੱਗੀ ਹੋੜ ਵਿੱਚ ਤਬਾਹੀ ਦੇ ਔਜ਼ਾਰ ਇਕੱਠੇ ਹੋ ਰਹੇ ਹਨ, ਉਹਨਾਂ ਦੇ ਪ੍ਰੀਖਣ ਹੋ ਰਹੇ ਹਨ। ਮਨੁੱਖ ਦੇ ਅਜੋਕੇ ਲਾਈਫ ਸਟਾਈਲ, ਜਿਸ ਦੀਆਂ ਸਿਰਜਕ ਬਜ਼ਾਰੂ ਤਾਕਤਾਂ ਹਨ, ਨੇ ਮਨੁੱਖਤਾ ਲਈ ਇੱਕ ਤਰ੍ਹਾਂ ਨਾਲ ਬੜੀ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਹੈ। ਇੱਕ ਪਾਸੇ ਸ਼ਹਿਰਾਂ ਮਹਾਂਨਗਰਾਂ ਵਿੱਚ ਚਕਾਚੌਂਧ ਭਰੀ ਚਮਕ ਦਮਕ ਵਾਲੀ ਜ਼ਿੰਦਗੀ ਹੈ, ਦੂਜੇ ਪਾਸੇ ਇਹਨਾਂ ਹੀ ਮਹਾਂਨਗਰਾਂ ਵਿੱਚ ਗੰਦਗੀ, ਕੂੜੇ-ਕਚਰੇ ਦੇ ਉੱਚੇ ਢੇਰ ਪੈਦਾ ਹੋ ਰਹੇ ਹਨ। ਆਪਣੇ ਲਈ ਵਿਕਾਸ ਦਾ ਭਰਮ ਸਿਰਜਣ ਵਾਲੇ ਮਨੁੱਖ ਨੇ ਧਰਤੀ ਦੇ ਉਪਰ, ਧਰਤੀ ਦੇ ਹੇਠਾਂ ਅਤੇ ਅਸਮਾਨਾਂ ਵਿੱਚ ਗੰਦ ਪਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਜਿਵੇਂ ਇੱਕ ਮੁਹੱਲੇ ਵਿੱਚ ਲੋਕ ਇੱਕ-ਦੂਜੇ ਦੇ ਵੱਧ ਕੂੜਾ ਪੈਦਾ ਕਰਨ ਤੋਂ ਲੜਨ, ਇਸੇ ਤਰ੍ਹਾਂ ਦੁਨੀਆਂ ਦੇ ਵੱਖ-ਵੱਖ ਦੇਸ਼ ਇੱਕ-ਦੂਜੇ ਨੂੰ ਵੱਧ ਪ੍ਰਦੂਸ਼ਣ ਪੈਦਾ ਕਰਨ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ, ਇਸ ਸਬੰਧੀ ਵਿਸ਼ਵ ਪੱਧਰੀ ਕਾਨਫਰੰਸਾਂ ਹੁੰਦੀਆਂ ਹਨ। ਫਿਕਰ ਜ਼ਾਹਿਰ ਕੀਤੇ ਜਾਂਦੇ ਹਨ। ਦੁਨੀਆਂ ਦੇ ਦੇਸ਼ ਗਰੀਨ ਹਾਊਸ ਗੈਸਾਂ ਦੇ ਪ੍ਰਭਾਵ ਦੀ ਚਿੰਤਾ ਕਰਦੇ ਹਨ, ਪਰ ਇਸ ਸਬੰਧੀ ਜੋ ਕੁਝ ਹੋਣਾ ਚਾਹੀਦਾ, ਉਹ ਹੁੰਦਾ ਨਜ਼ਰ ਕਿਸੇ ਪਾਸੇ ਨਹੀਂ ਆ ਰਿਹਾ। ਹਰ ਸਾਲ ਲੱਖਾਂ ਨਵੀਆਂ ਕਾਰਾਂ ਸੜਕਾਂ 'ਤੇ ਦੌੜਨ ਲਈ ਤਿਆਰ ਹੁੰਦੀਆਂ ਹਨ। ਦੁਨੀਆ ਵਿੱਚ ਇੱਕ ਪਾਸੇ ਗੰਦੀਆਂ ਬਸਤੀਆਂ ਵਿੱਚ ਲੋਕ ਕੀੜਿਆਂ-ਮਕੌੜਿਆਂ ਤੋਂ ਵੀ ਭੈੜੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ, ਇੱਕ ਪਾਸੇ ਬੇਤਹਾਸ਼ਾ ਬੇਲੋੜੀਆਂ ਵਸਤਾਂ ਤਿਆਰ ਵੀ ਹੋ ਰਹੀਆਂ ਹਨ ਅਤੇ ਬੜੀ ਤੇਜ਼ੀ ਨਾਲ ਇਹ ਕਚਰੇ ਦਾ ਰੂਪ ਵੀ ਲੈ ਰਹੀਆਂ ਹਨ। ਹਰ ਸ਼ਹਿਰ, ਹਰ ਨਗਰ ਮਹਾਂਨਗਰ ਹਜਾਰਾਂ ਟਨ ਕਚਰਾ ਰੋਜ ਪੈਦਾ ਕਰ ਰਹੇ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਇਹ ਕੁਝ ਨਹੀਂ ਸੀ ਅਸੀਂ ਦੇਸ਼ ਸ਼ਹਿਰਾਂ ਅਤੇ ਪਿੰਡਾਂ ਨੂੰ ਸਵੱਛ ਕਰਨ ਦੀ ਗੱਲ ਕਰਦੇ ਹਾਂ ਇਸ ਸਵੱਛ ਤੋਂ ਭਾਵ ਕਿਤੇ ਪਿਆ ਕੂੜਾ ਸਾਫ ਕਰਨ ਤੱਕ ਨਹੀਂ ਹੋਣਾ ਚਾਹੀਦਾ ਇਸ ਧਰਤੀ ਦੀ ਮਿੱਟੀ ਪਾਣੀ ਅਤੇ ਹਵਾ ਵੀ ਇਸ ਦੇ ਦਾਇਰੇ ਵਿੱਚ ਆਉਂਦੇ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਸਾਡੇ ਪਿੰਡ, ਸ਼ਹਿਰ ਅੱਜ ਦੇ ਮੁਕਾਬਲੇ ਜਿਆਦਾ ਸ਼ਵੱਸ਼ ਸਨ, ਸਾਡੀਆਂ ਨਦੀਆਂ ਵਧੇਰੇ ਸਾਫ ਸਨ ਤੇ ਫਿਰ ਕਿਹੜੀਆਂ ਤਰਜੀਹਾਂ 'ਤੇ ਚੱਲ ਕੇ ਅੱਜ ਸ਼ਹਿਰਾਂ, ਮਹਾਂਨਗਰਾਂ ਵਿੱਚ ਕੂੜੇ-ਕਚਰੇ ਦੇ ਵੱਡੇ ਢੇਰ ਉਸਰ ਗਏ ਹਨ? ਅਸਮਾਨ ਨੂੰ ਅਸੀਂ ਕਾਲੇ ਧੂੰਏ ਨਾਲ ਭਰਨ ਲੱਗ ਪਏ ਅਤੇ ਸਾਡੇ ਦਰਿਆ, ਨਦੀਆਂ ਮੁਸ਼ਕ ਮਾਰਦੇ ਪਾਣੀ ਦੇ ਗੰਦੇ ਨਾਲੇ ਬਣ ਗਏ? ਇਸ ਸਭ ਕੁਝ ਲਈ ਸਵੱਛ ਭਾਰਤ ਦੀਆਂ ਬਿਆਨਬਾਜ਼ੀਆਂ ਜਿੰਨੀਆਂ ਮਰਜ਼ੀ ਆਈ ਜਾਣ, ਕੁਝ ਨਹੀਂ ਹੋਵੇਗਾ। ਸਾਨੂੰ ਉਹਨਾਂ ਸਭ ਤਰ੍ਹਾਂ ਦੀਆਂ ਤਰਜੀਹਾਂ ਦੀ ਸ਼ਨਾਖਤ ਕਰਨੀ ਪਵੇਗੀ, ਜਿਹਨਾਂ 'ਤੇ ਚੱਲਦਿਆਂ ਸਾਡਾ ਆਲਾ-ਦੁਆਲਾ ਮਨੁੱਖਾਂ ਅਤੇ ਪਸ਼ੂ-ਪੰਛੀਆਂ ਦੇ ਰਹਿਣਯੋਗ ਨਹੀਂ ਰਿਹਾ। ਮਨੁੱਖ ਦੀ ਜ਼ਿੰਦਗੀ ਲਈ ਜੋ ਲੋੜੀਂਦੇ ਮੁੱਢਲੇ ਤੱਤ ਹਨ, ਜਿਸ ਤੋਂ ਬਗੈਰ ਜੀਵਨ ਸੰਭਵ ਹੀ ਨਹੀਂ, ਉਹ ਤਾਂ ਗਵਾਚ ਰਹੇ ਗੰਦੇ ਹੋ ਰਹੇ ਹਨ, ਪਲੀਤ ਹੋ ਰਹੇ ਹਨ, ਪਰ ਇਸ ਸਭ ਤੋਂ ਬੇਪ੍ਰਵਾਹ ਹੋਇਆ ਮਨੁੱਖ ਬਾਹਰੀ ਚਮਕ-ਦਮਕ ਅਤੇ ਆਪਣਾ ਸਟੇਟਸ ਕਾਇਮ ਰੱਖਣ ਲਈ ਕਿਤੋਂ ਤੱਕ ਵੀ ਜਾਣ ਨੂੰ ਵੀ ਤਿਆਰ ਹੈ। ਮਨੁੱਖੀ ਜੀਵਨ ਲਈ ਲੋੜੀਂਦੀਆਂ ਵਸਤਾਂ ਸ਼ੁੱਧ ਖਾਣ-ਪੀਣ, ਸ਼ੁੱਧ ਹਵਾ, ਮਿੱਟੀ ਪਾਣੀ ਪਲੀਤ ਹੋ ਰਹੇ ਹਨ, ਜਿਸ ਸਦਕਾ ਸਾਡੀ ਤੰਦਰੁਸਤੀ ਲਗਾਤਾਰ ਗਵਾਚਦੀ ਜਾ ਰਹੀ ਹੈ, ਪਰ ਇਸ ਸਭ ਦੀ ਪ੍ਰਵਾਹ ਕੀਤੇ ਬਗੈਰ ਮਨੁੱਖ ਪੈਸੇ ਦੀ ਅੰਨ੍ਹੀ ਦੌੜ ਲਗਾਤਾਰ ਦੌੜ ਰਿਹਾ ਹੈ। ਇਸ ਦੌੜ ਵਿੱਚ ਉਸ ਦਾ ਮਨੁੱਖ ਹੋਣਾ ਵੀ ਬੜੀ ਤੇਜ਼ੀ ਨਾਲ ਗਵਾਚ ਰਿਹਾ ਹੈ।

ਯੁੱਗਾਂ ਤੋਂ ਕੁਦਰਤੀ ਵਰਤਾਰਿਆਂ ਨੂੰ ਸਮਝਦਾ ਹੋਇਆ ਮਨੁੱਖ, ਵਿਕਾਸ ਕਰਦਾ-ਕਰਦਾ ਅੱਜ ਤੱਕ ਦੀ ਸਭਿਅਤਾ ਤੱਕ ਪਹੁੰਚਿਆ ਹੈ। ਜੀਵਨ ਦੀਆਂ ਲੋੜਾਂ ਲਈ ਸੰਘਰਸ਼ ਤੋਂ ਉਭਰਨ ਤੋਂ ਬਾਅਦ ਮਨੁੱਖ ਨੇ ਆਪਣੇ ਆਪ ਲਈ ਜਿਸ ਵਿਕਾਸ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ, ਉਹ ਇਸ ਲਈ ਹੁਣ ਸੰਕਟ ਬਣਨ ਲੱਗ ਪਿਆ। ਕੁਦਰਤ ਨਾਲ ਇੱਕਮਿਕਤਾ ਰੱਖ ਕੇ ਜਿਊਣਾ ਅਤੇ ਵਸਤਾਂ ਦੀ ਅੰਨ੍ਹੀ ਦੌੜ ਦੌੜਦਿਆਂ ਸਮਾਜਕ ਰੁਤਬੇ ਲਈ ਜਿਉਣਾ ਇਹਨਾਂ ਦੋ ਤਰ੍ਹਾਂ ਦੇ ਜਿਊਣ ਤਰੀਕਿਆਂ ਤੋਂ ਦੂਜਾ ਹੁਣ ਫੇਲ੍ਹ ਹੋਣ ਜਾ ਰਿਹਾ ਹੈ ਅਤੇ ਮਨੁੱਖ ਨੂੰ ਕੁਦਰਤ ਨਾਲ ਇਕਮਿਕਤਾ ਪੈਦਾ ਕਰਨ ਲਈ ਦੁਬਾਰਾ ਸੋਚਣਾ ਪਵੇਗਾ। ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਲੱਭਣ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਹੋਈਆਂ ਹਨ, ਪਰ ਬਿਮਾਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੀਵਨ ਪਹਿਲਾਂ ਦੇ ਮੁਕਾਬਲੇ ਵਧੇਰੇ ਸੁਖਾਲਾ ਹੋਇਆ ਹੈ, ਪਰ ਮਾਨਸਕ ਵਿਕਾਰ ਵਧ ਰਹੇ ਹਨ। ਆਤਮ ਹੱਤਿਆਵਾਂ ਲਗਾਤਾਰ ਵਧ ਰਹੀਆਂ ਹਨ। ਇਹ ਠੀਕ ਹੈ ਵੱਖ-ਵੱਖ ਖਿੱਤਿਆਂ ਵਿੱਚ ਨਿੱਘਰੀ ਆਰਥਿਕਤਾ ਵੀ ਇਸ ਦਾ ਬਹੁਤ ਵੱਡਾ ਕਾਰਨ ਹੈ, ਪਰ ਜੇਕਰ ਬਹੁਤ ਡੂੰਘਾਈ ਨਾਲ ਇਹਨਾਂ ਵਰਤਾਰਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇੱਕ ਗੱਲ ਜ਼ਰੂਰ ਸਾਹਮਣੇ ਆਵੇਗੀ ਕਿ ਜਿਸ ਜਿਉਣ ਢੰਗ ਨੂੰ ਅਸੀਂ ਤਰਜੀਹ ਦਿੱਤੀ ਹੈ ਜਾਂ ਇੰਝ ਕਹਿ ਲਈਏ ਕਿ ਸਾਡੀ ਰਾਜਨੀਤਕ ਵਿਵਸਥਾ ਨੇ ਸਾਨੂੰ ਜਿਹਨਾਂ ਰਾਹਾਂ 'ਤੇ ਤੋਰਿਆ ਹੈ, ਉਹ ਜਿਊਣ ਢੰਗ ਹੀ ਸਾਡੇ ਲਈ ਸੰਕਟ ਪੈਦਾ ਕਰ ਰਿਹਾ ਹੈ। ਇਸ ਵਿਵਸਥਾ 'ਤੇ ਚਲਦਿਆਂ ਮਾੜੀ ਆਰਥਿਕਤਾ ਦਾ ਮਸਲਾ ਜੇਕਰ ਹੱਲ ਵੀ ਹੋ ਜਾਵੇ ਤਾਂ ਆਤਮ ਹੱਤਿਆਵਾਂ ਜਾਰੀ ਰਹਿਣਗੀਆਂ। ਵਿਕਸਤ ਮੁਲਕਾਂ ਜਿੱਥੇ ਆਰਥਿਕਤਾ ਵੱਡਾ ਮਸਲਾ ਨਹੀਂ ਹੈ, ਉੱਥੇ ਵੀ ਆਤਮਹੱਤਿਆਵਾਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ। ਇਸ ਦਾ ਕਾਰਨ ਇਹ ਹੀ ਹੈ ਕਿ ਜਿਸ ਲਾਈਫ ਸਟਾਈਲ ਨੂੰ ਅਸੀਂ ਸਮਰਪਿਤ ਹੋ ਰਹੇ ਹਾਂ, ਉਹ ਲਾਈਫ ਸਟਾਇਲ ਹੁਣ ਫੇਲ੍ਹ ਹੋਣ ਜਾ ਰਿਹਾ ਹੈ। ਇੱਥੇ ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਉਹ ਧਿਰਾਂ ਜੋ ਮਨੁੱਖ ਨੂੰ ਸਾਦਾ ਜੀਵਨ ਬਤੀਤ ਕਰਨ ਅਤੇ ਕੁਦਰਤ ਨਾਲ ਇਕਮਿਕ ਹੋ ਕੇ ਜੀਵਨ ਦੀ ਸੋਝੀ ਦਿੰਦੀਆਂ ਸਨ, ਅਧਿਆਤਮਿਕ ਪੱਖ ਤੋਂ ਉਸ ਦੀ ਅਗਵਾਈ ਕਰਦੀਆਂ ਸਨ, ਉਹ ਆਪ ਹੁਣ ਪੈਸੇ ਦੀ ਚਮਕ-ਦਮਕ ਨੂੰ ਸਮਰਪਿਤ ਹੋ ਗਈਆਂ ਹਨ। ਇਹ ਧਿਰਾਂ ਹੁਣ ਇਮਾਰਤਾਂ ਦੇ ਜੰਗਲ ਉਸਾਰ ਕੇ ਹਰ ਹਰਬਾ ਵਰਤ ਕੇ ਕਮਾਈਆਂ ਕਰਨ ਦੇ ਸਾਧਨ ਤਲਾਸ਼ ਕਰਨ ਲੱਗ ਪਈਆਂ ਹਨ। ਇੱਥੇ ਹੀ ਬੱਸ ਨਹੀਂ ਆਪਣੇ ਖਾਸੇ ਤੋਂ ਉਲਟ ਉਹ ਹੁਣ ਮਨੁੱਖ ਦੀਆਂ ਬੇਲਗਾਮ ਇਛਾਵਾਂ ਨੂੰ ਬਲ ਬਖਸ਼ਣ ਦਾ ਕੰਮ ਵੀ ਕਰਨ ਲੱਗੀਆਂ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਆਪਣੇ ਆਪੇ ਨਾਲ ਜੁੜਨ ਦੀ ਸਮਝ ਕਿੱਥੋਂ ਲਵੇ? ਇਹ ਅੱਜ ਦੇ ਮਨੁੱਖ ਅੱਗੇ ਬੜਾ ਵੱਡਾ ਸੰਕਟ ਹੈ। ਉਸ ਲਈ ਅਜਿਹੇ ਰੋਲ ਮਾਡਲ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਗਲਿਆਰਿਆਂ ਵਿੱਚ ਬਹੁਤ ਘੱਟ ਨਜ਼ਰ ਆਉਂਦੇ ਹਨ ਜਿਹਨਾਂ ਨੂੰ ਉਹ ਆਪਣੇ ਆਦਰਸ਼ ਮੰਨ ਕੇ ਮੌਜੂਦਾ ਦੌਰ ਦੇ ਸੰਕਟਾਂ ਤੋਂ ਬਾਹਰ ਨਿਕਲ ਸਕੇ।

ਕੁਦਰਤੀ ਵਰਤਾਰਿਆਂ ਅਤੇ ਔਖੀਆਂ ਜਿਉਣ ਹਾਲਤਾਂ ਨਾਲ ਜੂਝਦਾ ਮਨੁੱਖ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਨਿਕਲਿਆ ਸੀ। ਜ਼ਿੰਦਗੀ ਨੂੰ ਹੋਰ ਸਰਲ ਅਤੇ ਸੌਖੀ ਬਣਾਉਣ ਤੁਰਿਆ ਸੀ, ਪਰ ਅੱਜ ਜ਼ਿੰਦਗੀ ਦੇ ਜਿਸ ਰਾਹ ਦਾ ਉਹ ਪਾਂਧੀ ਬਣ ਗਿਆ ਹੈ, ਇਸ ਵਿੱਚ ਉਸ ਨੇ ਆਪਣੀ ਜ਼ਿੰਦਗੀ ਨੂੰ ਹੋਰ ਵਧੇਰੇ ਔਖਾ ਬਣਾ ਲਿਆ, ਹੋਰ ਗੁੰਝਲਦਾਰ ਬਣਾ ਲਿਆ। ਜੀਵਨ ਦੀ ਉਹ ਇੱਕ ਉਲਝਣ ਨੂੰ ਸੁਲਝਾਉਂਦਾ ਹੈ, ਚਾਰ ਉਲਝਣਾ ਉਸ ਲਈ ਹੋਰ ਪੈਦਾ ਹੋ ਜਾਂਦੀਆਂ ਹਨ। ਅਸੀਂ ਜ਼ਿੰਦਗੀ ਨੂੰ ਬੜਾ ਔਖਾ ਬਣਾ ਦਿੱਤਾ ਹੈ, ਇੱਥੋ ਤੱਕ ਕਿ ਨਿੱਕੇ-ਨਿੱਕੇ ਬੱਚਿਆਂ ਦਾ ਬਚਪਨ ਵੀ ਅਸੀਂ ਖੋਹ ਲਿਆ ਹੈ। ਉਹਨਾਂ ਨਾਲ ਅਸੀਂ ਮਨੁੱਖਾਂ ਵਰਗਾ ਵਿਹਾਰ ਕਰਨ ਲੱਗੇ ਹਾਂ, ਅਤੇ ਉਹਨਾਂ ਤੋਂ ਅਜਿਹੇ ਹੀ ਵਿਵਹਾਰ ਦੀ ਤਵੱਕੋ ਵੀ ਰੱਖਦੇ ਹਾਂ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਕਈ ਰੂਪਾਂ ਵਿੱਚ ਸਾਡਾ ਤਸ਼ੱਦਦ ਉਹਨਾਂ 'ਤੇ ਸ਼ੁਰੂ ਹੁੰਦਾ ਹੈ।

ਆਓ, ਸਮਾਜਿਕ ਰੁਤਬਿਆਂ ਦੀ ਪ੍ਰਵਾਹ ਕਰਨ ਤੋਂ ਬਗੈਰ ਸਾਦਾ ਜੀਵਨ ਜਿਉਣ ਨੂੰ ਤਰਜੀਹ ਦੇਈਏ, ਬਾਹਲੀਆਂ ਵਸਤਾਂ ਸਾਨੂੰ ਖੁਸ਼ੀ ਨਹੀਂ ਦੇ ਸਕਦੀਆਂ। ਜ਼ਿੰਦਗੀ ਇੱਕ ਕਲਾ ਹੈ ਅਤੇ ਇਸ ਨੂੰ ਸਿੱਖਣ ਲਈ ਵਸਤਾਂ ਦੇ ਜੰਜਾਲ ਤੋਂ ਬਾਹਰ ਨਿਕਲਣਾ ਪਵੇਗਾ। ਸਮਾਜਕ ਰੁਤਬੇ ਦੀ ਪ੍ਰਵਾਹ ਨੂੰ ਤਿਆਗਣਾ ਪਵੇਗਾ। ਵਿਖਾਵਾ ਕਰਨ ਦੀ ਮਨੋਬਿਰਤੀ ਸਾਡੇ ਮਨ ਅੰਦਰਲੇ ਖਾਲੀਪਣ ਨੂੰ ਭਰ ਨਹੀਂ ਸਕਦੀ। ਸਿਰਾਂ 'ਤੇ ਲੱਗੀਆਂ ਅਹੁਦੇਦਾਰੀਆਂ ਦੀਆਂ ਕਲਗੀਆਂ ਸਾਡੀ ਹਊਮੈਂ ਨੂੰ ਤ੍ਰਿਪਤ ਨਹੀਂ ਕਰ ਸਕਦੀਆਂ। ਆਪਣੀ ਹਊਮੈਂ ਨੂੰ ਪੱਠੇ ਪਾਉਣ ਦੀ ਮਨੋਬਿਰਤੀ ਸਾਨੂੰ ਚੈਨ ਨਹੀਂ ਲੈਣ ਦਿੰਦੀ। ਅੱਜ ਦੇ ਮਨੁੱਖ ਨੇ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਹਜ਼ਾਰਾਂ ਵਸਤਾਂ ਇਕੱਠੀਆਂ ਕਰ ਲਈਆਂ ਹਨ, ਪਰ ਜ਼ਿੰਦਗੀ ਜਿਊਣ ਦੀ ਕਲਾ ਗਵਾ ਲਈ ਹੈ। ਆਓ, ਆਪਣੇ ਅੰਦਰ ਕੁਦਰਤ ਨਾਲ ਇੱਕਮਿਕਤਾ ਪੈਦਾ ਕਰਨ ਦਾ ਹੁਨਰ ਪੈਦਾ ਕਰੀਏ।

***# ਸੰਪਰਕ : 98550-51099***

ਬਰਸੀ 'ਤੇ ਵਿਸ਼ੇਸ਼

# ਰੋਡਵੇਜ਼ ਕਾਮਿਆਂ ਦਾ ਮਸੀਹਾ ਜਸਵੰਤ ਸਿੰਘ ਸਮਰਾ

**ਅਵਤਾਰ ਸਿੰਘ ਤਾਰੀ**

ਭਾਰਤ ਦੇ ਟਰਾਂਸਪੋਰਟ ਅਦਾਰੇ ਵਿੱਚ ਕੰਮ ਕਰਦੇ ਕਿਰਤੀਆਂ ਦੇ ਸੁਨਹਿਰੀ ਭਵਿੱਖ ਲਈ ਘੋਲ ਕਰਨ ਵਾਲੇ ਅਨੇਕਾਂ ਲੀਡਰਾਂ ਵਿੱਚੋਂ ਸਨ ਸਾਥੀ ਜਸਵੰਤ ਸਿੰਘ ਸਮਰਾ, ਜਿਨ੍ਹਾਂ ਆਪਣੇ ਜੀਵਨ ਦੇ ਅਨਮੋਲ ਸਮੇਂ ਨੂੰ ਟਰਾਂਸਪੋਰਟ ਕਾਮਿਆਂ ਦੀ ਬਿਹਤਰੀ ਤੇ ਅਦਾਰੇ ਨੂੰ ਉੱਨਤੀ 'ਤੇ ਲੈ ਜਾਣ ਲਈ ਲਗਾਇਆ।

ਭਾਰਤ ਦੀ ਅਜ਼ਾਦੀ ਉਪਰੰਤ ਟਰਾਂਸਪੋਰਟ ਅਦਾਰੇ ਦੇ ਵਰਕਰਾਂ ਨੂੰ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਝੰਡੇ ਹੇਠ ਇਕੱਠੇ ਕਰਕੇ ਜਥੇਬੰਦੀ ਨੂੰ ਸੂਬੇ ਦੀ ਸਿਰਮੌਰ ਜਥੇਬੰਦੀ ਬਣਾਉਣ ਦਾ ਮਾਣ ਪ੍ਰਾਪਤ ਕੀਤਾ। ਆਪ ਜੀ ਨੇ ਆਪਣੇ ਸੇਵਾਕਾਲ ਵਿੱਚ ਆਪਣੀ ਸੂਝ-ਬੂਝ ਤੇ ਕਲਮ ਦੀ ਤਾਕਤ ਨਾਲ ਅਫ਼ਸਰਾਂ ਪਾਸੋਂ ਵਰਕਰ ਪੱਖੀ ਫੈਸਲੇ ਕਰਵਾ ਕੇ ਵਰਕਰਾਂ ਦੇ ਦਿਲਾਂ ਵਿੱਚ ਨਿਵੇਕਲੀ ਜਗ੍ਹਾ ਬਣਾਈ ਹੋਈ ਸੀ। ਹਰ ਕੋਈ ਆਪ ਜੀ ਦੇ ਵਿਚਾਰਾਂ ਦਾ ਕਾਇਲ ਹੋ ਜਾਂਦਾ ਸੀ। ਆਪ ਜੀ ਨੇ ਟਰਾਂਸਪੋਰਟ ਵਰਕਰਾਂ ਦੀਆਂ ਮੰਗਾਂ, ਅਦਾਰੇ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਮੁਹਾਰਤ ਕੇਵਲ ਪੰਜਾਬ ਤੱਕ ਹੀ ਸੀਮਿਤ ਨਹੀਂ ਰੱਖੀ, ਬਲਕਿ ਪੂਰੇ ਭਾਰਤ ਦੇਸ਼ ਵਿੱਚ ਆਪਣੀ ਸੂਝ-ਬੂਝ ਦੀ ਮੁਹਾਰਤ ਦੀ ਮਿਸਾਲ ਪੇਸ਼ ਕੀਤੀ।

ਸਾਥੀ ਜਸਵੰਤ ਸਿੰਘ ਸਮਰਾ ਜੀ ਦੇ ਜੀਵਨ 'ਤੇ ਝਾਤ ਪਾਉਣਾ ਵੀ ਸਾਡਾ ਫਰਜ਼ ਬਣਦਾ ਹੈ। ਇਨ੍ਹਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਸਮਰਾਵਾਂ ਵਿੱਚ 12 ਅਗਸਤ 1924 ਨੂੰ ਹੋਇਆ। ਦਸਵੀਂ ਕਲਾਸ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚ ਕੀਤੀ।

ਆਪ ਜੀ ਜਿੱਥੇ ਪੜ੍ਹਾਈ ਵਿੱਚ ਅੱਵਲ ਰਹਿਣ ਵਾਲੇ ਸਨ, ਉਥੇ ਉੱਚੀ ਸੋਚ, ਨਿਧੜਕ, ਹੱਕ-ਸੱਚ 'ਤੇ ਪਹਿਰਾ ਦੇਣ ਵਾਲੇ ਹਰੇਕ ਦਾ ਆਦਰ-ਮਾਣ ਕਰਨ ਵਾਲੇ ਮਿੱਠੜੇ ਸੁਭਾਅ ਦੇ ਮਾਲਕ ਸਨ। ਪੜ੍ਹਾਈ ਉਪਰੰਤ ਆਪ ਜੀ ਨੇ ਆਪਣੇ ਹੁਨਰ ਸਦਕਾ ਰੋਡਵੇਜ਼ ਅਦਾਰੇ ਵਿੱਚ ਨੌਕਰੀ ਪ੍ਰਾਪਤ ਕੀਤੀ। ਦੇਸ਼ ਦੀ ਵੰਡ ਉਪਰੰਤ 1950 ਵਿੱਚ ਲਾਹੌਰ ਤੋਂ ਓਮਨੀ ਬੱਸ ਦੇ ਨਾਂਅ ਹੇਠ 13 ਸਰਕਾਰੀ ਬੱਸਾਂ ਆਈਆਂ ਸਨ। ਆਪ ਜੀ ਦੀ ਅਗਾਂਹਵਧੂ ਸੋਚ, ਲੋਕਾਂ ਨੂੰ ਵਧੀਆ ਸਫ਼ਰ ਸਹੂਲਤਾਂ ਦਿਵਾਉਣ, ਫਲੀਟ ਵਿੱਚ ਵਾਧਾ ਕਰਵਾਉਣ ਲਈ ਸਾਥੀ ਜਗਮੇਲ ਸਿੰਘ ਸ਼ੇਰਗਿੱਲ, ਸਾਥੀ ਨਛੱਤਰ ਸਿੰਘ ਧਾਲੀਵਾਲ, ਬਲਬੀਰ ਸਿੰਘ ਚਾਹਲ ਮੋਤੀ ਹੋਰਾਂ ਨਾਲ ਯੋਗ ਅਗਵਾਈ ਕਰਦੇ ਹੋਏ ਫਲੀਟ ਨੂੰ 2407 ਬੱਸਾਂ ਦਾ ਫਲੀਟ ਤੱਕ ਲਿਜਾਣ ਲਈ ਕਈ ਘਾਲਾਂ-ਘਾਲੀਆਂ! ਆਪ ਜੀ ਨੇ ਆਪਣੀ ਸੂਝ-ਬੂਝ ਸਦਕਾ ਤਕਰੀਬਨ 40 ਸਾਲ ਤੱਕ ਜਥੇਬੰਦੀ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ। ਆਪ ਜੀ ਨੂੰ ਨਾ ਸਿਰਫ਼ ਪੰਜਾਬ ਤੱਕ ਹੀ ਮਾਣ ਪ੍ਰਾਪਤ ਹੋਇਆ, ਬਲਕਿ ਦੇਸ਼ ਦੀ ਟਰਾਂਸਪੋਰਟ ਵਰਕਰਾਂ ਦੀ ਜਥੇਬੰਦੀ ਐੱਨ ਐੱਫ ਆਈ ਆਰ ਟੀ ਡਬਲਯੂ ਦੇ ਕੌਮੀ ਸਕੱਤਰ ਵਜੋਂ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ।



ਆਪ ਜੀ ਦੀ ਯੋਗ ਅਗਵਾਈ ਸਦਕਾ ਰੋਡਵੇਜ ਦਾ ਸਮੁੱਚਾ ਕਾਮਾ ਪੈਨਸ਼ਨ ਦਾ ਆਨੰਦ ਮਾਣ ਰਿਹਾ ਹੈ। ਪਹਿਲਾਂ ਕਿਸੇ ਵੇਲੇ ਅਦਾਰਾ ਬੁਲੰਦੀਆਂ 'ਤੇ ਜਾ ਰਿਹਾ ਸੀ, ਪਰ ਰਾਜਸੀ ਲੋਕਾਂ ਨੇ ਆਪਣੀ ਨਿੱਜੀ ਟਰਾਂਸਪੋਰਟ ਨੂੰ ਵਧਾਉਣ, ਲਾਹੇਵੰਦ ਰੂਟਾਂ 'ਤੇ ਆਪਣੀਆਂ ਗੱਡੀਆਂ ਪਾ ਕੇ ਇਸ ਅਦਾਰੇ ਨੂੰ ਘਾਟੇ ਵੱਲ ਧੱਕ ਦਿੱਤਾ ਹੈ, ਪਰ ਜਥੇਬੰਦੀ ਦੀ ਮੌਜੂਦਾ ਲੀਡਰਸ਼ਿਪ ਆਪ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਰਾਜਸੀ ਲੋਕਾਂ ਦੇ ਮਨਸੂਬਿਆਂ 'ਤੇ ਪਾਣੀ ਫੇਰਨ ਵਿੱਚ ਸਫ਼ਲ ਹੋ ਰਹੀ ਹੈ। ਵਰਕਰਾਂ ਦੇ ਹੱਕਾਂ 'ਤੇ ਡਟ ਕੇ ਪਹਿਰਾ ਦੇ ਰਹੀ ਹੈ। ਆਪ ਜੀ ਭਾਵੇਂ ਆਪਣੇ ਬੇਟੇ ਪਾਸ ਵਿਦੇਸ਼ ਚਲੇ ਗਏ ਸੀ, ਉਥੋਂ ਵੀ ਆਪ ਜੀ ਬਹੁਤ ਅਣਮੁੱਲੇ ਵਿਚਾਰਾਂ ਰਾਹੀਂ ਜਥੇਬੰਦੀ ਦੀ ਸੇਵਾ ਕਰਦੇ ਰਹੇ। ਆਪ ਜੀ 20 ਮਾਰਚ 2004 ਨੂੰ ਟਰਾਂਸਪੋਰਟ ਅਦਾਰੇ ਦੇ ਸਮੁੱਚੇ ਕਾਮਿਆਂ ਨੂੰ ਵਿਛੋੜਾ ਦੇ ਗਏ। ਜਥੇਬੰਦੀ ਅੱਜ ਵੀ ਅਦਾਰੇ ਨੂੰ ਬੁਲੰਦੀਆਂ 'ਤੇ ਲੈ ਜਾਣ ਲਈ ਲਗਾਤਾਰ ਯਤਨਸ਼ੀਲ ਹੈ। ਆਪਣੇ ਮਹਿਬੂਬ ਨੇਤਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੇ ਉਨ੍ਹਾਂ ਦੀ 19ਵੀਂ ਬਰਸੀ ਮਿਤੀ 3 ਮਾਰਚ ਨੂੰ ਜਥੇਬੰਦੀ ਦੇ ਦਫ਼ਤਰ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰ ਹਾਲ ਪਿੱਛੇ ਪੁਲਸ ਚੌਕੀ ਬੱਸ ਸਟੈਂਡ ਜਲੰਧਰ ਮਨਾ ਰਹੀ ਹੈ। ਜਥੇਬੰਦੀ ਸਭਨਾਂ ਨੂੰ ਸਾਥੀ ਜੀ ਦੀ ਬਰਸੀ 'ਤੇ ਆਉਣ ਦਾ ਸੱਦਾ ਦਿੰਦੀ ਹੈ।

***# ਜਥੇਬੰਦਕ ਸਕੱਤਰ ਪੰ. ਗੌ. ਟਰਾਂਸ. ਵਰਕਰਜ਼ ਯੂਨੀਅਨ (ਏਟਕ), 98155-69050***

# ਡਿਗਦੀ ਅਰਥ-ਵਿਵਸਥਾ ਲਈ ਕਾਰਪੋਰੇਟ ਕਿੰਨੇ ਜ਼ਿੰਮੇਵਾਰ



ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤੀਆਂ ਨੂੰ ਆਦਤ ਹੈ ਕਿ ਆਪਣੇ ਵਿੱਤ ਮੁਤਾਬਕ ਔਖੇ ਸਮੇਂ ਲਈ ਕੁਝ ਨਾ ਕੁਝ ਪੈਸਾ ਬਚਾ ਕੇ ਰੱਖਣ ਦੀ, ਪਰ 2016 ਦੀ ਨੋਟਬੰਦੀ ਨੇ ਜੋ ਕਿਸੇ ਦੀ ਥੋੜ੍ਹੀ-ਬਹੁਤੀ ਪੂੰਜੀ ਆਸੇ-ਪਾਸੇ ਸੀ, ਸਾਰੀ ਬੈਂਕਾਂ ਵਿੱਚ ਜਮ੍ਹਾਂ ਹੋ ਗਈ। ਜਦੋਂ ਬੈਂਕਾਂ ਦਾ ਦਿੱਤਾ ਕਰਜ਼ਾ ਡੁੱਬਣ ਲੱਗਿਆ ਅਤੇ ਬੈਂਕਾਂ ਵੇਚਣ ਦੀ ਗੱਲ ਆਈ ਤਾਂ ਲੋਕਾਂ ਨੇ ਪੈਸਾ ਸ਼ੇਅਰਾਂ ਵਿੱਚ ਲਗਾਉਣਾ ਸ਼ੁਰੂ ਕਰ ਦਿੱਤਾ, ਕਿਉਂਕਿ ਸੈਨਸੈਕਸ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਸੀ। ਮੱਧ ਵਰਗ ਤੇ ਹੇਠਲੇ ਵਰਗ ਦਾ ਲਾਈਫ ਇੰਸ਼ੋਰੈਂਸ ਕਾਰਪੋਰੇਸ਼ਨ ਦਾ ਤਾਂ ਜਨਮ-ਜਨਮ ਦਾ ਹੀ ਰਿਸ਼ਤਾ ਹੈ, ਪਰ ਪਿਛਲੇ ਕੁੱਝ ਦਿਨਾਂ ਵਿੱਚ ਉਹਨਾਂ ਦਾ ਇਹ ਵਿਸ਼ਵਾਸ ਬੈਂਕਾਂ ਅਤੇ ਸ਼ੇਅਰ ਮਾਰਕਿਟ ਨੂੰ ਲੈ ਕੇ ਤਾਂ ਡਗਮਗਾਇਆ ਹੀ ਸੀ। ਹੁਣ ਸ਼ੰਕਾ ਦੀ ਸੂਈ ਐੱਲ.ਆਈ.ਸੀ. ਵੱਲ ਵੀ ਵਧ ਗਈ ਹੈ। ਇਸ ਦਾ ਮੁੱਖ ਕਾਰਨ ਬਣੀ ਹਿੰਡਨਬਰਗ ਦੀ ਰਿਪੋਰਟ, ਜਿਸ ਕਰਕੇ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਵੱਡੇ ਕਾਰਪੋਰੇਟ ਘਰਾਣੇ ਯਾਨੀ ਅਡਾਨੀ ਗਰੁੱਪ ਦੇ ਸ਼ੇਅਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਚਿੰਤਾ ਉਦੋਂ ਬਣੀ ਜਦੋਂ ਇਹ ਪਤਾ ਲੱਗਾ ਕਿ ਕਾਫੀ ਸਰਕਾਰੀ ਬੈਂਕਾਂ ਨੇ ਇਸ ਗਰੁੱਪ ਨੂੰ ਲੋਨ ਦਿੱਤਾ ਹੈ ਅਤੇ ਐੱਲ.ਆਈ.ਸੀ. ਨੇ ਵੀ ਇਸ ਵਿਚ ਨਿਵੇਸ਼ ਕੀਤਾ ਹੈ। ਖੈਰ ਇਸ ਦੇ ਵਿਚਾਲੇ 4 ਫਰਵਰੀ 2023 ਨੂੰ ਸਾਡੇ ਮਾਨਯੋਗ ਵਿੱਤ ਮੰਤਰੀ ਭਾਰਤ ਸਰਕਾਰ ਨੇ ਉਪਰਲੇ ਸੰਸਦ ਵਿੱਚ ਦੱਸਿਆ ਕਿ ਸਭ ਕੁਝ ਠੀਕ ਹੈ, ਚਾਹੇ ਉਹ ਬੈਂਕ ਹੋਣ ਜਾਂ ਐੱਲ.ਆਈ.ਸੀ। ਅੱਜ ਇਸੇ ਦੀ ਸਮੀਖਿਆ ਕਰਦੇ ਹਾਂ ਕਿ ਕੁੱਝ ਗੱਲਾਂ ਦਿਲ ਨੂੰ ਕਿਉਂ ਨਹੀਂ ਲੱਗਦੀਆਂ।

**ਹਿੰਡਨਬਰਗ ਰਿਪੋਰਟ**:- ਹਿੰਡਨਬਰਗ ਅਮਰੀਕੀ ਰੀਸਰਚ ਕੰਪਨੀ ਹੈ, ਜਿਸ ਨੇ ਕਈ ਵਧੀਆ ਰਿਸਰਚ ਰਿਪੋਰਟਾਂ ਸਮੇਂ-ਸਮੇਂ 'ਤੇ ਪੇਸ਼ ਕੀਤੀਆਂ ਹਨ। 24 ਜਨਵਰੀ 2023 ਨੂੰ ਉਹਨਾਂ ਨੇ ਆਪਣੀ 3 ਸਾਲ ਤੋਂ ਚੱਲ ਰਹੀ ਰਿਸਰਚ ਨੂੰ ਜਨਤਕ ਕੀਤਾ। ਇਸ ਰਿਪੋਰਟ ਵਿੱਚ ਭਾਰਤ ਦੇ ਸਭ ਤੋਂ ਅਮੀਰ ਅਤੇ ਵਿਸ਼ਵ ਭਰ ਦੇ ਤੀਜੇ ਅਮੀਰ ਆਦਮੀ ਨੂੰ ਲੈ ਕੇ ਸਨਸਨੀਖੇਜ਼ ਖੁਲਾਸੇ ਕੀਤੇ। ਇਸ ਵਿੱਚ ਉਹਨਾਂ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਅਡਾਨੀ ਗਰੁੱਪ ਨੇ ਆਪਣੇ ਸ਼ੇਅਰਾਂ ਦੀ ਕੀਮਤ ਆਪ ਵਧਾਈ ਹੈ, ਜਦਕਿ ਕੰਪਨੀ ਕੋਲ ਓਨੀ ਸਮਰੱਥਾ ਨਹੀਂ ਕਿ ਉਹਨਾਂ ਦੇ ਸ਼ੇਅਰਾਂ ਦੀ ਕੀਮਤ ਇਸ ਤਰ੍ਹਾਂ ਦੀ ਹੋ ਸਕੇ। ਇਹ ਰਿਪੋਰਟ ਆਉਣ ਦੇ ਨਾਲ ਅਡਾਨੀ ਗਰੁੱਪ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਹੇਠਾਂ ਆਉਣ ਲੱਗੀਆਂ। ਤਕਰੀਬਨ ਇਕ ਹਫਤੇ ਅੰਦਰ ਹੀ ਅਡਾਨੀ ਦੀਆਂ ਕੰਪਨੀਆਂ ਵਿੱਚ 100 ਅਰਬ ਡਾਲਰ ਦੀ ਗਿਰਾਵਟ ਆਈ। ਇਸ ਨਾਲ ਫੋਰਬਸ ਦੀ ਲਿਸਟ ਵਿੱਚ ਜੋ ਅਡਾਨੀ ਅਮੀਰਾਂ ਦੀ ਸੂਚੀ ਵਿੱਚ ਤੀਜੇ ਸਥਾਨ 'ਤੇ ਸੀ, ਉਹ ਖਿਸਕ ਕੇ 27ਵੇਂ ਸਥਾਨ 'ਤੇ ਪਹੁੰਚ ਗਏ।

ਇਸ ਰਿਪੋਰਟ ਆਉਣ ਤੋਂ ਬਾਅਦ ਭਾਰਤ ਵਿੱਚ ਤਾਂ ਕਿਸੇ ਵੀ ਅਦਾਰੇ ਨੇ ਕੋਈ ਜਾਂਚ ਸ਼ੁਰੂ ਨਹੀਂ ਕੀਤੀ। ਸਿਰਫ ਆਰ ਬੀ ਆਈ ਨੇ ਬੈਂਕਾਂ ਤੋਂ ਬਿਊਰਾ ਮੰਗਿਆ ਕਿ ਕਮਰਸ਼ੀਅਲ ਬੈਂਕ ਦੱਸਣ ਕਿ ਕਿਸ ਬੈਂਕ ਨੇ ਕਿੰਨਾ ਲੋਨ ਦਿੱਤਾ ਹੈ। ਇਸ ਵਿਚਾਲੇ ਐੱਲ ਆਈ ਸੀ ਨੇ ਵੀ ਮੀਟਿੰਗ ਕੀਤੀ ਅਤੇ ਆਪਣੇ ਨਿਵੇਸ਼ ਦੀ ਸਮੀਖਿਆ ਲਈ। ਇਸ ਦੇ ਉਲਟ ਵਿਦੇਸ਼ੀ ਕੰਪਨੀਆਂ ਜਿਵੇਂ ਕਰੈਡਿਟ ਸਵਿਸ ਰੇਟਿੰਗ ਨੇ ਅਡਾਨੀ ਗਰੁੱਪ ਦੇ ਬਾਂਡ ਖਰੀਦਣ ਜਾਂ ਲੋਨ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਦਾ ਫੈਸਲਾ ਸਿਟੀ ਬੈਂਕ ਨੇ ਵੀ ਲਿਆ। ਇਸ ਤੋਂ ਬਾਅਦ ਵਿਸ਼ਵ ਦੀਆਂ ਹੋਰ ਵੀ ਕਈ ਬੈਂਕਾਂ ਸਟੈਂਡਰਡ ਚਾਰਟਰਡ ਨੇ ਵੀ ਸਵਿਸ ਕਰੈਡਿਟ ਅਤੇ ਸਿਟੀ ਬੈਂਕ ਦਾ ਰਾਹ ਫੜਿਆ। ਉਸ ਤੋਂ ਬਾਅਦ ਡੋਅ ਜੇਨਸ ਨੇ ਵੀ ਅਡਾਨੀ ਗਰੁੱਪ ਨੂੰ ਆਪਣੇ ਪੋਰਟਫੋਲੀਓ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

ਇਸੇ ਦੌਰਾਨ ਅਡਾਨੀ ਗਰੁੱਪ ਨੇ ਆਪਣੀ ਸਫਾਈ ਵਿੱਚ 413 ਪੰਨਿਆਂ ਦੀ ਰਿਪੋਰਟ ਜਾਰੀ ਕੀਤੀ। ਅਸਲ ਵਿੱਚ ਇਸ ਦੇ 30 ਪੰਨਿਆਂ ਵਿੱਚੋਂ ਹੀ ਥੋੜ੍ਹੀ-ਬਹੁਤੀ ਗੱਲ ਨਿਕਲਦੀ ਹੈ, ਪਰ ਨਾ ਹੀ 30 ਪੰਨਿਆਂ ਦਾ ਜਵਾਬ ਅਤੇ ਨਾ ਹੀ ਅਡਾਨੀ ਸਾਹਿਬ ਦੀ ਆਪਣੀ ਵੀਡੀਓ ਲੋਕਾਂ ਨੂੰ ਤਸੱਲੀ ਦੇ ਸਕੀ ਅਤੇ ਸ਼ੇਅਰ ਲਗਾਤਾਰ ਡਿੱਗਦੇ ਰਹੇ। ਇਸ ਵੀਡੀਓ ਵਿੱਚ ਅਡਾਨੀ ਗਰੁੱਪ ਨੇ ਕੋਰਟ ਵਿੱਚ ਜਾਣ ਦੀ ਗੱਲ ਕਹੀ, ਜਿਸ ਦੇ ਜਵਾਬ ਵਿੱਚ ਹਿੰਡਨਬਰਗ ਨੇ ਕਿਹਾ, ਜ਼ਰੂਰ ਜਾਓ ਸਾਨੂੰ ਚੰਗਾ ਲੱਗੇਗਾ। ਇਸੇ ਦੌਰਾਨ ਅਡਾਨੀ ਗਰੁੱਪ ਨੇ ਆਪਣਾ 20000 ਕਰੋੜ ਦਾ ਐਫ ਪੀ ਓ ਜਾਰੀ ਕਰਨਾ ਸੀ ਜਿਸ ਤੋਂ ਇਹ ਪਿੱਛੇ ਨਹੀਂ ਹਟੇ। ਐੱਫ ਪੀ ਓ ਪੂਰਾ ਸਬਸਕ੍ਰਾਇਬ ਵੀ ਹੋ ਗਿਆ, ਪਰ ਉਸੇ ਦਿਨ ਹੀ ਅਡਾਨੀ ਗਰੁੱਪ ਨੇ ਐਫ ਪੀ ਓ ਵਾਪਸ ਲੈ ਲਿਆ ਅਤੇ ਸਭ ਦੇ ਪੈਸੇ ਵਾਪਸ ਦੇਣ ਲਈ ਕਿਹਾ। ਇਸ ਤਰ੍ਹਾਂ ਲੱਗਦਾ ਹੈ ਕਿ ਇਹ ਪੈਸਾ ਕਾਰਪੋਰੇਟ ਦੀ ਸ਼ਾਖ ਬਚਾਉਣ ਲਈ ਲਗਾਇਆ, ਜੋ ਬਾਅਦ ਵਿੱਚ ਵਾਪਸ ਹੋ ਗਿਆ।

**ਬੈਂਕਾਂ 'ਤੇ ਐੱਲ ਆਈ ਸੀ 'ਤੇ ਸਵਾਲ ਕਿਉਂ**:- ਅਸਲ ਵਿੱਚ ਜੇ ਪਿਛੋਕੜ ਵੇਖੋ ਤਾਂ ਜਦੋਂ 1992 ਵਿੱਚ ਹਰਸ਼ਦ ਮਹਿਤਾ ਸਕੈਮ ਹੋਇਆ ਸੀ ਤਾਂ ਮਾਰਕਿਟ ਦਾ ਦਿਵਾਲਾ ਨਿਕਲ ਗਿਆ ਸੀ। ਉਸ ਸਮੇਂ ਯੂਨਿਟ ਟਰੱਸਟ ਆਫ ਇੰਡੀਆ ਅਤੇ ਨੈਸ਼ਨਲ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਦੋਵੇਂ ਹੀ ਖੁਦਕੁਸ਼ੀ ਕਰ ਗਏ ਸਨ। ਅਸਲ ਵਿੱਚ ਦੋਨੋਂ ਕੰਪਨੀਆਂ ਨੇ ਹੀ ਸ਼ੇਅਰਾਂ ਵਿੱਚ ਨਿਵੇਸ਼ ਕੀਤਾ ਹੋਇਆ ਸੀ ਅਤੇ ਸ਼ੇਅਰਾਂ ਦੇ ਭਾਅ ਡਿੱਗਣ ਨਾਲ ਕੰਪਨੀਆਂ ਦਾ ਪੈਸਾ ਡੁੱਬਿਆ। ਇਹ ਪੈਸਾ ਅਸਲ ਵਿੱਚ ਲੋਕਾਂ ਦਾ ਸੀ। ਦੂਜਾ ਜਦੋਂ 2008 ਵਿੱਚ ਡਾਟਕਾਮ ਸਕੈਮ ਹੋਇਆ ਸੀ, ਉਦੋਂ ਵੀ ਨਕਲੀ ਤੌਰ 'ਤੇ ਆਈ ਟੀ ਕੰਪਨੀਆਂ ਨੇ ਆਪ ਰਲ ਕੇ ਆਪਣੇ ਸ਼ੇਅਰ ਉੱਪਰ ਚੁੱਕੇ, ਫੇਰ ਆਪ ਹੀ ਆਪਣਾ ਪੈਸਾ ਕੱਢ ਕੇ ਸ਼ੇਅਰ ਸਿੱਟ ਦਿੱਤੇ, ਜਿਸ ਨਾਲ ਸਿੱਧਮ, ਸਿੱਧਾ ਲੋਕਾਂ ਦਾ ਨੁਕਸਾਨ ਹੋਇਆ। ਉਸ ਤੋਂ ਬਾਅਦ 2011 ਵਿੱਚ ਵਿਜੇ ਮਾਲਿਆ ਦੀ ਕਿੰਗਫਿਸ਼ਰ ਏਅਰਲਾਈਨਜ਼ ਦਾ ਦਿਵਾਲਾ ਨਿਕਲਿਆ, ਪਰ ਉਸ ਦਾ ਅਸਰ ਸਾਨੂੰ ਚਾਰ ਕੁ ਸਾਲਾਂ ਵਿੱਚ ਪਤਾ ਲੱਗਾ ਅਤੇ 2016 ਵਿੱਚ ਉਹ ਦੇਸ਼ ਛੱਡ ਕੇ ਫਰਾਰ ਹੋ ਗਿਆ, ਜਿਸ ਨਾਲ ਸਾਡੇ ਬੈਂਕਾਂ ਨੂੰ ਵੱਡਾ ਝਟਕਾ ਲੱਗਾ। ਅਖਬਾਰਾਂ ਵਿੱਚ ਅੰਕੜਿਆਂ ਮੁਤਾਬਕ ਤਕਰੀਬਨ 9000 ਕਰੋੜ ਸਿਰਫ ਐੱਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਦਾ ਹੀ ਸੀ। ਇਸ ਤੋਂ ਬਾਅਦ ਪੀ ਐੱਨ ਬੀ ਦਾ ਸਕੈਮ ਜਿਸ ਵਿੱਚ ਮੇਹੁਲ ਚੌਕਸੀ ਅਤੇ ਨੀਰਵ ਮੋਦੀ ਤਕਰੀਬਨ 11000 ਕਰੋੜ ਦਾ ਚੂਨਾ ਲਗਾ ਕੇ ਨਿਕਲ ਗਏ।

ਇਸ ਸਭ ਵਿੱਚ ਬੈਂਕਾਂ ਦੀ ਹਾਲਤ ਪਤਲੀ ਹੋਣੀ ਸ਼ੁਰੂ ਹੋ ਗਈ, ਕਿਉਂਕਿ ਵੱਡਿਆਂ ਨੂੰ ਪਤਾ ਲੱਗ ਗਿਆ ਕਿ ਪੈਸੇ ਲਓ ਅਤੇ ਨਿਕਲ ਜਾਓ। ਕੋਈ ਕੁੱਝ ਨਹੀਂ ਕਰ ਸਕਦਾ। ਉਹਨਾਂ ਆਪਣੀਆਂ ਜਾਇਦਾਦਾਂ ਪਹਿਲਾਂ ਹੀ ਬਾਹਰ ਬਣਾਈਆਂ ਹੋਈਆਂ ਹਨ। ਇਸ ਵਿੱਚ ਵਿਚਾਲੇ ਅਣਗਿਣਤ ਹੀ ਕਾਰਪੋਰੇਟ ਘਰਾਣੇ ਹਨ, ਜਿਨ੍ਹਾਂ ਦੇ ਲੋਨ ਵੱਟੇ-ਖਾਤੇ ਪਾ ਦਿੱਤੇ, ਭਾਵ ਛੱਡ ਦਿੱਤੇ ਗਏ। ਪਿਛਲੇ 5 ਸਾਲਾਂ ਵਿੱਚ ਤਕਰੀਬਨ ਦਸ ਲੱਖ ਕਰੋੜ ਬੈਂਕਾਂ ਵੱਲੋਂ ਮੁਆਫ ਕੀਤਾ ਗਿਆ। ਇਸ ਵਿੱਚ ਤਕਰੀਬਨ 7,72,000 ਕਰੋੜ ਦੇ ਕਰੀਬ ਸਰਕਾਰੀ ਬੈਂਕਾਂ ਦਾ ਹੈ ਅਤੇ 232000 ਕਰੋੜ ਦੇ ਕਰੀਬ ਪ੍ਰਾਈਵੇਟ ਬੈਂਕਾਂ ਦਾ ਹੈ। ਸਾਡੇ ਵਿੱਤ ਮੰਤਰੀ ਨੇ ਦਸੰਬਰ 2022 ਵਿੱਚ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਸੀ ਕਿ ਵੱਟੇ-ਖਾਤੇ ਪਾਉਣ ਤੋਂ ਬਾਅਦ ਵੀ ਉਗਰਾਹੀ ਦੀ ਪ੍ਰਕਿਰਿਆ ਚੱਲਦੀ ਰਹਿੰਦੀ ਹੈ। ਪੰਜ ਸਾਲਾਂ ਵਿੱਚ 10 ਲੱਖ ਕਰੋੜ ਵਿੱਚੋਂ ਤਕਰੀਬਨ ਇਕ ਲੱਖ ਬੱਤੀ ਹਜ਼ਾਰ ਕਰੋੜ ਹੀ ਵਾਪਸ ਲੈ ਸਕੇ। ਇਸ ਵਿੱਚ ਸਮਝਣ ਦੀ ਲੋੜ ਹੈ ਕਿ 2019 ਵਿੱਚ ਜਦੋਂ ਪੀ ਐੱਮ ਸੀ (ਪੰਜਾਬ ਮਹਾਂਰਾਸ਼ਟਰਾ ਕੋਆਪਰੇਟਿਵ) ਬੈਂਕ ਦਾ ਸਕੈਮ ਆਇਆ ਅਤੇ ਉਸ ਤੋਂ ਬਾਅਦ ਬਾਕੀ ਬੈਂਕਾਂ ਦੇ ਹਾਲਾਤ ਸਾਹਮਣੇ ਆਏ ਤਾਂ ਬੈਂਕਾਂ ਨੂੰ ਆਪਸ ਵਿੱਚ ਇਕੱਠੇ ਕਰਕੇ ਬਚਾ ਲਿਆ ਗਿਆ। ਅੱਗੇ ਹੁਣ ਅੱਗੋਂ ਉਹ ਰਸਤਾ ਵੀ ਖਤਮ ਹੁੰਦਾ ਜਾਂਦਾ ਹੈ। ਅਡਾਨੀ ਗਰੁੱਪ 'ਤੇ ਕੁੱਲ ਕਰਜ਼ਾ ਤਕਰੀਬਨ 1,80,000 ਕਰੋੜ ਦਾ ਹੈ।

ਅਡਾਨੀ ਗਰੁੱਪ ਦੇ ਸ਼ੇਅਰਾਂ ਦੇ ਡਿੱਗਣ 'ਤੇ ਐੱਸ ਬੀ ਆਈ ਦੇ ਚੇਅਰਮੈਨ ਦਾ ਬਿਆਨ ਆਇਆ ਹੈ ਕਿ ਬੈਂਕ ਦਾ ਸਿਰਫ 27000 ਕਰੋੜ ਹੈ, ਜੋ ਕੁੱਲ ਪੂੰਜੀ ਦਾ 0.88 ਪ੍ਰਤੀਸ਼ਤ ਹੀ ਲੱਗਾ ਹੈ। ਯਾਨੀ ਉਹਨਾਂ ਦਾ ਐਕਸਪੋਜ਼ਰ ਬਹੁਤ ਘੱਟ ਹੈ। ਇਹ ਗੱਲ ਉਹ ਹੀ ਕਹਿੰਦਾ ਹੈ, ਜਿਸ ਦੀ ਆਪਣੀ ਜੇਬ ਵਿੱਚੋਂ ਪੈਸਾ ਨਹੀਂ ਲੱਗਾ ਹੁੰਦਾ। ਬੈਂਕ ਦਾ ਪੈਸਾ ਯਾਨੀ ਲੋਕਾਂ ਦਾ ਪੈਸਾ ਹੀ ਖਤਮ ਹੁੰਦਾ ਹੈ। ਪੀ ਐੱਮ ਸੀ ਵਿੱਚ ਫਸੇ ਤਾਂ ਲੋਕ ਹੀ ਅੱਜ ਵੀ, ਜੇ ਤੁਹਾਡਾ 5 ਲੱਖ ਤੋਂ ਉਪਰ ਕੋਈ ਬੈਂਕ ਵਿੱਚ ਪੈਸਾ ਪਿਆ ਹੈ ਤਾਂ ਜੇ ਬੈਂਕ ਡੁੱਬਦਾ ਹੈ ਤਾਂ ਸਿਰਫ 5 ਲੱਖ ਤੱਕ ਹੀ ਤੁਹਾਨੂੰ ਮਿਲਣ ਦੀ ਆਸ ਹੈ, ਬਾਕੀ ਖਤਮ। ਉਸ ਦਾ ਵੀ ਪਤਾ ਨਹੀਂ ਕਿੰਨੇ ਸਮੇਂ ਵਿੱਚ ਥੋੜ੍ਹੇ-ਥੋੜ੍ਹੇ ਕਰਕੇ ਦਿੱਤਾ ਜਾਵੇ। ਇਸੇ ਤਰ੍ਹਾਂ ਪੀ ਐੱਨ ਬੀ ਦਾ ਤਕਰੀਬਨ 7000 ਕਰੋੜ ਦੇ ਕਰੀਬ ਹੈ। ਅੱਜ ਤੱਕ ਜਦੋਂ ਵੀ ਧਨਾਢ ਬੰਦੇ ਪੈਸਾ ਲੈ ਕੇ ਭੱਜੇ ਹਨ, ਉਦੋਂ ਸੇਕ ਸਿਰਫ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਹੀ ਲੱਗਾ।

ਇਹ ਹੀ ਹਾਲ ਐੱਲ ਆਈ ਸੀ ਦਾ ਹੈ। ਉਸ ਨੇ ਤਕਰੀਬਨ 83000 ਕਰੋੜ ਦਾ ਨਿਵੇਸ਼ ਕੀਤਾ ਹੈ, ਪਰ ਐੱਲ ਆਈ ਸੀ ਦੇ ਮੁਤਾਬਕ ਇਹ ਨਿਵੇਸ਼ ਸਿਰਫ 28000 ਕਰੋੜ ਦਾ ਹੈ, ਬਾਕੀ ਤਾਂ ਸ਼ੇਅਰਾਂ ਦੀ ਕੀਮਤ ਵਧਣ ਨਾਲ ਮੁਨਾਫਾ ਹੋਇਆ ਸੀ, ਹੁਣ ਜਿਵੇਂ-ਜਿਵੇਂ ਸ਼ੇਅਰਾਂ ਦੀ ਕੀਮਤ ਘਟਦੀ ਜਾ ਰਹੀ ਹੈ, ਇਹ ਘਟ ਰਿਹਾ ਹੈ, ਪਰ ਅਜੇ ਅਸੀਂ ਜੋ ਲਗਾਇਆ ਹੈ, ਉਸ ਤੋਂ ਉੱਪਰ ਹਾਂ।

**ਬੈਂਕਾਂ ਵਿੱਚ ਘਟਦੀ ਪੂੰਜੀ**:- ਪਿਛਲੇ 6 ਮਹੀਨਿਆਂ ਤੋਂ ਬੈਂਕਾਂ ਵਿੱਚ ਪੂੰਜੀ ਜਮ੍ਹਾਂ ਕਰਾਉਣ ਦਾ ਰੇਟ ਤਕਰੀਬਨ 7 ਤੋਂ 9 ਫੀਸਦੀ ਵਿੱਚ ਹੈ, ਜਦਕਿ ਕਰਜ਼ਾ ਦੇਣ ਦਾ ਰੇਟ 17 ਤੋਂ 18 ਫੀਸਦੀ ਵਿੱਚ ਹੈ। ਇਸ ਦਾ ਸਿੱਧਾ ਅਰਥ ਇਹ ਹੈ, ਬੈਂਕ ਕੋਲ ਪੈਸਾ ਆ ਤਾਂ ਘਟ ਰਿਹਾ ਹੈ, ਪਰ ਕਰਜ਼ਾ ਦੇਣ ਦੀ ਰਫਤਾਰ ਤੇਜ਼ ਹੈ, ਜਿਸ ਨਾਲ ਬਹੁਤੀ ਵਾਰ ਐੱਨ ਪੀ ਏ ਵਧ ਰਹੇ ਹਨ। ਇਸ ਦਾ ਸਿੱਧਾ ਮਤਲਬ ਹੈ ਕਿ ਬੈਂਕਾਂ ਨੇ ਸਬਕ ਨਹੀਂ ਸਿੱਖਿਆ। ਇਹ ਹਾਲ 2016 ਵਿੱਚ ਵੀ ਸੀ, ਜਦੋਂ ਸਰਕਾਰ ਨੇ ਨੋਟਬੰਦੀ ਕਰਕੇ ਬੈਂਕਾਂ ਵਿੱਚ ਲੋਕਾਂ ਦਾ ਪੈਸਾ ਪੁਆ ਦਿੱਤਾ। ਅੱਜ ਆਮ ਲੋਕਾਂ ਦੀ ਜੇਬ ਵਿੱਚ ਪੈਸਾ ਹੀ ਨਹੀਂ ਰਿਹਾ। ਇਸ ਸਾਲ ਦੇ ਬੱਜਟ ਵਿੱਚ ਸਰਕਾਰ ਨੇ ਮਹੀਨਾਵਾਰ ਆਮਦਨ ਸਕੀਮ ਵਿੱਚ ਰਾਸ਼ੀ ਪ੍ਰਤੀ ਜੀਅ 4.50 ਲੱਖ ਤੋਂ ਵਧਾ ਕੇ 9 ਲੱਖ ਕਰ ਦਿੱਤੀ ਹੈ। ਇਸ ਉਮੀਦ ਨਾਲ ਕਿ ਮੱਧ ਵਰਗ ਜਾਂ ਹੇਠਲੇ ਵਰਗ ਦੇ ਲੋਕ ਹੋਰ ਪੈਸਾ ਪਾਉਣਗੇ।

ਇਸ ਸਾਰੇ 'ਤੇ ਵਿਵਾਦ ਵਧਦਾ ਹੀ ਜਾ ਰਿਹਾ ਹੈ। ਉੱਧਰ ਵਿਰੋਧੀ ਧਿਰਾਂ ਵੀ ਸਰਕਾਰ ਨੂੰ ਇਸ ਉੱਪਰ ਸਾਂਝੀ ਪਾਰਲੀਮਾਨੀ ਕਮੇਟੀ ਤੋਂ ਜਾਂਚ ਕਰਵਾਉਣ ਲਈ ਮੰਗ ਕਰ ਰਹੀਆਂ ਹਨ। ਹਾਲਾਂਕਿ ਸਰਕਾਰ ਇਹ ਕਹਿੰਦੀ ਹੈ ਕਿ ਪਾਰਲੀਮੈਂਟ ਸੁਪਰੀਮ ਹੈ ਤਾਂ ਫੇਰ ਇਸ ਤੋਂ ਜਾਂਚ ਕਰਾਉਣ ਵਿੱਚ ਕੀ ਹਰਜ਼ ਹੈ, ਸਗੋਂ ਜਾਂਚ ਕਰਵਾਓ, ਸੱਚ ਸਾਹਮਣੇ ਆਵੇ। ਜੇ ਸੱਚ ਵਿੱਚ ਹਿੰਡਨਬਰਗ ਦੀ ਰਿਪੋਰਟ ਗਲਤ ਨਿਕਲਦੀ ਹੈ ਤਾਂ ਉਹਨਾਂ ਦੇ ਖਿਲਾਫ ਅੰਤਰਰਾਸ਼ਟਰੀ ਪੱਧਰ 'ਤੇ ਜਾਂਚ ਕਰਵਾਈ ਜਾਵੇ। ਜੇਕਰ ਉਹ ਸਹੀ ਹੈ ਅਤੇ ਕਾਰਪੋਰੇਟ ਘਰਾਣੇ 'ਤੇ ਸਖਤ ਕਾਰਵਾਈ ਹੋਵੇ।

***# ਸੰਪਰਕ : 96537-90000***

CMYK

3-MAR-PAGE-5.qxd 3/2/2023 10:24 PM Page 1



# ਰੇਤ ਦੀ ਖੱਡ 'ਤੇ ਇਕੱਠਾ ਕੰਮ ਕਰਨ ਨੂੰ ਲੈ ਕੇ ਮਜ਼ਦੂਰ ਹੋਏ ਆਹਮੋ-ਸਾਹਮਣੇ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਪਿੰਡ ਬਾਧਾ ਦੇ ਨਜ਼ਦੀਕ ਚੱਲ ਰਹੀ ਰੇਤ ਦੀ ਖੱਡ 'ਤੇ ਇਕੱਠਾ ਕੰਮ ਕਰਨ ਨੂੰ ਲੈ ਕੇ ਮਜ਼ਦੂਰਾਂ ਦੇ ਦੋ ਧੜੇ ਆਹਮੋ ਸਾਹਮਣੇ ਹੋ ਗਏ, ਜਿਸ ਕਾਰਨ ਦੋਨਾਂ ਧੜਿਆਂ ਦਰਮਿਆਨ ਬਣੇ ਆਪਸੀ ਵਿਵਾਦ ਤੋਂ ਬਾਅਦ ਇੱਕ ਵਾਰ ਫਿਰ ਤੋਂ ਖੱਡ 'ਤੇ ਮਾਹੌਲ ਕਾਫੀ ਗਰਮਾ ਗਿਆ। ਇਸ ਮੌਕੇ ਪੁਲਸ ਪ੍ਰਸ਼ਾਸਨ ਤੇ ਮਾਈਨਿੰਗ ਵਿਭਾਗ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਮਜ਼ਦੂਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਮਜ਼ਦੂਰ ਆਪਣੀ ਮੰਗ 'ਤੇ ਅੜੇ ਰਹੇ। ਇਸ ਦੌਰਾਨ ਉਨ੍ਹਾਂ ਵੱਲੋਂ ਇੱਕ ਦੂਜੇ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾਏ ਗਏ।

ਇਸ ਮੌਕੇ ਇੱਕ ਧੜੇ ਨਾਲ ਸਬੰਧਤ ਮਜ਼ਦੂਰ ਆਗੂਆਂ ਕਾਮਰੇਡ ਸੁਬੇਗ ਸਿੰਘ, ਹੁਸ਼ਿਆਰ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਜਦੋਂ ਦੀ ਇੱਥੇ ਰੇਤ ਦੀ ਖੱਡ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਉਨ੍ਹਾਂ ਵੱਲੋਂ ਆਪਣੇ ਮਜ਼ਦੂਰਾਂ ਨਾਲ ਵੱਖਰਾ ਕੰਮ ਕੀਤਾ ਜਾ ਰਿਹਾ ਸੀ। ਹਾਲਾਂਕਿ ਖੱਡ ਸ਼ੁਰੂ ਹੋਣ ਸਮੇਂ ਵੀ ਇਸੇ ਤਰ੍ਹਾਂ ਦਾ ਵਿਵਾਦ ਹੋਇਆ ਸੀ, ਜਿਸ ਤੋਂ ਬਾਅਦ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਇਸ ਵਿਵਾਦ ਨੂੰ ਸੁਲਝਾ ਲਿਆ ਗਿਆ ਸੀ, ਜਿਸ ਤੋਂ ਬਾਅਦ ਉਹ ਇੱਥੇ ਆਪਣੇ ਮਜ਼ਦੂਰਾਂ ਨਾਲ ਵੱਖਰਾ ਕੰਮ ਕਰ ਰਹੇ ਸਨ। ਇਸ ਤੋਂ ਕੁੱਝ ਦਿਨ ਬਾਅਦ ਖੇਤ ਮਾਲਕ ਵੱਲੋਂ ਘਾਟੇ ਦੀ ਗੱਲ ਕਹਿ ਕੇ ਰੇਤ ਚੁਕਵਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ, ਜਿਸ ਕਾਰਨ ਰੇਤ ਦੀ ਖੱਡ ਇੱਕ ਵਾਰ ਫਿਰ ਤੋਂ ਬੰਦ ਕਰ ਦਿੱਤੀ ਗਈ ਸੀ। ਬਾਅਦ 'ਚ ਅਧਿਕਾਰੀਆਂ ਵੱਲੋਂ ਉਸ ਨੂੰ ਸਮਝਾਉਣ ਤੋਂ ਬਾਅਦ ਵੀਰਵਾਰ ਨੂੰ ਦੋਬਾਰਾ ਕੰਮ ਸ਼ੁਰੂ ਹੋਇਆ ਤਾਂ ਦੂਜੇ ਧੜੇ ਨਾਲ ਸਬੰਧਤ ਮਜ਼ਦੂਰ ਆਗੂਆਂ ਨੇ ਉਨ੍ਹਾਂ ਨੂੰ ਵੱਖਰਾ ਕੰਮ ਨਹੀਂ ਕਰਨ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਆਪਣਾ ਕੰਮ ਬੰਦ ਕਰ ਦਿੱਤਾ ਗਿਆ।

ਉਨ੍ਹਾਂ ਨੇ ਦੂਜੇ ਧੜੇ ਨਾਲ ਸਬੰਧਤ ਮਜ਼ਦੂਰ ਆਗੂਆਂ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਮਜ਼ਦੂਰਾਂ ਦੇ ਪੈਸਿਆਂ ਵਿੱਚੋਂ ਕੁੱਝ ਪੈਸੇ ਕੱਟ ਕੇ ਉਨ੍ਹਾਂ ਨੂੰ ਦਿੰਦੇ ਹਨ, ਜਿਸ ਕਾਰਨ ਉਹ ਉਨ੍ਹਾਂ ਨਾਲ ਰਲ ਕੇ ਕੰਮ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਵੱਲੋਂ ਹੋਰ ਵੀ ਕਈ ਤਰ੍ਹਾਂ ਦੇ ਦੋਸ਼ ਲਗਾਏ ਗਏ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਵੱਖਰਾ ਕੰਮ ਚਲਵਾਇਆ ਜਾਵੇ, ਤਾਂ ਜੋ ਉਨ੍ਹਾਂ ਦੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਪੂਰਾ ਹੱਕ ਮਿਲ ਸਕੇ।

ਦੂਜੇ ਪਾਸੇ ਦੂਜੇ ਧੜੇ ਨਾਲ ਸਬੰਧਤ ਮਜ਼ਦੂਰ ਆਗੂਆਂ ਕਾਮਰੇਡ ਚਿਮਨ ਸਿੰਘ, ਮੰਗਾ ਸਿੰਘ ਤੇ ਹੋਰਨਾਂ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਰੇਤ ਖੱਡ 'ਤੇ ਸਾਰਾ ਕੰਮ ਰਲ ਮਿਲ ਕੇ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮਜ਼ਦੂਰਾਂ ਦੇ ਦੋਨਾਂ ਧੜਿਆਂ ਦੇ ਆਗੂਆਂ ਵੱਲੋਂ ਇਕੱਠੇ ਕੰਮ ਕਰਨ ਦੀ ਸਹਿਮਤੀ ਜਤਾਈ ਗਈ ਸੀ, ਪਰ ਬਾਅਦ ਵਿੱਚ ਉਹ ਵੱਖਰੇ ਕੰਮ ਕਰਨ ਦੀ ਮੰਗ ਕਰਨ ਲੱਗੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਉਨ੍ਹਾਂ ਨੂੰ ਵੀ ਉਨ੍ਹਾਂ ਨਾਲ ਮਿਲ ਕੇ ਕੰਮ ਚਲਾਉਣ ਬਾਰੇ ਕਹਿ ਚੁੱਕੇ ਹਨ, ਪਰ ਉਹ ਨਹੀਂ ਮੰਨ ਰਹੇ।

ਬਾਅਦ ਵਿੱਚ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਤੇ ਪੁਲਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਨੂੰ ਸਮਝਾਉਣ ਤੋਂ ਬਾਅਦ ਉਨ੍ਹਾਂ ਦਾ ਆਪਸੀ ਵਿਵਾਦ ਸੁਲਝਾ ਲਿਆ ਗਿਆ।

ਜਦੋਂ ਇਸ ਬਾਰੇ ਮਾਈਨਿੰਗ ਵਿਭਾਗ ਦੇ ਐੱਸ ਡੀ ਓ ਵਿਵੇਕ ਮੱਕੜ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।

# ਜ਼ਿਲ੍ਹੇ ਵਿੱਚ ਵੱਖ-ਵੱਖ ਸਥਾਨਾਂ 'ਤੇ ਰੁਜ਼ਗਾਰ ਮੇਲੇ 14 ਤੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਵੱਖ-ਵੱਖ ਸਥਾਨਾਂ 'ਤੇ 14 ਤੋਂ 17 ਮਾਰਚ 2023 ਤੱਕ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ।ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਵਿ)-ਕਮ-ਸੀਈਓ ਅਰੁਣ ਕੁਮਾਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਇਹ ਰੋਜ਼ਗਾਰ ਮੇਲੇ 14 ਮਾਰਚ 2023 ਨੂੰ ਸਰਕਾਰੀ ਆਈ ਟੀ ਆਈ. (ਲੜਕੇ) ਫਿਰੋਜ਼ਪੁਰ, 15 ਮਾਰਚ 2023 ਨੂੰ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਮੋਗਾ ਰੋਡ ਫਿਰੋਜ਼ਪੁਰ (ਸਿਰਫ ਵਰਚੂਅਲ), 16 ਮਾਰਚ 2023 ਨੂੰ ਡਾਕਟਰ ਲਾਲ ਮੈਮੋਰੀਅਲ ਇਸਟੀਚਿਊਟ ਜ਼ੀਰਾ, 17 ਮਾਰਚ 2023 ਨੂੰ ਬਾਬਾ ਫਰੀਦ ਆਈਟੀਆਈ ਨੇੜੇ ਆਸਥਾ ਹਸਪਤਾਲ ਗੁਰੂ ਹਰਸਹਾਏ ਵਿਖੇ ਲਗਾਏ ਜਾਣਗੇ।ਇਨ੍ਹਾਂ ਮੇਲਿਆਂ ਵਿੱਚ ਵਰਧਮਾਨ ਟੈਕਸਟਾਈਲ ਲਿਮਟਡ, ਭਾਰਤੀ ਐਕਸਾ, ਏਅਰਟੈੱਲ, ਟੈਲੀਪ੍ਰਫੋਰਮੈਂਸ, ਬਾਈਜੂ, ਐੱਲ ਆਈ ਸੀ, ਐੱਸ ਬੀ ਆਈ ਕ੍ਰੈਡਿਟ ਕਾਰਡ, ਰਾਕਸਾ ਸਕਿਊਰਟੀ ਆਦਿ ਕੰਪਨੀਆਂ ਭਾਗ ਲੈ ਰਹੀਆਂ ਹਨ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਮੇਲਿਆਂ ਵਿੱਚ ਦਸਵੀਂ/ਬਾਰਵੀਂ/ਗ੍ਰੈਜੂਏਟ ਪਾਸ ਲੜਕੇ-ਲੜਕੀਆਂ ਭਾਗ ਲੈ ਸਕਦੇ ਹਨ।ਚਾਹਵਾਨ ਪ੍ਰਾਰਥੀ ਆਪਣੀ ਪੜ੍ਹਾਈ ਦੇ ਅਸਲ ਸਰਟੀਫਿਕੇਟ, ਅਧਾਰ ਕਾਰਡ, ਰਜ਼ਿਊਮ ਆਦਿ ਲੈ ਕੇ ਉਕਤ ਦਰਸਾਈਆਂ ਮਿਤੀਆਂ ਅਨੁਸਾਰ ਕੈਂਪਾਂ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਦਾ ਸਮਾਂ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਦਾ ਰੱਖਿਆ ਗਿਆ ਹੈ।

# ਵਰਲਡ ਯੂਨੀਵਰਸਿਟੀ ਵਿਖੇ ਅੰਤਰਰਾਸ਼ਟਰੀ ਕਾਨਫਰੰਸ 'ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਕਾਲੀ ਸਰੋਕਾਰ' ਦੀ ਸ਼ੁਰੂਆਤ



ਕਾਨਫਰੰਸ ਦੌਰਾਨ ਧਰਮ ਅਧਿਐਨ ਵਿਭਾਗ ਵੱਲੋਂ ਪ੍ਰਕਾਸ਼ਤ ਖੋਜ ਰਸਾਲੇ ਨੂੰ ਲੋਕ ਅਰਪਣ ਕਰਦੇ ਹੋਏ ਮੁੱਖ ਮਹਿਮਾਨ ਤੇ ਹੋਰ।

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਐਜਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ "ਸ੍ਰੀ ਗੁਰੂ ਗ੍ਰੰਥ ਸਾਹਿਬ : ਸਮਕਾਲੀ ਸਰੋਕਾਰ" ਵਿਸ਼ੇ 'ਤੇ ਦੋ ਰੋਜ਼ਾ ਅੰਤਰ-ਰਾਸ਼ਟਰੀ ਕਾਨਫਰੰਸ ਦੀ ਸ਼ੁਰੂਆਤ ਹੋਈ, ਜਿਸ ਦੇ ਉਦਘਾਟਨੀ ਸਮਾਗਮ ਦੀ ਸਰਪ੍ਰਸਤੀ ਕਰਦਿਆਂ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਅਜਾਇਬ ਸਿੰਘ ਬਰਾੜ, ਪ੍ਰੋ-ਚਾਂਸਲਰ ਨੇ ਆਖਿਆ ਕਿ ਅਜੋਕਾ ਵਿਸ਼ਵ ਬਹੁ-ਸੱਭਿਆਚਾਰਕ ਤੇ ਬਹੁ-ਵਿਸ਼ਵਾਸੀ ਬਣ ਚੁਕਿਆ ਹੈ, ਜਿਸ ਵਿੱਚ ਕਿਸੇ ਇੱਕ ਸੱਭਿਆਚਾਰ ਜਾਂ ਵਿਸ਼ਵਾਸ ਦੀ ਲੰਬੜਦਾਰੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਪ੍ਰੋ. ਬਰਾੜ ਨੇ ਨਵੀਂ ਲਾਗੂ ਹੋਣ ਜਾ ਰਹੀ ਸਿੱਖਿਆ ਪ੍ਰਣਾਲੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਪੇਪਰ ਪੜ੍ਹਾਉਣ ਦਾ ਵਿਸ਼ਵਾਸ ਦਿਵਾਇਆ। ਉਨ੍ਹਾਂ ਕਾਨਫਰੰਸ ਲਈ ਵਿੱਤੀ ਸਹਿਯੋਗ ਕਰਨ ਵਾਲੀ ਸੰਸਥਾ ਸਿੱਖ ਐਜੂਕੇਸ਼ਨ ਕਾਉਂਸਲ ਯੂ ਕੇ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਰਾਜਸੀ, ਫਿਰਕੂ, ਵਰਗ-ਵੰਡ ਤੇ ਸੱਭਿਆਚਾਰਕ ਲਕੀਰਾਂ ਦੇ ਕੱਟੜ ਹੋਣ ਦੀ ਚੁਣੌਤੀ ਸਾਹਮਣੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਮਨੁੱਖਤਾ ਨੂੰ ਮੁੱਲਵਾਨ ਸੇਧ ਮਿਲ ਸਕਦੀ ਹੈ।

ਵਾਈਸ-ਚਾਂਸਲਰ ਪ੍ਰੋ. ਪਰਿਤਪਾਲ ਸਿੰਘ ਨੇ ਕਿਹਾ ਕਿ ਗੁਰਬਾਣੀ ਅੰਦਰ ਨੀਹਿਤ ਅੰਤਰ-ਧਰਮ ਸੰਵਾਦ, ਸਹਿਹੋਂਦ ਤੇ ਸਰਬ-ਸਾਂਝੀਵਾਲਤਾ ਦੇ ਵਿਸ਼ਵ ਕਲਿਆਣਕਾਰੀ ਉਦੇਸ਼ ਨੂੰ ਸਾਹਮਣੇ ਰੱਖਦਿਆਂ ਯੂਨੀਵਰਸਿਟੀ ਵੱਲੋਂ ਸ਼ੁਰੂ ਕੀਤੀ ਗਈ ਸਾਲਾਨਾ ਅੰਤਰ-ਰਾਸ਼ਟਰੀ ਕਾਨਫਰੰਸ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਆਖਿਆ ਕਿ ਯੂਨੀਵਰਸਿਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਤੇ ਖੋਜ ਨੂੰ ਕੇਂਦਰ ਵਿੱਚ ਰੱਖਦਿਆਂ ਹਰੇਕ ਵਰ੍ਹੇ ਇੱਕ ਅੰਤਰ-ਰਾਸ਼ਟਰੀ ਕਾਨਫਰੰਸ ਕਰਵਾਈ ਜਾਏਗੀ। ਹਾਜ਼ਰ ਪਤਵੰਤਿਆਂ ਤੇ ਵਿਦਵਾਨਾਂ ਦਾ ਸਵਾਗਤ ਕਰਦਿਆਂ ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਦੱਸਿਆ ਕਿ ਕਾਨਫਰੰਸ ਵਿੱਚ ਦੇਸ਼-ਵਿਦੇਸ਼ ਤੋਂ ਇੱਕ ਸੌ ਪੰਜਾਹ ਦੇ ਕਰੀਬ ਖੋਜਾਰਥੀ ਤੇ ਵਿਦਵਾਨ ਹਿੱਸਾ ਲੈ ਰਹੇ ਹਨ। ਉਨ੍ਹਾਂ ਆਖਿਆ ਕਿ ਵਾਤਾਵਰਣ ਦੀ ਤਬਾਹੀ, ਮਨੁੱਖੀ ਹੱਕਾਂ ਦਾ ਘਾਣ, ਨਸ਼ਾ ਤੇ ਸਮਾਜਕ ਨਾਬਰਾਬਰੀ ਮਨੁੱਖਤਾ ਲਈ ਵੱਡੀਆਂ ਚੁਣੌਤੀਆਂ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਕਾਲ ਦੇ ਪ੍ਰਸੰਗ ਵਿੱਚ ਵਿਚਾਰਨਾ ਤੇ ਪ੍ਰਚਾਰਨਾ ਸਾਡਾ ਮੁੱਢਲਾ ਫਰਜ਼ ਹੈ।

ਉਦਘਾਟਨੀ ਭਾਸ਼ਣ ਦੌਰਾਨ ਪ੍ਰੋ. ਬਲਵੰਤ ਸਿੰਘ ਢਿੱਲੋਂ ਸੇਵਾ ਮੁਕਤ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਸੰਸਾਰ ਤੱਕ ਪਹੁੰਚਾਉਣ ਲਈ ਸਿੱਖੀ ਦੇ ਮਾਹਰਾਂ ਦੇ ਨਾਲ-ਨਾਲ ਵਿਸ਼ਵ ਧਰਮ-ਚਿੰਤਕਾਂ, ਦਾਰਸ਼ਨਿਕਾਂ, ਭਾਸ਼ਾ, ਸੰਗੀਤ, ਸਮਾਜ, ਰਾਜਨੀਤੀ, ਸਾਹਿਤ, ਤਕਨੀਕ ਤੇ ਵਿਗਿਆਨ ਦੇ ਬਹੁ-ਅਨੁਸ਼ਾਸਨੀ ਵਿਦਵਾਨਾਂ ਤੇ ਖੋਜੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਹੈ। ਇਸ ਮੌਕੇ ਸਿੱਖ ਐਜੂਕੇਸ਼ਨ ਕਾਉਂਸਲ ਯੂ ਕੇ ਦੀ ਪ੍ਰਤੀਨਿਧ ਡਾ. ਰਜਨੀਸ਼ ਕੌਰ, ਯੂ.ਟੀ.ਆਈ. ਨਾਰਵੇ ਨੇ ਵੱਖ-ਵੱਖ ਅਨੁਸ਼ਾਸਨਾਂ ਦੇ ਨੌਜਵਾਨ ਖੋਜੀਆਂ ਅੰਦਰ ਗੁਰਬਾਣੀ ਦੇ ਅਧਿਐਨ ਤੇ ਖੋਜ ਦੀ ਰੁਚੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਹੱਲਾਸ਼ੇਰੀ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਦੇ ਅਖੀਰ ਵਿੱਚ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਸਟੇਜ ਸੰਚਾਲਨ ਦਾ ਕਾਰਜ ਡਾ. ਹਰਦੇਵ ਸਿੰਘ ਧਰਮ ਅਧਿਐਨ ਵਿਭਾਗ ਨੇ ਨਿਭਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਹਰਦੇਵ ਸਿੰਘ ਵਿਰਕ (ਸੇਵਾ ਮੁਕਤ), ਪ੍ਰਿੰ. ਜਸਬੀਰ ਕੌਰ, ਪ੍ਰੋ. ਹਰਕੀਰਤ ਕੌਰ (ਸੇਵਾ ਮੁਕਤ), ਪ੍ਰੋ. ਗੁਰਮੀਤ ਸਿੰਘ (ਸੇਵਾ ਮੁਕਤ), ਪ੍ਰੋ. ਪਰਮਵੀਰ ਸਿੰਘ, ਡਾ. ਚਮਕੌਰ ਸਿੰਘ, ਡਾ. ਕਿਰਨਦੀਪ ਕੌਰ, ਡਾ. ਅੰਕਦੀਪ ਕੌਰ, ਡਾ. ਰੁਬੀਨਾ ਬਾਜਵਾ, ਡਾ. ਚਰਨਕਮਲ ਸੇਖੋਂ, ਡਾ. ਹਰਨੀਤ ਬਿਲਿੰਗ, ਡਾ. ਨਵਸ਼ਗਨ ਕੌਰ, ਡਾ. ਨਵਦੀਪ ਕੌਰ, ਡਾ. ਜੋਗਾ ਸਿੰਘ, ਸ. ਜਗਜੀਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਤੇ ਇੰਚਾਰਜ ਹਾਜ਼ਰ ਸਨ।

## ਕਾਤਰਾਂ

### ਪ੍ਰਤੀਕ ਜਿੰਦਲ ਨੇ ਥਾਣਾ ਛਾਜਲੀ ਦਾ ਚਾਰਜ ਸੰਭਾਲਿਆ



**ਛਾਜਲੀ (ਜਸਵੀਰ ਲਾਡੀ)**-ਪੁਲਸ ਥਾਣਾ ਛਾਜਲੀ ਵਿਖੇ ਭਵਾਨੀਗੜ੍ਹ ਤੋਂ ਬਦਲ ਕੇ ਆਏ ਸਬ ਇੰਸਪੈਕਟਰ ਪ੍ਰਤੀਕ ਜਿੰਦਲ ਨੇ ਥਾਣਾ ਮੁੱਖ ਅਫਸਰ ਦਾ ਅਹੁਦਾ ਸੰਭਾਲ ਲਿਆ ਹੈ। ਸ਼੍ਰੀ ਜਿੰਦਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਪਤਵੰਤੇ ਸੱਜਣਾਂ ਨੂੰ ਪੂਰਾ ਮਾਨ-ਸਨਮਾਨ ਦਿੱਤਾ ਜਾਵੇਗਾ। ਨਸ਼ਿਆਂ ਖਿਲਾਫ ਪੂਰੀ ਸਖਤੀ ਵਰਤੀ ਜਾਵੇਗੀ। ਇਸ ਲੋਕ ਵੀ ਸਹਿਯੋਗ ਦੇਣ ਤਾਂ ਜੋ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕੇ।

### ਸੇਵਾ ਕੇਂਦਰਾਂ 'ਚ 8 ਨੂੰ ਹੋਵੇਗੀ ਛੁੱਟੀ : ਡੀ ਸੀ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 8 ਮਾਰਚ ਨੂੰ ਜ਼ਿਲ੍ਹੇ ਦੇ ਸੇਵਾ ਕੇਂਦਰਾਂ ਵਿੱਚ ਛੁੱਟੀ ਹੋਵੇਗੀ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੋਲੀ ਦੇ ਤਿਓਹਾਰ ਨੂੰ ਮੁੱਖ ਰੱਖਦੇ ਹੋਏ ਛੁੱਟੀ ਦਾ ਐਲਾਨ ਕੀਤਾ ਗਿਆ ਹੈ ਤੇ ਇਸ ਦਿਨ ਸੇਵਾ ਕੇਂਦਰ ਬੰਦ ਰਹਿਣਗੇ।

### ਗੁਰਮਤਿ ਸਮਾਗਮ 10 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਧਾਰਮਿਕ ਸ਼ਖਸੀਅਤ ਸਵ: ਸੰਤ ਦਲਬਾਰ ਸਿੰਘ ਛੀਨੀਵਾਲ ਮੈਂਬਰ ਸ਼੍ਰੋਮਣੀ ਕਮੇਟੀ ਦੀ ਦੂਸਰੀ ਬਰਸੀ ਸਬੰਧੀ ਮਹਾਨ ਗੁਰਮਤਿ ਸਮਾਗਮ 10 ਮਾਰਚ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਛੀਨੀਵਾਲ ਕਲਾਂ (ਬਰਨਾਲਾ) ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਰਾਜਿੰਦਰ ਸਿੰਘ ਛੀਨੀਵਾਲ ਨੇ ਦੱਸਿਆ ਇਸ ਮੌਕੇ ਸਵੇਰੇ 10 ਤੋਂ 1 ਵਜੇ ਤੱਕ ਪ੍ਰਸਿੱਧ ਰਾਗੀ ਜਥੇ, ਕਥਾਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਉੱਘੀਆਂ ਪੰਥਕ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਸ਼ਰਧਾ ਸਤਿਕਾਰ ਭੇਟ ਕਰਨਗੀਆਂ।

### ਬੈਂਕ ਆਫ ਇੰਡੀਆ ਦੁਆਰਾ ਨਵੇਂ ਏ ਟੀ ਐੱਮ ਦਾ ਉਦਘਾਟਨ

**ਦੋਰਾਹਾ (ਹਰਮਿੰਦਰ ਸੇਠ)**-ਕੱਦੋਂ ਰੋਡ 'ਤੇ ਬੈਂਕ ਆਫ ਇੰਡੀਆ ਦੇ ਨਵੇਂ ਏਟੀਐਮ ਦਾ ਉਦਘਾਟਨ ਚੰਡੀਗੜ੍ਹ ਤੋਂ ਜੀਐਮ ਅਸਵਨੀ ਗੁਪਤਾ ਨੇ ਕੀਤਾ। ਇਸ ਮੌਕੇ ਜੀਐਮ ਅਸ਼ਵਨੀ ਗੁਪਤਾ ਤੇ ਜ਼ੋਨਲ ਮੈਨੇਜਰ ਬੀਕੇ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦੋਰਾਹਾ ਸ਼ਹਿਰ ਵਿਚ ਏ.ਟੀ.ਐਮ. ਤੇ ਬੈਂਕ ਦੀ ਸ਼ਾਖਾ ਵੀ ਹੈ। ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਕਿਸਾਨਾਂ ਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਬੈਂਕਿੰਗ ਸਹੂਲਤਾਂ ਮੁਹੱਈਆ ਕਰਾਉਣ ਲਈ ਇੱਕ ਹੋਰ ਨਵਾਂ ਏਟੀਐਮ ਖੋਲ੍ਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬੈਂਕਿੰਗ ਸੈਕਟਰ ਵਿੱਚ ਬੈਂਕ ਆਫ ਇੰਡੀਆ ਹਰ ਸਮੇਂ ਲੋਕਾਂ ਨੂੰ ਬਿਹਤਰ ਸੇਵਾ, ਵਿਹਾਰ ਅਤੇ ਨਵੀਆਂ ਸਕੀਮਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਕਾਰਨ ਲੋਕ ਬੈਂਕ ਆਫ ਇੰਡੀਆ ਵਿੱਚ ਬਹੁਤ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਕਿਹਾ ਕਿ ਬੈਂਕ ਆਫ ਇੰਡੀਆ ਵਿੱਚ ਕਿਸਾਨਾਂ ਅਤੇ ਲੋਕਾਂ ਦੇ ਆਪਣੇ ਘਰ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਬਿਹਤਰ ਯੋਜਨਾ ਆਈ ਹੈ, ਜਿਸ ਨੂੰ ਉਨ੍ਹਾਂ ਦੇ ਅਧਿਕਾਰੀ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਦੇ ਹੋਏ ਪਿੰਡ ਤੋਂ ਪਿੰਡ ਜਾ ਅਤੇ ਬੈਂਕ ਨਾਲ ਜੁੜਨ ਲਈ ਦੱਸਦੇ ਹਨ। ਇਸ ਮੌਕੇ ਡੀਜੀਐਮ ਅਚ ਕੇ ਹਰੀਸ਼, ਏ.ਜੀ.ਐਮ. ਰਾਜੇਸ਼ ਸ਼ਰਮਾ, ਨਰਿੰਦਰ ਸਿੰਘ ਬ੍ਰਾਂਚ ਮੈਨੇਜਰ ਦੋਰਾਹਾ, ਸਤਪਾਲ ਸਚਦੇਵਾ, ਜਗਮੋਹਨ ਸਚਦੇਵਾ ਤੇ ਬੈਂਕ ਦਾ ਸਟਾਫ਼ ਹਾਜ਼ਰ ਸੀ।

# ਮਜ਼ਦੂਰਾਂ ਵੱਲੋਂ ਸੂਬਾ ਸਰਕਾਰ ਖਿਲਾਫ ਨਾਅਰੇਬਾਜ਼ੀ



**ਮਾਨਸਾ (ਆਤਮਾ ਸਿੰਘ ਪਮਾਰ)**-ਵੱਖ ਵੱਖ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਵੱਲੋਂ ਦਲਿਤਾਂ, ਮਜ਼ਦੂਰਾਂ ਦੇ ਮੰਗਾਂ ਤੇ ਮਸਲਿਆਂ ਬਾਰੇ ਵਿਚਾਰ ਚਰਚਾ ਕਰਨ ਲਈ 2 ਮਾਰਚ ਨੂੰ ਚੰਡੀਗੜ੍ਹ ਪੰਜਾਬ ਭਵਨ ਵਿਖੇ ਮੀਟਿੰਗ ਕਰਨ ਦਾ ਲਿਖਤੀ ਪੱਤਰ ਦੇਣ ਤੋਂ ਬਾਅਦ ਅੱਜ ਚੌਥੀ ਵਾਰ ਮੁੱਖ ਮੰਤਰੀ ਮਾਨ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗ ਕਰਨ ਤੋਂ ਭੱਜ ਗਿਆ ਹੈ, ਜਿਸ ਦੇ ਖਿਲਾਫ 213 ਦਿਨਾਂ ਤੋਂ ਏ ਡੀ ਸੀ ਵਿਕਾਸ ਦਫਤਰ ਮਾਨਸਾ ਅੱਗੇ ਚੱਲ ਰਹੇ ਦਿਨ-ਰਾਤ ਦੇ ਪੱਕੇ ਮਜ਼ਦੂਰ ਮੋਰਚੇ ਉੱਪਰ ਧਰਨਾਕਾਰੀਆਂ ਨੇ ਮੁੱਖ ਮੰਤਰੀ ਮਾਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਕਿਉਂਕਿ ਲਿਖਤੀ ਪੱਤਰ ਵੀ ਮਜ਼ਦੂਰ ਆਗੂਆਂ ਨੂੰ ਮੁੱਖ ਮੰਤਰੀ ਦੇ ਦਰਸ਼ਨ ਕਰਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਇਸ ਸਮੇਂ ਪੱਤਕਾਰਾਂ ਨਾਲ ਗੱਲਬਾਤ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਵਾਰ ਵਾਰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨਾਲ ਮੀਟਿੰਗਾਂ ਦਾ ਲਿਖਤੀ ਪੱਤਰ ਦੇਣ ਤੋਂ ਬਾਅਦ ਵੀ ਮੀਟਿੰਗ ਨਾ ਕਰਨੀ ਦੀ ਮਾਨਸਿਕਤਾ ਨੇ ਸਾਬਿਤ ਕਰ ਦਿੱਤਾ ਹੈ ਕਿ ਮੁੱਖ ਮੰਤਰੀ ਮਾਨ ਸਭ ਤੋਂ ਵੱਡਾ ਝੂਠ ਦਾ ਵਪਾਰੀ ਤੇ ਡਰਾਮੇਬਾਜ਼ ਹੈ। ਉਨ੍ਹਾ ਕਿਹਾ ਕਿ 15 ਮਾਰਚ ਤੋਂ ਸਾਂਝੇ ਮਜ਼ਦੂਰ ਮੋਰਚਾ ਵੱਲੋਂ ਮਾਨ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਸੰਗਰੂਰ ਵਿਖੇ ਸੂਬਾ ਪੱਧਰੀ ਪੱਕਾ ਮਜ਼ਦੂਰ ਮੋਰਚਾ ਸ਼ੁਰੂ ਕੀਤਾ ਜਾਵੇਗਾ। ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਮ 'ਤੇ ਹੋਂਦ ਵਿੱਚ ਆਈ ਕੇਜਰੀਵਾਲ ਦੀ ਪਾਰਟੀ ਦੇ ਵਿਧਾਇਕ ਤੇ ਮੰਤਰੀ ਰਿਸ਼ਵਤ ਦੇ ਕਥਿਤ ਦੋਸ਼ਾਂ ਵਿੱਚ ਜੇਲ੍ਹਾਂ ਵਿੱਚ ਬੈਠੇ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਬਾਬਾ ਸਾਹਿਬ ਅੰਬੇਡਕਰ ਦੀਆਂ ਫੋਟੋਆਂ ਲਗਾਉਣ ਵਾਲਾ ਮੁੱਖ ਮੰਤਰੀ ਮਾਨ ਦਲਿਤਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ। ਉਨ੍ਹਾ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ 15 ਮਾਰਚ ਨੂੰ ਦਲਿਤ ਮਜ਼ਦੂਰ ਪਰਿਵਾਰਾਂ ਸਮੇਤ ਦਿਨ ਰਾਤ ਦੇ ਧਰਨੇ 'ਤੇ ਬੈਠਣ ਲਈ ਸੰਗਰੂਰ ਪਹੁੰਚਣ ਦੀ ਖੇਚਲ ਕਰਨ। ਇਸ ਸਮੇਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਵਿਜੇ ਭੀਖੀ, ਜ਼ਿਲ੍ਹਾ ਆਗੂ ਦਰਸ਼ਨ ਦਾਨੇਵਾਲਾ, ਮੇਲਾ ਸਿੰਘ ਕੈਂਚੀਆਂ, ਭੋਲਾ ਸਿੰਘ ਝੱਬਰ, ਗਗਨਦੀਪ ਸਿੰਘ ਖੜਕ ਸਿੰਘ ਵਾਲਾ ਆਦਿ ਮੌਜੂਦ ਸਨ।

# ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ : ਭੁੱਲਰ

## ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਸਿਵਲ ਹਸਪਤਾਲ ਫਿਰੋਜ਼ਪੁਰ ਦਾ ਦੌਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬਿਹਤਰ ਸਿਹਤ, ਸਿੱਖਿਆ ਸੇਵਾਵਾਂ ਦੇਣ ਦੇ ਨਾਲ-ਨਾਲ ਰਾਜ ਦੇ ਬਹੁਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਰਾਜ ਵਿੱਚ ਸਿਹਤ ਸੇਵਾਵਾਂ ਦੇ ਵਿਸਥਾਰ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਜ਼ਿਲ੍ਹਾ ਹਸਪਤਾਲਾਂ ਤੇ ਆਮ ਆਦਮੀ ਕਲੀਨਿਕਾਂ ਵਿੱਚ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਸਿਵਲ ਹਸਪਤਾਲ ਫਿਰੋਜ਼ਪੁਰ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ।ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਨੀਤਾ ਭੁੱਲਰ ਸਮੇਤ ਹਸਪਤਾਲ ਦਾ ਹੋਰ ਅਮਲਾ ਵੀ ਹਾਜ਼ਰ ਸੀ।ਸਿਵਲ ਹਸਪਤਾਲ ਫਿਰੋਜ਼ਪੁਰ ਦਾ ਦੌਰਾ ਕਰਨ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਇਲਾਜ ਕਰਵਾਉਣ ਲਈ ਆਏ ਹੋਏ ਲੋਕਾਂ ਦਾ ਹਾਲ-ਚਾਲ ਜਾਣਿਆ ਤੇ ਉਨ੍ਹਾਂ ਤੋਂ ਹਸਪਤਾਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਹਸਪਤਾਲ ਦਾ ਦੌਰਾ ਕਰਨ ਮੌਕੇ ਉਨ੍ਹਾਂ ਨੇ ਖੁਦ ਲਾਈਨ ਵਿੱਚ ਲੱਗ ਕੇ ਪਰਚੀ ਕਟਵਾਈ ਤੇ ਆਮ ਲੋਕਾਂ ਵਾਂਗ ਆਪਣਾ ਚੈੱਕਅੱਪ ਕਰਵਾਇਆ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਲੋਕਾਂ ਦਾ ਸਰਕਾਰੀ ਹਸਪਤਾਲਾਂ ਵਿੱਚ ਵਿਸ਼ਵਾਸ ਵਧਿਆ ਹੈ ਤੇ ਹੁਣ ਪਹਿਲਾਂ ਨਾਲੋਂ ਤਿੰਨ ਗੁਣਾਂ ਵੱਧ ਲੋਕ ਆਪਣੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਆ ਰਹੇ ਹਨ।ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਮੁਰੰਮਤ ਦਾ ਕੰਮ ਚੱਲਦਾ ਹੋਣ ਕਰਕੇ ਪਰਚੀ ਕਟਵਾਉਣ ਵਾਲੀ ਖਿੜਕੀ ਆਈ ਬਲੋਕ ਵਿੱਚ ਬਣਾਈ ਗਈ ਤੇ ਮੁਰੰਮਤ ਦਾ ਕੰਮ ਮੁਕੰਮਲ ਹੋਣ ਉਪਰੰਤ ਪਰਚੀ ਲਈ ਲੱਗਣ ਵਾਲੀ ਲੰਮੀ ਲਾਈਨ ਨੂੰ ਘੱਟ ਕਰਨ ਲਈ ਜ਼ਿਆਦਾ ਪਰਚੀ ਕਾਊਂਟਰ ਬਣਾਏ ਜਾਣਗੇ।ਵਿਧਾਇਕ ਭੁੱਲਰ ਨੇ ਇਸ ਮੌਕੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਤੇ ਇਸ ਕੰਮ ਲਈ ਹਸਪਤਾਲ ਵਿੱਚ ਡਾਕਟਰਾਂ ਤੇ ਹੋਰ ਲੋੜੀਂਦੇ ਉਪਕਰਨਾਂ ਦੀ ਘਾਟ ਨੂੰ ਬਹੁਤ ਹੀ ਜਲਦੀ ਪੂਰਾ ਕਰ ਦਿੱਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਗਰ ਕੌਂਸਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਸਪਤਾਲ ਵਿੱਚ ਸੀਵਰੇਜ ਸਬੰਧੀ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ।ਉਨ੍ਹਾਂ ਦੇ ਹਸਪਤਾਲ ਦੇ ਸਮੂਹ ਡਾਕਟਰਾਂ ਤੇ ਹੋਰ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਪੂਰੀ ਸੇਵਾ ਭਾਵਨਾ ਨਾਲ ਮਰੀਜ਼ਾਂ ਦਾ ਇਲਾਜ ਕਰਨ ਤਾਂ ਜੋ ਉਨ੍ਹਾਂ ਨੂੰ ਇਲਾਜ ਸਬੰਧੀ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਆਪ ਆਗੂ ਰਾਜ ਬਹਾਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

### ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਫ਼ਰੀਦਕੋਟ ਦੇ ਕੇਂਦਰਾਂ ਦੀ ਜਾਂਚ ਕਰੇ ਸੀ ਬੀ ਆਈ

**ਜੈਤੋ (ਸਤੀਸ਼ ਕੁਮਾਰ ਭੀਰੀ)**-ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਪੰਜਾਬ ਤੇ ਹਰਿਆਣਾ ਸਮੇਤ ਅਨੇਕਾਂ ਹੋਰ ਸਥਾਨਾਂ ਤੇ ਕੁਰੱਪਸ਼ਨ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਸੀ ਬੀ ਆਈ ਵੱਲੋਂ ਵਿੱਢੀ ਗਈ ਮੁਹਿੰਮ ਨਾਲ ਘੁਟਾਲੇਬਾਜ਼ਾਂ ਦੇ ਹੌਸਲੇ ਧਰਾਤਲ ਹੇਠ ਸਮਾਉਂਦੇ ਦਿਖਾਈ ਦਿੰਦੇ ਹਨ, ਪ੍ਰੰਤੂ ਸੀ ਬੀ ਆਈ ਵੱਲੋਂ ਆਪਣੀ ਜਾਂਚ ਦੇ ਘੇਰੇ ਵਿੱਚ ਵਾਧਾ ਕਰਦੇ ਹੋਏ ਜ਼ਿਲ੍ਹਾ ਫ਼ਰੀਦਕੋਟ ਦੇ ਕੇਂਦਰਾਂ ਵਿੱਚ ਛਾਪੇਮਾਰੀ ਕਰਕੇ ਰਿਕਾਰਡ ਨੂੰ ਆਪਣੇ ਕਬਜ਼ੇ ਵਿੱਚ ਲਿਆ ਜਾਵੇ ਤੇ ਗੁਦਾਮਾਂ ਵਿੱਚ ਲੱਗਣ ਵਾਲੇ ਚਾਵਲਾਂ ਦੀ ਕੁਆਲਟੀ ਦੀ ਬਰੀਕੀ ਨਾਲ ਪੜਤਾਲ ਕਰਕੇ ਇਸ ਵਿੱਚ ਸ਼ਾਮਲ ਹਜ਼ਾਰਾਂ ਰੁਪਏ ਪ੍ਰਤੀ ਗੱਡੀ ਲੈ ਕੇ ਹਲਕੀ ਕੁਆਲਟੀ ਦਾ ਮਾਲ ਗੁਦਾਮਾਂ ਵਿੱਚ ਲਵਾਉਣ ਵਾਲੇ ਦੋਸ਼ੀਆਂ ਨੂੰ ਕਾਬੂ ਕੀਤਾ ਜਾ ਸਕੇ। ਐਫ਼ ਸੀ ਆਈ ਵੱਲੋਂ ਭ੍ਰਿਸ਼ਟਾਚਾਰ ਕਰਨ ਦੇ ਨਾਲ ਹੀ ਬਿਨਾਂ ਕਿਸੇ ਡਰ ਭੈਅ ਦੇ ਕਾਨੂੰਨ ਦੀਆਂ ਵੀ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਦੱਸਣਯੋਗ ਹੈ ਕਿ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਜ਼ਿਲ੍ਹਾ ਫ਼ਰੀਦਕੋਟ ਦੇ ਮੁੱਖ ਦਫ਼ਤਰ ਵੱਲੋਂ ਆਰ ਟੀ ਆਈ ਐਕਟ ਤਹਿਤ ਮੰਗੀ ਗਈ ਸੂਚਨਾ ਨੂੰ ਦੇਣਾ ਤਾਂ ਬਹੁਤ ਦੂਰ ਦੀ ਗੱਲ ਹੈ, ਸਗੋਂ ਸੂਚਨਾ ਨਾ ਦੇਣ ਲਈ ਕੋਈ ਕਾਰਨ ਦੱਸਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ। ਇਸ ਲਈ ਸੀ ਬੀ ਆਈ ਵੱਲੋਂ ਜੇਕਰ ਜ਼ਿਲ੍ਹਾ ਫ਼ਰੀਦਕੋਟ ਐਫ਼ ਸੀ ਆਈ ਦੇ ਮੁੱਖ ਦਫ਼ਤਰ, ਕੇਂਦਰਾਂ ਤੇ ਗੁਦਾਮਾਂ ਦੀ ਜਾਂਚ ਕੀਤੀ ਜਾਵੇ ਤਾਂ ਹੈਰਾਨੀਜਨਕ ਖੁਲਾਸਾ ਕੀਤਾ ਜਾ ਸਕਦਾ ਹੈ।

# ਆਲ ਪੰਜਾਬ ਮਿੰਨੀ ਆਂਗਣਵਾੜੀ ਵਰਕਰਾਂ ਨੇ ਦਿੱਤਾ ਮੰਗ ਪੱਤਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਲ ਪੰਜਾਬ ਮਿੰਨੀ ਆਂਗਨਵਾੜੀ ਵਰਕਰਾਂ ਨੇ ਇਸਤਰੀ ਸਮਾਜਿਕ ਸੁਰੱਖਿਆ ਬਾਲ ਵਿਕਾਸ ਦੇ ਅਧਿਕਾਰੀ ਨੂੰ ਮੰਗ ਪੱਤਰ ਦਿੱਤਾ। ਇਸ ਮੌਕੇ ਰੇਨੂੰ ਬਾਲਾ, ਕਮਲਜੀਤ ਕੌਰ, ਪ੍ਰਵੀਨ ਕਾਂਤਾ, ਵੀਨਾ ਰਾਣੀ ਨੇ ਦੱਸਿਆ ਕਿ ਪੰਜਾਬ ਵਿੱਚ ਬਹੁਤ ਸਾਰੇ ਮਿੰਨੀ ਆਂਗਨਵਾੜੀ ਸੈਂਟਰ ਚੱਲ ਰਹੇ ਹਨ। ਮਿੰਨੀ ਵਰਕਰ ਨੂੰ ਹੈਲਪਰ ਦਾ ਕੰਮ ਕਰਨਾ ਪੈਂਦਾ ਹੈ। ਤਨਖਾਹ ਮੇਨ ਵਰਕਰ ਨਾਲੋਂ ਘੱਟ ਹੈ ਤੇ ਦੁੱਗਣਾ ਕੰਮ ਕਰਨਾ ਪੈਂਦਾ ਹੈ। ਹੈਲਪਰ ਨਾ ਹੋਣ 'ਤੇ ਬੱਚਿਆਂ ਨੂੰ ਘਰਾਂ ਵਿੱਚੋਂ ਸੈਂਟਰ ਬੰਦ ਕਰਕੇ ਲਿਆਉਣਾ ਪੈਂਦਾ ਹੈ। ਗਿਆਰਾਂ ਰਜਿਸਟਰਾਂ ਦਾ ਕੰਮ ਅਧੂਰਾ ਰਹਿ ਜਾਂਦਾ ਹੈ, ਇਸ ਕਰਕੇ ਸਾਨੂੰ ਹੈਲਪਰ ਦੀ ਜ਼ਰੂਰਤ ਪੈਂਦੀ ਹੈ। ਇਸ ਕਰਕੇ ਸਾਡੇ ਮਿੰਨੀ ਸੈਂਟਰ ਮੇਨ ਕੀਤੇ ਜਾਣ, ਪਿਛਲੇ ਸਾਲ 2022 ਵਿੱਚ ਮੁੱਖ ਮੰਤਰੀ ਨੇ ਮਾਣਭੱਤਾ ਸਾਡਾ ਹੈਲਪਰਾਂ ਦੇ ਮਾਣਭੱਤੇ ਤੋਂ ਵੀ ਘੱਟ ਵਧਾਇਆ ਸੀ। ਸਾਡੇ ਨਾਲ ਸਰਕਾਰ ਵੱਲੋਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਭਾਵੇਂ ਕਿਸੇ ਕੋਲ ਅਬਾਦੀ 200 ਹੋਵੇ, ਭਾਵੇਂ 2000 ਮਿੰਨੀ ਸੈਂਟਰ ਦਾ ਮੁੱਦਾ ਖਤਮ ਕੀਤਾ ਜਾਵੇ। ਇਨ੍ਹਾਂ ਨੂੰ ਮੇਨ ਕੀਤੇ ਜਾਣ। ਇਸ ਮੌਕੇ ਬਿਮਲਾ ਦੇਵੀ, ਅਮਨਜੋਤ ਕੌਰ, ਪਲਵਿੰਦਰ ਕੌਰ, ਸੁਰਜੀਤ ਕੌਰ, ਪਰਮਜੀਤ ਕੌਰ, ਮਨਿੰਦਰ ਕੌਰ, ਮੋਨਿਕਾ ਰਾਣੀ, ਅਮਰਜੀਤ ਕੌਰ, ਬਲਜਿੰਦਰ ਕੌਰ, ਬਲਜੀਤ ਕੌਰ, ਨਰਿੰਦਰ ਕੌਰ ਆਦਿ ਹਾਜ਼ਰ ਸਨ।



# ਡੀ ਟੀ ਐੱਫ ਬਲਾਕ ਤਲਵੰਡੀ ਸਾਬੋ ਤੇ ਮੌੜ ਨੇ ਵਿਧਾਇਕਾ ਨੂੰ ਦਿੱਤਾ ਮੰਗ ਪੱਤਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਡੈਮੋਕ੍ਰੇਟਿਕ ਟੀਚਰਜ ਫਰੰਟ ਬਲਾਕ ਤਲਵੰਡੀ ਸਾਬੋ ਤੇ ਮੌੜ ਨੇ ਬਲਾਕ ਪ੍ਰਧਾਨ ਭੋਲਾ ਰਾਮ ਤਲਵੰਡੀ ਤੇ ਅਸ਼ਵਨੀ ਕੁਮਾਰ ਦੀ ਅਗਵਾਈ ਵਿੱਚ ਅਧਿਆਪਕਾਂ ਦੀਆਂ ਵਿੱਤੀ ਤੇ ਹੋਰਨਾਂ ਮੰਗਾਂ ਬਾਰੇ ਹਲਕਾ ਤਲਵੰਡੀ ਸਾਬੋ ਦੇ ਐਮ.ਐਲ.ਏ. ਪ੍ਰੋ ਬਲਜਿੰਦਰ ਕੌਰ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤਾ।

ਐਮ.ਐਲ.ਏ. ਪ੍ਰੋ ਬਲਜਿੰਦਰ ਕੌਰ ਨੇ ਆਪਣੀ ਰਿਹਾਇਸ਼ ਰਾਮ ਤੀਰਥ ਜਗ੍ਹਾ ਵਿਖੇ ਅਧਿਆਪਕ ਆਗੂਆਂ ਨਾਲ ਮੰਗਾਂ 'ਤੇ ਵਿਸਤਾਰ ਪੂਰਵਕ ਚਰਚਾ ਕੀਤੀ। ਬਲਾਕ ਸਕੱਤਰ ਗੁਰਜਿੰਦਰ ਸਿੰਘ ਤੇ ਜਗਦੀਪ ਸਿੰਘ ਤੇ ਸੀਨੀਅਰ ਆਗੂ ਜਸਵਿੰਦਰ ਸਿੰਘ,ਰਾਜੇਸ਼ ਕੁਮਾਰ ਤੇ ਕੁਲਵਿੰਦਰ ਗਿਆਨਾ ਨੇ ਗੱਲਬਾਤ ਕਰਦਿਆਂ ਵਿਧਾਇਕਾ ਨੂੰ ਕਿਹਾ ਕਿ ਆਪ ਸਰਕਾਰ ਆਪਣੇ ਚੋਣ ਵਾਅਦੇ ਅਨੁਸਾਰ ਜਲਦ ਤੋਂ ਜਲਦ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਪੂਰਾ ਨੋਟੀਫਿਕੇਸ਼ਨ ਜਾਰੀ ਕਰੇ।

ਆਗੂਆਂ ਨੇ ਮੰਗ ਕੀਤੀ ਕਿ ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੱਕੇ ਕਰਨ ਦੀ ਚੱਲ ਰਹੀ ਪ੍ਰਕਿਰਿਆ ਨੂੰ ਜਲਦ ਸੰਪੂਰਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੇਅ ਕਮਿਸ਼ਨ ਦੀ ਦੂਜੀ ਰਿਪੋਰਟ ਜਲਦ ਜਾਰੀ ਕਰਦੇ ਹੋਏ ਪੇਂਡੂ ਭੱਤੇ ਸਮੇਤ 37 ਪ੍ਰਕਾਰ ਦੇ ਭੱਤੇ ਤੇ ਏ.ਸੀ.ਪੀ. ਸਕੀਮ 3-7-11-15 ਬਹਾਲ ਕੀਤੀ ਜਾਵੇ। ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਦੇ ਫੈਸਲੇ ਮੁਤਾਬਕ 15-01-2015 ਨੋਟੀਫਿਕੇਸ਼ਨ ਤਹਿਤ ਭਰਤੀ ਮੁਲਾਜ਼ਮਾਂ ਨੂੰ ਪ੍ਰੋਬੇਸ਼ਨ ਪੀਰੀਅਡ ਸਮੇਂ ਦੇ ਪੂਰੇ ਤਨਖਾਹ ਸਕੇਲ ਦਿੰਦੇ ਹੋਏ ਪੂਰੇ ਵਿੱਤੀ ਲਾਭ ਦਿੱਤੇ ਜਾਣ। ਹਰਮੇਸ਼ ਕਮਾਰ, ਜਗਤਾਰ ਗਿਆਨਾ ਤੇ ਈ.ਟੀ.ਟੀ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਜਗਸੀਰ ਸਹੋਤਾ ਨੇ ਕਿਹਾ ਕਿ ਕੰਪਿਊਟਰ ਅਧਿਆਪਕਾਂ ਦੀ ਤਨਖਾਹ ਪ੍ਰੋਟੈਕਟ ਕਰਕੇ ਤੁਰੰਤ ਵਿਭਾਗ ਵਿੱਚ ਮਰਜ਼ ਕਰਦੇ ਹੋਏ, ਛੇਵੇਂ ਪੇਅ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੁਲਾਈ 2020 ਤੋਂ ਬਾਅਦ ਭਰਤੀ ਅਧਿਆਪਕਾਂ 'ਤੇ ਲਾਗੂ ਕੇਂਦਰੀ ਪੇਅ ਸਕੇਲ ਰੱਦ ਕਰਕੇ ਪੰਜਾਬ ਦੇ ਛੇਵੇਂ ਪੇਅ ਕਮਿਸ਼ਨ ਅਨੁਸਾਰ ਪੇਅ ਸਕੇਲ ਲਾਗੂ ਕੀਤੇ ਜਾਣ। ਮਨਦੀਪ ਮਾਨਸਾ, ਪੁਨੀਤ ਵਰਮਾ, ਸੂਰਜ ਸਿੰਘ, ਬਲਕਰਨ ਸਿੰਘ, ਗੁਰਬਾਜ ਸਿੰਘ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਸੈਂਟਰ ਸਰਕਾਰ ਦੀ ਤਰਜ਼ 'ਤੇ ਨਵੀਂ ਸਿੱਖਿਆ ਨੀਤੀ 2020 ਧੜੱਲੇ ਨਾਲ ਲਾਗੂ ਕਰ ਰਹੀ ਹੈ, ਜੋ ਅਸਿੱਧੇ ਰੂਪ ਵਿੱਚ ਜਨਤਕ ਸਿੱਖਿਆ ਦਾ ਉਜਾੜਾ ਹੈ।

ਐਮ.ਐਲ.ਏ. ਪ੍ਰੋ ਬਲਜਿੰਦਰ ਕੌਰ ਨੇ ਇਨ੍ਹਾਂ ਮੰਗਾਂ ਨੂੰ ਬਜਟ ਇਜਲਾਸ ਵਿੱਚ ਚੁੱਕਣ ਤੇ ਮੁੱਖ ਮੰਤਰੀ ਪੰਜਾਬ ਤੱਕ ਪੁਚਾਉਣ ਦਾ ਪੂਰਨ ਭਰੋਸਾ ਦਿੱਤਾ। ਇਸ ਮੌਕੇ ਹਰਸ਼ਰਨ ਸਿੰਘ, ਪੁਸ਼ਪਿੰਦਰ ਭੱਟੀ, ਜਗਤਾਰ ਮਾਨਸਾ, ਦਰਸ਼ਨ ਸਿੰਘ, ਪਰਮਜੀਤ ਸੰਗਤ, ਗੁਰਦੀਪ ਸਿੱਧੂ, ਨਿਰਭੈ ਸਿੰਘ, ਹਰਮੇਸ਼ ਕੁਮਾਰ, ਗੁਰਸ਼ਰਨ ਸਿੰਘ, ਬਿਕਰਮਜੀਤ ਸਿੰਘ, ਵਿਨੀਤ ਕੁਮਾਰ, ਜਸਕਰਨ ਸਿੰਘ, ਵਿਨੋਦ ਕੁਮਾਰ, ਗੁਰਸੰਗੀਤ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

# ਨਿਊ ਗਰੇਨ ਮਾਰਕੀਟ ਵੈੱਲਫੇਅਰ ਸੁਸਾਇਟੀ ਦੀ ਚੋਣ 6 ਨੂੰ



**ਰਾਜਪੁਰਾ (ਰਮੇਸ਼ ਕਟਾਰੀਆ)**

ਇਥੋਂ ਦੀ ਨਿਊ ਗਰੇਨ ਮਾਰਕੀਟ ਵੈੱਲਫੇਅਰ ਸੁਸਾਇਟੀ ਰਾਜਪੁਰਾ ਦੀ ਚੋਣ 6 ਮਾਰਚ 2023 ਨੂੰ ਹੋਵੇਗੀ, ਜਿਸ ਵਿੱਚ ਮੌਜੂਦਾ ਪ੍ਰਧਾਨ ਰੁਪਿੰਦਰ ਸਿੰਘ ਸੰਧੂ ਰੂਪੀ ਤੇ ਦਵਿੰਦਰ ਸਿੰਘ ਨੇ ਪ੍ਰਧਾਨ ਪਦ ਲਈ ਚੋਣ ਅਧਿਕਾਰੀ ਸਮੇਤ 5 ਮੈਂਬਰੀ ਕਮੇਟੀ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਗੌਰਤਲਬ ਹੈ ਕਿ ਮੌਜੂਦਾ ਪ੍ਰਧਾਨ ਰੁਪਿੰਦਰ ਸਿੰਘ ਸੰਧੂ ਨੇ ਪੂਰੇ ਆੜ੍ਹਤੀ ਭਾਈਚਾਰੇ ਨੂੰ ਨਾਲ ਲੈ ਕੇ ਆਪਣੇ ਨਾਮਜ਼ਦਗੀ ਪੱਤਰ ਚੋਣ ਅਧਿਕਾਰੀਆਂ ਕੋਲ ਦਾਖਲ ਕੀਤੇ, ਜਿਸ ਨੂੰ ਦੇਖ ਕੇ ਲੱਗਦਾ ਸੀ ਕਿ ਆੜ੍ਹਤੀ ਭਾਈਚਾਰੇ ਨੇ ਅੱਜ ਹੀ ਰੁਪਿੰਦਰ ਸਿੰਘ ਸੰਧੂ ਨੂੰ ਆਪਣਾ ਆਸ਼ੀਰਵਾਦ ਦੇ ਕੇ ਦੁਬਾਰਾ ਆਪਣਾ ਪ੍ਰਧਾਨ ਚੁਣਨ ਦਾ ਫੈਸਲਾ ਕਰ ਲਿਆ ਹੋਵੇ। ਦੋਵਾਂ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਆਪਣੀਆਂ ਚੋਣ ਗਤੀਵਿਧੀਆਂ ਵਿੱਚ ਤੇਜ਼ੀ ਲਿਆ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੋਣ ਅਧਿਕਾਰੀਆਂ ਨੇ ਦੱਸਿਆ ਕਿ ਅੱਜ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਸਮਾਂ 12 ਵਜੇ ਦੁਪਹਿਰ ਤੱਕ ਸੀ ਤੇ ਸਮਾਂ ਖਤਮ ਹੋਣ ਤੱਕ ਪ੍ਰਧਾਨ ਪਦ ਲਈ ਦਵਿੰਦਰ ਸਿੰਘ ਜ਼ਿਮੀਂਦਾਰਾ ਟਰੇਡਿੰਗ ਕੰਪਨੀ ਤੇ ਰੁਪਿੰਦਰ ਸਿੰਘ ਸੰਧੂ ਕਰਤਾਰ ਸਿੰਘ ਐਂਡ ਸੰਨਜ਼ ਦੇ ਨਾਮਜ਼ਦਗੀ ਫਾਰਮ ਆਏ ਹਨ, ਇਨ੍ਹਾਂ ਦੇ ਕਾਗਜ਼ ਪੱਤਰ ਚੋਣ ਕਮੇਟੀ ਵੱਲੋਂ ਸਹੀ ਪਾਏ ਗਏ ਹਨ। ਉਨ੍ਹਾ ਕਿਹਾ ਕਿ ਇਸ ਵਾਰ 200 ਦੇ ਕਰੀਬ ਮੈਂਬਰ ਆਪਣੇ ਵੋਟਾਂ ਦੇ ਹੱਕ ਦਾ ਇਸਤੇਮਾਲ ਕਰਨਗੇ।

# ਆਰ ਐੱਸ ਪੀ ਵੱਲੋਂ ਪ੍ਰੈੱਸ ਦੀ ਅਜ਼ਾਦੀ ਲਈ ਅਵਾਜ਼ ਬੁਲੰਦ ਕਰਨ ਦਾ ਸੱਦਾ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ (ਆਰ. ਐੱਸ. ਪੀ.) ਦੇ ਕੇਂਦਰੀ ਕਮੇਟੀ ਮੈਂਬਰ ਕਰਨੈਲ ਸਿੰਘ ਇਕੋਲਾਹਾ ਨੇ ਕਿਹਾ ਕਿ ਕੇਂਦਰ ਸਰਕਾਰ ਪ੍ਰੈੱਸ ਦੀ ਅਜ਼ਾਦੀ ਦਾ ਘਾਣ ਕਰ ਰਹੀ ਹੈ। ਉਨ੍ਹਾ ਨੇ ਡੂੰਘੇ ਨਿਰਾਸ਼ਾ ਤੇ ਦੁੱਖ ਨਾਲ ਵੇਖਿਆ ਹੈ ਕਿ ਭਾਰਤ ਸਰਕਾਰ ਦੇਸ਼ ਵਿੱਚ ਪ੍ਰੈੱਸ ਦੀ ਅਜ਼ਾਦੀ ਨੂੰ ਦਬਾਉਣ ਦੀ ਆਪਣੀ ਨਾਪਾਕ ਕੋਸ਼ਿਸ਼ ਨੂੰ ਬੇਸ਼ਰਮੀ ਨਾਲ ਅੱਗੇ ਵਧਾ ਰਹੀ ਹੈ। ਉਨ੍ਹਾ ਕਿਹਾ ਕਿ ਨਿਊਜ਼ ਫੀਡ ਲਈ ਭਰੋਸੇਯੋਗ ਏਜੰਸੀ ਪੀ ਟੀ ਆਈ ਨਾਲ ਇਕਰਾਰਨਾਮਾ ਖਤਮ ਕਰਕੇ ਗੋਲਵਲਕਰ ਤੇ ਉਸ ਵਰਗੇ ਆਰ ਐੱਸ ਐੱਸ ਪ੍ਰਚਾਰਕਾਂ ਦੁਆਰਾ ਸਥਾਪਤ ਹਿੰਦੁਸਤਾਨ ਸਮਾਚਾਰ 'ਤੇ ਭਰੋਸਾ ਕਰਨ ਦੀ ਅਜਿਹੀ ਫਾਸ਼ੀਵਾਦੀ ਦਲੇਰੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ, ਨਵੇਂ ਸਮਝੌਤੇ ਦੇ ਤਹਿਤ, ਪ੍ਰਸਾਰ ਭਾਰਤੀ ਕਾਰਪੋਰੇਸ਼ਨ ਮਾਰਚ 2025 ਨੂੰ ਖਤਮ ਹੋਣ ਵਾਲੇ ਅਗਲੇ ਦੋ ਸਾਲਾਂ ਲਈ ਉਕਤ ਬਦਨਾਮ ਨਿਊਜ਼ ਏਜੰਸੀ ਨੂੰ 7.69 ਕਰੋੜ ਰੁਪਏ ਦਾ ਭੁਗਤਾਨ ਕਰੇਗੀ, ਜੋ ਕਿ ਸਪੱਸ਼ਟ ਤੌਰ 'ਤੇ ਬਹੁਤ ਹੀ ਨਿੰਦਣਯੋਗ ਹੈ ਅਤੇ ਇਸ ਦਾ ਉਦੇਸ਼ ਸਿਰਫ ਨਵੀਂ ਦਿੱਲੀ ਦੇ ਹਾਕਮ ਧੜੇ ਦੇ ਹੱਕ ਵਿੱਚ ਉੱਚ ਵੋਲਟੇਜ ਮੁਹਿੰਮ ਦੀ ਅਗਵਾਈ ਕਰਨਾ ਹੈ। ਉਨ੍ਹਾ ਕਿਹਾ ਕਿ ਧੋਖੇਬਾਜ਼ ਕਾਰੋਬਾਰੀਆਂ ਅਡਾਨੀ ਤੇ ਮੋਦੀ ਦੇ ਗੱਠਜੋੜ ਦਾ ਸੱਚ ਜਨਤਾ ਸਾਹਮਣੇ ਆਉਣ ਤੋਂ ਬਾਅਦ ਮੌਜੂਦਾ ਹਾਕਮ ਬੇਚੈਨ ਹਨ। ਹਾਕਮ ਹੁਣ ਦੂਰਦਰਸ਼ਨ, ਆਲ ਇੰਡੀਆ ਰੇਡੀਓ ਆਦਿ ਰਾਹੀਂ ਅਜਿਹੀਆਂ ਖਬਰਾਂ ਦਾ ਪ੍ਰਚਾਰ ਕਰਨ ਦੇ ਚਾਹਵਾਨ ਹਨ, ਜੋ ਸਿਰਫ ਆਰ.ਐੱਸ.ਐੱਸ. ਦੁਆਰਾ ਜਾਰੀ ਕੀਤੀਆਂ ਜਾਣਗੀਆਂ। ਭਾਰਤ ਦੀ ਆਮ ਜਨਤਾ ਮੋਦੀ ਸਰਕਾਰ ਦੀਆਂ ਗੰਦੀਆਂ ਚਾਲਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਆਰ ਐੱਸ ਪੀ ਦੇਸ਼ ਦੇ ਸਮੂਹ ਜਾਗਰੂਕ ਲੋਕਾਂ ਨੂੰ ਇਸ ਮੌਕੇ ਪ੍ਰੈੱਸ ਦੀ ਅਜ਼ਾਦੀ ਦਾ ਘਾਣ ਕਰਨ ਦੇ ਮੌਜੂਦਾ ਹਾਕਮਾਂ ਦੇ ਨਾਪਾਕ ਮਨਸੂਬਿਆਂ ਨੂੰ ਰੋਕਣ ਲਈ ਲੋਕ ਲਹਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦੀ ਹੈ।

# ਦੇਸ਼ ਭਗਤ ਯੂਨੀਵਰਸਿਟੀ ਨੇ ਮਨਾਇਆ ਰਾਸ਼ਟਰੀ ਵਿਗਿਆਨ ਦਿਵਸ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਐਗਰੀਮ ਕਲੱਬ, ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ਼, ਦੇਸ਼ ਭਗਤ ਯੂਨੀਵਰਸਿਟੀ ਨੇ ਰਾਸ਼ਟਰੀ ਵਿਗਿਆਨ ਦਿਵਸ ਮੌਕੇ ਇੱਕ ਭਾਸ਼ਣ ਦਾ ਆਯੋਜਨ ਕੀਤਾ। ਇਸ ਮੌਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਸਾਬਕਾ ਪ੍ਰੋ-ਚਾਂਸਲਰ ਪ੍ਰੋ. (ਡਾ.) ਐੱਚ. ਐੱਸ. ਰੋਜ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫਿਜ਼ੀਓਥੈਰੇਪੀ ਵਿਭਾਗ ਦੇ ਸਾਬਕਾ ਮੁਖੀ ਪ੍ਰੋ. (ਡਾ.) ਨਰਕੇਸ਼ ਅਰੁਮੁਗਮ ਚੀਫ ਰਿਸੋਰਸ ਪਰਸਨ ਵਜੋਂ ਸ਼ਾਮਲ ਹੋਏ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਵਾਈਸ ਚਾਂਸਲਰ ਡਾ. ਵੀਰਿੰਦਰ ਸਿੰਘ, ਰਜਿਸਟਰਾਰ ਡਾ. ਚਰਨਜੀਤ ਕੌਰ ਸੋਹੀ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪਤਵੰਤਿਆਂ ਦੇ ਸਵਾਗਤ ਨਾਲ ਹੋਈ। ਇਸ ਤੋਂ ਬਾਅਦ ਦੀਵੇ ਜਗਾਉਣ ਦੀ ਰਸਮ ਤੇ ਡੀ.ਬੀ.ਯੂ. ਗਾਣ ਗਾਇਆ ਗਿਆ। ਪ੍ਰੋਫੈਸਰ ਡਾ. ਐੱਚ. ਕੇ. ਸਿੱਧੂ ਨੇ ਆਏ ਮਹਿਮਾਨਾਂ ਤੇ ਪਤਵੰਤਿਆਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਵਿਸ਼ੇ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਮਾਹਰ ਸੰਵਾਦ-ਪ੍ਰਬੰਧ ਵਿਦਿਆਰਥੀਆਂ ਤੇ ਫੈਕਲਟੀ ਦੇ ਸਰਵਪੱਖੀ ਵਿਕਾਸ ਵਿੱਚ ਵੀ ਯੋਗਦਾਨ ਪਾਉਂਦੇ ਹਨ। ਰਿਸੋਰਸ ਪਰਸਨ ਪ੍ਰੋ. (ਡਾ.) ਐੱਚ. ਐੱਸ. ਰੋਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਗਿਆਨ ਤੇ ਧਰਮ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਉਨ੍ਹਾਂ ਵਿਗਿਆਨ ਦਿਵਸ ਮਨਾਉਣ ਦੇ ਟੀਚਿਆਂ ਬਾਰੇ ਵੀ ਦੱਸਿਆ। ਡਾ. ਰੋਜ ਨੇ ਕਿਹਾ ਕਿ ਧਰਤੀ 'ਤੇ ਮਨੁੱਖ ਗਤੀਵਿਧੀਆਂ ਦਾ ਬੋਲਬਾਲਾ ਹੈ। ਦੂਜੇ ਰਿਸੋਰਸ ਪਰਸਨ (ਡਾ.) ਨਰਕੇਸ਼ ਅਰੁਮੁਗਮ ਨੇ ਆਪਣੇ ਸੰਬੋਧਨ 'ਚ ਰੋਜ਼ਾਨਾ ਜੀਵਨ ਵਿੱਚੋਂ ਉਦਾਹਰਨਾਂ ਦਿੰਦੇ ਹੋਏ ਕਿਹਾ ਕਿ ਭਾਰਤੀ ਬਹੁਤ ਪ੍ਰਤਿਭਾਸ਼ਾਲੀ ਹਨ, ਉਨ੍ਹਾਂ ਨੂੰ ਸਿਰਫ ਇੱਕ ਦੂਜੇ ਦੇ ਕੰਮ ਦੀ ਸ਼ਲਾਘਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਸਾਨੂੰ ਇੱਕ ਟੀਮ ਵਜੋਂ ਕੰਮ ਕਰਨ ਦੀ ਲੋੜ ਹੈ। ਸਕੂਲ ਆਫ ਫਾਰਮੇਸੀ ਦੇ ਵਿਦਿਆਰਥੀਆਂ ਨੇ ਫਾਰਮੇਸੀ ਦੀ ਮਹੱਤਤਾ 'ਤੇ ਸਕਿੱਟ ਵੀ ਪੇਸ਼ ਕੀਤੀ। ਇਸੇ ਤਰ੍ਹਾਂ ਫੈਕਲਟੀ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ਼ ਦੇ ਵਿਦਿਆਰਥੀਆਂ ਨੇ ਇੱਕ ਮਾਈਮ ਪੇਸ਼ ਕੀਤੀ। ਇਸ ਤੋਂ ਇਲਾਵਾ ਵੱਖ-ਵੱਖ ਅੰਤਰ-ਸਕੂਲ ਮੁਕਾਬਲੇ ਜਿਵੇਂ ਕੁਇਜ਼, ਮੌਖਿਕ ਪੇਸ਼ਕਾਰੀ, ਮਾਡਲ ਮੇਕਿੰਗ ਤੇ ਪੋਸਟਰ ਪੇਸ਼ਕਾਰੀਆਂ ਵੀ ਕਰਵਾਈਆਂ ਗਈਆਂ।

ਜੇਤੂਆਂ ਤੇ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਡਾ. ਦੀਪਇੰਦਰਪਾਲ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਪਿੰਡ ਕਾਹਨਗੜ੍ਹ 'ਚ ਕਰਾਇਆ ਕ੍ਰਿਕਟ ਟੂਰਨਾਮੈਂਟ

## ਸਟੇਟ ਪੱਧਰ 'ਤੇ ਜੇਤੂ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਬਰੇਟਾ (ਗੋਬਿੰਦ ਸ਼ਰਮਾ)**-ਖੇਡਾਂ ਨੌਜਵਾਨੀ ਦੇ ਮਨਾਂ 'ਚ ਉਤਸ਼ਾਹ ਪੈਦਾ ਕਰਦੀਆਂ ਹਨ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਭਗਵੰਤ ਮਾਨ ਦੀ ਸਰਕਾਰ ਵਿਸ਼ੇਸ਼ ਧਿਆਨ ਦੇ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬੁੱਧ ਰਾਮ ਐਮ ਐਲ ਏ ਹਲਕਾ ਬੁਢਲਾਡਾ ਨੇ ਪਿੰਡ ਕਾਹਨਗੜ੍ਹ ਵਿੱਚ ਦਸਮੇਸ਼ ਕਲੱਬ ਪ੍ਰਧਾਨ ਰਾਜਵਿੰਦਰ ਸਿੰਘ ਦੀ ਪੂਰੀ ਟੀਮ ਵੱਲੋਂ ਕਾਸਕੋ ਕ੍ਰਿਕਟ ਟੂਰਨਾਮੈਂਟ ਦੇ ਮੈਚਾਂ ਦੇ ਇਨਾਮ ਵੰਡ ਸਮਾਰੋਹ ਦੌਰਾਨ ਖਿਡਾਰੀਆਂ ਤੇ ਦਰਸ਼ਕਾਂ ਨਾਲ ਸਾਂਝੇ ਕੀਤੇ। ਇਸ ਪੰਜ ਰੋਜ਼ਾ ਮੈਚ ਵਿੱਚ 48 ਟੀਮਾਂ ਨੇ ਹਿੱਸਾ ਲਿਆ।

ਫਾਈਨਲ ਮੈਚ ਵਿੱਚ ਲੇਹਲ ਕਲਾਂ (ਸੰਗਰੂਰ) ਦੀ ਟੀਮ ਪਹਿਲੇ ਨੰਬਰ 'ਤੇ ਆਈ। ਢੇਰ ਕਲਾਂ (ਹਰਿਆਣਾ) ਦੂਜੇ ਨੰਬਰ 'ਤੇ ਆਈ। ਇਸ ਮੌਕੇ ਚਰਨਜੀਤ ਸਿੰਘ ਚੇਅਰਮੈਨ, ਜ਼ਿਲ੍ਹਾ ਯੋਜਨਾ ਬੋਰਡ, ਮਾਨਸਾ, ਆਮ ਆਦਮੀ ਪਾਰਟੀ ਦੇ ਬਲਾਕ ਬਰੇਟਾ ਦੇ ਪ੍ਰਧਾਨ ਚਮਕੌਰ ਸਿੰਘ ਸੇਖੂਪੁਰ ਖੁਡਾਲ, ਪਿੰਡ ਕਾਹਨਗੜ੍ਹ ਇਕਾਈ ਪ੍ਰਧਾਨ ਮਨਪ੍ਰੀਤ ਸਿੰਘ, ਦਿਲਬਾਗ ਸਿੰਘ ਮਾਸਟਰ (ਗਿਆਨ ਸਾਗਰ ਸਕੂਲ, ਕਾਹਨਗੜ੍ਹ), ਸਤਿਗੁਰ ਸਿੰਘ, ਜਗਤਾਰ ਸਿੰਘ ਭੁੱਲਟ, ਜਗਸੀਰ ਸਿੰਘ, ਗੁਲਾਬ ਸਿੰਘ ਪੰਚਾਇਤ ਮੈਂਬਰ, ਕੁਲਵਿੰਦਰ ਸਿੰਘ ਸੇਖੂਪੁਰ, ਚੇਅਰਮੈਨ ਸ੍ਰੀ ਰਾਮਪਾਲ ਸਿੰਘ ਸੇਖੋਂ ਤੋਂ ਇਲਾਵਾ ਐਸ.ਐਚ.ਓ. ਬਰੇਟਾ ਗੁਰਦਰਸ਼ਨ ਸਿੰਘ ਆਪਣੀ ਪੁਲਸ ਪਾਰਟੀ ਨਾਲ ਹਾਜ਼ਰ ਰਹੇ। ਦਸਮੇਸ਼ ਕਲੱਬ ਪਿੰਡ ਕਾਹਨਗੜ੍ਹ ਅਤੇ ਹਲਕਾ ਬੁਢਲਾਡਾ ਐਮ.ਐਲ.ਏ ਪ੍ਰਿੰਸੀਪਲ ਬੁੱਧ ਰਾਮ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਵੱਲੋਂ ਗਿਆਨ ਸਾਗਰ ਕੌਨਵੈਂਟ ਸਕੂਲ, ਕਾਹਨਗੜ੍ਹ ਦੇ ਪੰਜਾਬ ਸਟੇਟ ਪੱਧਰ 'ਤੇ ਵੱਖ-ਵੱਖ ਖੇਡਾਂ ਵਿੱਚ ਜੇਤੂ ਖਿਡਾਰੀਆਂ ਨਵਜੋਤ ਸਿੰਘ (7), ਜਸਪ੍ਰੀਤ ਕੌਰ (+2), ਕਰਨਪ੍ਰੀਤ ਸਿੰਘ (5), ਅਪਰਿੰਦਰ ਕੌਰ (4), ਅਰਸ਼ਪ੍ਰੀਤ (10) ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਕਲੱਬ ਦੀ ਸਮੁੱਚੀ ਟੀਮ ਤੇ ਗਿਆਨ ਸਾਗਰ ਕੌਨਵੈਂਟ ਸਕੂਲ ਦੇ ਪ੍ਰਿੰਸੀਪਲ ਭਾਰਤ ਦੀਪ ਗਰਗ ਵੱਲੋਂ ਐਮ. ਐਲ. ਏ ਪ੍ਰਿੰਸੀਪਲ ਬੁੱਧ ਰਾਮ ਤੇ ਚੈਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਰੇਤ ਦੀ ਭਰਾਈ ਨੂੰ ਲੈ ਕੇ ਪਿੰਡ ਵਾਸੀ ਤੇ ਮਜ਼ਦੂਰ ਹੋਏ ਆਹਮੋ-ਸਾਹਮਣੇ



ਮਾਈਨਿੰਗ ਵਾਲੀ ਜਗ੍ਹਾ 'ਤੇ ਇਕੱਠੇ ਹੋਏ ਪਿੰਡ ਵਾਸੀ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**

ਪੰਜਾਬ ਸਰਕਾਰ ਵੱਲੋਂ ਬੇਟ ਇਲਾਕੇ ਵਿਚ ਮਨਜ਼ੂਰ ਕੀਤੀ ਸਰਕਾਰੀ ਖੱਡ ਵਿਚ ਰੇਤੇ ਦੀ ਭਰਾਈ ਨੂੰ ਲੈ ਕੇ ਪਿੰਡ ਸਮਸ਼ਪੁਰ ਦੇ ਵਾਸੀਆਂ ਅਤੇ ਰੇਤਾ ਭਰਨ ਆਏ ਮਜ਼ਦੂਰਾਂ ਦੀ ਆਪਸੀ ਤਕਰਾਰਬਾਜ਼ੀ ਕਾਰਨ ਅਧਿਕਾਰੀਆਂ ਨੂੰ ਚਲਦਾ ਕੰਮ ਵਿਚਾਲੇ ਹੀ ਬੰਦ ਕਰਨਾ ਪਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਾਛੀਵਾੜਾ ਨੇੜੇ ਵਗਦੇ ਸਤਲੁਜ ਦਰਿਆ ਵਿਚ ਸਰਕਾਰੀ ਖੱਡ ਜੋ ਕਿ ਨਵਾਂਸ਼ਹਿਰ ਜ਼ਿਲ੍ਹੇ ਦੀ ਹਦੂਦ ਵਿੱਚ ਪੈਂਦੀ ਹੈ, ਵਿੱਚੋਂ ਕਈ ਦਿਨਾਂ ਤੋਂ ਦੋਆਬੇ ਦੇ ਕਰੀਬ 150 ਵਿਅਕਤੀ ਟਰਾਲੀਆਂ ਵਿੱਚ ਰੇਤਾ ਭਰਨ ਲਈ ਆ ਰਹੇ ਸਨ ਕਿ ਅੱਜ ਨੇੜਲੇ ਪਿੰਡ ਸਮਸ਼ਪੁਰ ਦੇ ਬਹੁਤ ਸਾਰੇ ਮਜ਼ਦੂਰਾਂ ਨੇ ਇਸ ਖੱਡ ਵਿਚੋਂ ਆਪ ਰੇਤਾ ਭਰਨ ਦੀ ਹੱਕ ਜਿਤਾਉਂਦਿਆਂ ਮਜ਼ਦੂਰਾਂ ਨੂੰ ਭਰਾਈ ਕਰਨ ਤੋਂ ਰੋਕ ਦਿੱਤਾ, ਜਿਸ ਕਾਰਨ ਮੌਕੇ 'ਤੇ ਮੌਜੂਦ ਮਾਈਨਿੰਗ ਇੰਸਪੈਕਟਰ ਨੇ ਮਜ਼ਦੂਰਾਂ ਦੀ ਆਪਸੀ ਤਕਰਾਰਬਾਜ਼ੀ ਨੂੰ ਦੇਖਦਿਆਂ ਕੰਮ ਬੰਦ ਕਰਵਾ ਦਿੱਤਾ। ਪੱਤਰਕਾਰਾਂ ਵੱਲੋਂ ਦੋਵੇਂ ਧਿਰਾਂ ਦੇ ਵਿਅਕਤੀਆਂ ਨਾਲ ਕੀਤੀ ਗੱਲਬਾਤ ਤੋਂ ਪਤਾ ਲੱਗਾ ਕਿ ਇਹ ਖੱਡ ਨਵਾਂਸ਼ਹਿਰ ਦੀ ਹਦੂਦ ਵਿੱਚ ਪੈਂਦੀ ਹੈ ਅਤੇ ਰੇਤਾ ਭਰਨ ਵਾਲੇ ਵੀ ਸੰਬੰਧਤ ਜ਼ਿਲ੍ਹੇ 'ਚੋਂ ਹੀ ਆ ਰਹੇ ਹਨ। ਖੱਡ 'ਚੋਂ ਰੇਤਾ ਭਰਨ ਵਾਲਿਆਂ ਵਿਚ ਮੌਜੂਦ ਜੋਰਾ ਸਿੰਘ, ਬਿੱਲੂ ਸਿੰਘ ਅਤੇ ਲੱਕੀ ਸਿੰਘ ਆਦਿ ਨੇ ਦੱਸਿਆ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਰੇਤੇ ਦੀ ਭਰਾਈ ਦਾ ਕੰਮ ਕਰਦੇ ਆ ਰਹੇ ਹਨ ਅਤੇ ਹੁਣ ਇਸ ਖੱਡ ਵਿੱਚ ਵੀ ਪਿਛਲੇ ਕਈ ਦਿਨਾਂ ਤੋਂ ਟਰਾਲੀਆਂ ਵਿੱਚ ਰੇਤਾ ਭਰ ਰਹੇ ਸੀ ਕਿ ਅੱਜ ਨੇੜਲੇ ਪਿੰਡ ਸਮਸ਼ਪੁਰ ਦੇ 50-60 ਬੰਦਿਆਂ ਨੇ ਆ ਕੇ ਸਾਨੂੰ ਟਰਾਲੀਆਂ ਭਰਨ ਤੋਂ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਪਿੰਡ ਵਾਸੀ ਵੀ ਸਾਡੇ ਨਾਲ ਹੀ ਟਰਾਲੀਆਂ ਭਰ ਸਕਦੇ ਹਨ ਸਾਨੂੰ ਕੋਈ ਗਿਲ੍ਹਾ ਨਹੀਂ ਹੈ ਪਰ ਇਨ੍ਹਾਂ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਅਸੀਂ ਇਕੱਲਿਆਂ ਨੇ ਹੀ ਇਸ ਖੱਡ ਵਿਚ ਰੇਤੇ ਦੀ ਭਰਾਈ ਕਰਨੀ ਹੈ ਕਿਉਂਕਿ ਇਹ ਖੱਡ ਸਾਡੇ ਪਿੰਡ ਨੇੜੇ ਪੈਂਦੀ ਹੈ ਜਦਕਿ ਇਹ ਖੱਡ ਨਵਾਂਸ਼ਹਿਰ ਜ਼ਿਲ੍ਹੇ ਦੀ ਹਦੂਦ ਵਿੱਚ ਆਉਂਦੀ ਹੈ ਅਤੇ ਅਸੀਂ ਪੱਕੇ ਤੌਰ 'ਤੇ ਲੰਮੇ ਸਮੇਂ ਤੋਂ ਇਸ ਕਿੱਤੇ ਨਾਲ ਜੁੜੇ ਹੋਏ ਹਾਂ। ਜਦੋਂ ਦੂਸਰੇ ਪਾਸੇ ਪਿੰਡ ਸਮਸ਼ਪੁਰ ਦੇ ਮਜ਼ਦੂਰਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਪਿੰਡ ਦੇ ਨੌਜਵਾਨ ਵਿਹਲੇ ਫਿਰ ਰਹੇ ਹਨ ਜਿਨ੍ਹਾਂ ਨੂੰ ਕੋਈ ਕੰਮ ਨਹੀਂ ਮਿਲ ਰਿਹਾ। ਜੇਕਰ ਹੁਣ ਇਹ ਖੱਡ ਪਿੰਡ ਦੇ ਨੇੜੇ ਮੰਨਜ਼ੂਰ ਹੋਈ ਹੈ ਤਾਂ ਇਸ ਖੱਡ ਵਿਚ ਕੰਮ ਕਰਨ ਦਾ ਅਧਿਕਾਰ ਸਾਨੂੰ ਮਿਲਣਾ ਚਾਹੀਦਾ ਹੈ। ਇਸ ਖੱਡ ਵਿਚ ਟਰਾਲੀਆਂ ਭਰਨ ਆਏ ਕੁਝ ਵਿਅਕਤੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਸੀਂ ਰੋਜ਼ਾਨਾ ਹੀ ਇੱਥੋਂ ਰੇਤਾ ਲਿਜਾ ਕੇ ਵੱਖ-ਵੱਖ ਥਾਵਾਂ 'ਤੇ ਸਪਲਾਈ ਕਰਦੇ ਹਾਂ ਅਤੇ ਹੁਣ ਵੀ ਸਵੇਰ ਸਮੇਂ ਤੋਂ ਹੀ ਟ੍ਰੈਕਟਰ-ਟਰਾਲੀ ਤੇ ਤੇਲ ਫੂਕ ਆਪਣਾ ਕੀਮਤੀ ਸਮਾਂ ਕੱਢ ਕੇ ਇੱਥੇ ਆਏ ਹਾਂ ਪਰ ਮਜ਼ਦੂਰਾਂ ਦੀ ਆਪਸੀ ਤਕਰਾਰਬਾਜ਼ੀ ਕਾਰਨ ਸਾਡਾ ਸਾਰਾ ਕੰਮ ਖ਼ਰਾਬ ਹੋਇਆ ਪਿਆ ਹੈ।

## ਬੂਥ ਸ਼ਕਤੀਕਰਨ ਮੁਹਿੰਮ ਨੂੰ ਲੈ ਕੇ ਪੰਜਾਬ ਪੱਧਰੀ ਮੀਟਿੰਗ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਅੰਦਰ ਪਾਰਟੀ ਦੀ ਮਜਬੂਤੀ ਲਈ ਨੂੰ ਲੈ ਕੇ ਲਗਾਤਾਰ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਅਧੀਨ ਹੀ ਲੋਕ ਸਭਾ ਚੋਣਾਂ ਨੂੰ ਲੈ ਕੇ ਅਤੇ ਬੂਥ ਪੱਧਰ 'ਤੇ ਭਾਜਪਾ ਨੂੰ ਮਜਬੂਤੀ ਪ੍ਰਦਾਨ ਕਰਨ ਲਈ ਸਥਾਨਕ ਸ਼ਹਿਰ ਵਿੱਚ ਰਵਿੰਦਰ ਸਿੰਘ ਰਵੀ ਗਰੇਵਾਲ ਹਲਕਾ ਇੰਚਾਰਜ ਭਾਜਪਾ ਵੱਲੋਂ ਮੀਟਿੰਗ ਆਯੋਜਤ ਕਰਾਈ ਗਈ। ਮੀਟਿੰਗ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਭਾਜਪਾ ਆਗੂ ਹਾਜ਼ਰ ਹੋਏ। ਮੀਟਿੰਗ ਦੌਰਾਨ ਸ੍ਰੀ ਨਿਵਾਸਲੂ ਸੰਗਠਨ ਮਹਾਂਮੰਤਰੀ ਪੰਜਾਬ ਅਤੇ ਰਾਜੇਸ਼ ਬਾਘਾ ਜਰਨਲ ਸੈਕਟਰੀ ਪੰਜਾਬ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਨਾਲ ਦਿਆਲ ਸਿੰਘ ਸੋਢੀ ਮੀਤ ਪ੍ਰਧਾਨ ਪੰਜਾਬ, ਰਾਕੇਸ਼ ਗੋਇਲ ਸੋਸਲ ਮੀਡੀਆ ਇੰਚਾਰਜ, ਅਨਿਲ ਸੱਚਰ, ਰਜਿੰਦਰ ਕੁਮਾਰ ਆਈ ਟੀ ਵਿੰਗ, ਡਾ. ਸੀਮਾਂਤ ਗਰਗ ਜ਼ਿਲ੍ਹਾ ਪ੍ਰਧਾਨ ਭਾਜਪਾ ਮੋਗਾ ਮੀਟਿੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਨਿਵਾਸਲੂ, ਰਾਜੇਸ਼ ਬਾਘਾ ਤੇ ਹੋਰ ਭਾਜਪਾ ਆਗੂਆਂ ਨੇ ਹਾਜਰ ਭਾਜਪਾ ਵਰਕਰਾਂ ਨੂੰ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਕਮਰ ਕੱਸੇ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਾਜਪਾ ਨੂੰ ਬੂਥ ਪੱਧਰ 'ਤੇ ਮਜਬੂਤੀ ਪ੍ਰਦਾਨ ਕਰਨ ਲਈ ਭਾਜਪਾ ਹਾਈਕਮਾਂਡ ਦੇ ਹੁਕਮਾਂ 'ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਮੰਡਲਾਂ ਵਿਚ ਮੀਟਿੰਗਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪਹੁੰਚੇ ਭਾਜਪਾ ਆਗੂਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਤੇ ਰਵੀ ਗਰੇਵਾਲ ਨੇ ਪਹੁੰਚੇ ਸਮੂਹ ਆਗੂਆਂ ਅਤੇ ਭਾਜਪਾ ਵਰਕਰਾਂ ਦਾ ਧੰਨਵਾਦ ਕੀਤਾ ਗਿਆ।

# ਲੁਟੇਰਾ ਗਰੋਹ ਦੇ ਪੰਜ ਵਿਅਕਤੀ ਹਥਿਆਰਾਂ ਸਮੇਤ ਕਾਬੂ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਾਤੜਾਂ ਪੁਲਸ ਨੇ ਲੁਟੇਰਾ ਗਰੋਹ ਨੂੰ ਕਾਬੂ ਕਰਕੇ ਇੱਕ ਨਜਾਇਜ਼ ਰਿਵਾਲਵਰ ਸਮੇਤ ਕਾਰਤੂਸ ਅਤੇ ਤੇਜ਼ ਹਥਿਆਰ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਲੁਟੇਰਿਆਂ ਕੋਲੋਂ ਚੋਰੀ ਕੀਤੀਆਂ ਹੋਈਆਂ 2 ਕਾਰਾਂ ਵੀ ਬਰਾਮਦ ਹੋਈਆਂ ਹਨ। ਸ਼ਹਿਰ ਵਿੱਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਵਿਉਂਤਬੰਦੀ ਕਰਨ ਸਮੇਂ ਕਾਬੂ ਕੀਤੇ ਇਨ੍ਹਾਂ 5 ਵਿਅਕਤੀਆਂ ਖਿਲਾਫ ਲੁੱਟਾਂ ਖੋਹਾਂ ਅਤੇ ਚੋਰੀ ਦੇ ਬਹੁਤ ਸਾਰੇ ਕੇਸ ਦਰਜ ਹਨ। ਪੁਲਸ ਨੇ ਇਨ੍ਹਾਂ ਦੇ ਗੈਂਗਸਟਰਾਂ ਨਾਲ ਸੰਬੰਧ ਹੋਣ ਦਾ ਪਤਾ ਲਾਉਣ ਲਈ ਹੋਰ ਪੁੱਛ ਪੜਤਾਲ ਲਈ ਅਦਾਲਤ ਤੋਂ ਰਿਮਾਂਡ ਹਾਸਲ ਕੀਤਾ ਹੈ। ਜਾਣਕਾਰੀ ਦਿੰਦਿਆਂ ਡੀ ਐਸ ਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਜਾ ਰਹੀ ਮਹਿੰਮ ਨੂੰ ਉਸ ਵੇਲੇ ਸਫਲਤਾ ਮਿਲੀ ਜਦੋਂ ਥਾਣਾ ਪਾਤੜਾਂ ਦੇ ਮੁਖੀ ਹਰਮਨਪ੍ਰੀਤ ਸਿੰਘ ਚੀਮਾ ਅਤੇ ਸ਼ਹਿਰੀ ਚੌਕੀ ਪਾਤੜਾਂ ਦੇ ਮੁਖੀ ਬਲਜੀਤ ਸਿੰਘ ਨੇ ਮਿਲੀ ਇਤਲਾਹ 'ਤੇ ਸ਼ਹਿਰ ਦੀ 11 ਕਿੱਲਿਆਂ ਵਾਲੀ ਅਨਾਜ ਮੰਡੀ ਵਿੱਚ ਛਾਪੇਮਾਰੀ ਕਰਕੇ ਸਤਨਾਮ ਸਿੰਘ ਵਾਸੀ ਪਿੰਡ ਝਬਾਲ (ਤਰਨ ਤਾਰਨ) ਅਜੈ ਸਿੰਘ ਬਾਸੀ ਪਿੰਡ ਛੇਹਰਟਾ (ਅੰਮ੍ਰਿਤਸਰ) ਅਤੇ ਅੰਮ੍ਰਿਤਪਾਲ ਸਿੰਘ ਮਹਿਤਾ ਨੂੰ ਕਾਬੂ ਕੀਤਾ ਅਤੇ ਇਨ੍ਹਾਂ ਤੋਂ ਤਲਵਾਰਾਂ, ਲੋਹੇ ਦੇ ਰਾਡ ਅਤੇ ਕਈ ਹੋਰ ਤੇਜ਼ ਹਥਿਆਰ ਮਿਲੇ ਜਦੋਂ ਕਿ ਕੀਤੀ ਗਈ ਪੁੱਛਗਿੱਛ ਮਗਰੋਂ ਸਤਨਾਮ ਸਿੰਘ ਤੋਂ ਨੇੜੇ ਹੀ ਲੁਕਾ ਕੇ ਰੱਖਿਆ ਹੋਇਆ 32 ਬੋਰ ਨਜਾਇਜ਼ ਰਿਵਾਲਵਰ ਅਤੇ 5 ਕਾਰਤੂਸ ਬਰਾਮਦ ਹੋਏ ਹਨ। ਇਨ੍ਹਾਂ ਤੋਂ ਕੀਤੀ ਗਈ ਹੋਰ ਪੁੱਛਗਿੱਛ 'ਤੇ ਨਿਰਮਲ ਸਿੰਘ ਅਤੇ ਰਵੀ ਕੁਮਾਰ ਵਾਸੀਆਨ ਜਾਖਲ ਰੋਡ ਪਾਤੜਾਂ ਸਮੇਤ 5 ਵਿਅਕਤੀ ਕਾਬੂ ਕੀਤੇ ਹਨ। ਇਨ੍ਹਾਂ ਤੋਂ 1 ਚਾਲੂ ਹਾਲਤ ਵਿੱਚ ਅਲਟੋ ਕਾਰ ਜੋ ਇਨ੍ਹਾਂ ਨੇ ਪਟਿਆਲਾ ਤੋਂ ਚੋਰੀ ਕੀਤੀ ਹੈ ਅਤੇ ਇੱਕ ਕਾਰ ਅਸਟੀਮ ਜਿਸ ਦੇ ਕਈ ਹਿੱਸੇ ਪੁਰਜ਼ੇ ਇਨ੍ਹਾਂ ਨੇ ਖੋਲ੍ਹ ਕੇ ਵੇਚ ਦਿੱਤੇ ਹਨ, ਜਦੋਂ ਕਿ ਤਾਕੀਆਂ ਅਤੇ ਹੋਰ ਪਾਰਟਸ ਬਰਾਮਦ ਹੋਏ ਹਨ। ਸਤਨਾਮ ਸਿੰਘ ਦੇ ਖਿਲਾਫ ਲੁੱਟਾਂ ਖੋਹਾਂ ਦੇ 6 ਕੇਸ ਵੱਖ ਵੱਖ ਥਾਣਿਆਂ ਵਿੱਚ ਦਰਜ ਹਨ ਜਦੋਂ ਕਿ ਅਜੈ ਸਿੰਘ ਦੇ ਖੋਹ ਦਾ ਕੇਸ ਦਰਜ ਹੈ। ਕਾਬੂ ਕੀਤੇ ਗਏ ਨਿਰਮਲ ਸਿੰਘ ਦੇ ਖਿਲਾਫ ਨਸ਼ਾ ਤਸਕਰੀ ਦੇ ਕਈ ਕੇਸ ਦਰਜ ਅਤੇ ਕੁੱਝ ਦਿਨ ਪਹਿਲਾਂ ਹੀ ਇਹ ਜ਼ਮਾਨਤ 'ਤੇ ਜੇਲ੍ਹ ਚੋਂ ਆਇਆ ਹੈ। ਕਾਬੂ ਕੀਤੇ ਗਏ ਇਨ੍ਹਾਂ ਵਿਅਕਤੀਆਂ ਦੇ ਗੈਂਗਸਟਰਾਂ ਨਾਲ ਸੰਬੰਧ ਹੋਣ ਦਾ ਪਤਾ ਲਾਉਣ ਲਈ ਇਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।



ਲੁਟੇਰਾ ਗਰੋਹ ਦੇ ਫੜੇ ਗਏ ਵਿਅਕਤੀ ਪੁਲਸ ਪਾਰਟੀ ਨਾਲ।

## ਕਾਤਰਾਂ

### ਵੋਟਾਂ ਬਣਾਉਣ ਲਈ 17 ਤੱਕ ਲਈਆਂ ਜਾਣਗੀਆਂ ਦਰਖ਼ਾਸਤਾਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਛਾਉਣੀ ਦੇ 8 ਵਾਰਡਾਂ ਅੰਦਰ ਚੋਣਾਂ ਨੂੰ ਲੈ ਕੇ ਭਾਰਤ ਸਰਕਾਰ ਵੱਲੋਂ 17 ਫਰਵਰੀ ਨੂੰ ਜਾਰੀ ਨੋਟਿਸ ਦੇ ਅਨੁਸਾਰ 30 ਅਪ੍ਰੈਲ ਤੱਕ ਚੋਣਾਂ ਕਰਾਉਣ ਨੂੰ ਲੈ ਕੇ ਫ਼ਿਰੋਜ਼ਪੁਰ ਕੰਨਟੋਨਮੈਂਟ ਬੋਰਡ ਨੇ ਚੋਣ ਪ੍ਰਕ੍ਰਿਆ ਨੂੰ ਅਮਲ ਵਿੱਚ ਲੈਂਦੇ ਹੋਏ ਕਾਰਵਾਈ ਸ਼ੁਰੂ ਕਰ ਦਿੱਤੀ ਹੈ । ਮਿਲੀ ਜਾਣਕਾਰੀ ਅਨੁਸਾਰ ਕੰਨਟੋਨਮੈਂਟ ਬੋਰਡ ਵੱਲੋਂ ਸੂਚਨਾ ਜਾਰੀ ਕਰਦੇ ਹੋਏ ਕੈਂਟ ਬੋਰਡ ਅਧੀਨ ਵਸਨੀਕਾਂ ਨੂੰ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਦਾ ਨਾਂਅ ਵੋਟਰ ਸੂਚੀ 'ਚ ਪ੍ਰਕਾਸ਼ਤ ਨਹੀਂ ਹੈ ਅਤੇ ਉਹ ਵੋਟ ਬਣਾਉਣ ਦਾ ਕਾਨੂੰਨੀ ਅਧਿਕਾਰ ਰੱਖਦਾ ਹੈ ਅਤੇ ਉਹ ਸੰਬੰਧਤ ਵਿਅਕਤੀ 15 ਮਾਰਚ ਤੋਂ ਲੈ ਕੇ 17 ਮਾਰਚ ਤੱਕ ਫਾਰਮ ਭਰ ਕੇ ਵੋਟ ਬਣਾਉਣ ਲਈ ਦਰਖ਼ਾਸਤ ਦੇ ਸਕਦਾ ਹੈ ਅਤੇ ਇਸ ਬਾਬਤ ਪੂਰੀ ਜਾਣਕਾਰੀ 14 ਮਾਰਚ ਨੂੰ ਕੰਨਟੋਨਮੈਂਟ ਬੋਰਡ ਵਲੋਂ ਲਿਖਤੀ ਤੌਰ 'ਤੇ ਮੁਹੱਈਆ ਕਰਾ ਦਿੱਤੀ ਜਾਵੇਗੀ।

### ਸ੍ਰੀਮਦ ਭਗਵਤ ਸਪਤਾਹ ਗਿਆਨ ਯੱਗ ਸ਼ੁਰੂ

**ਬਰੇਟਾ (ਗੋਬਿੰਦ ਸ਼ਰਮਾ)**-ਇਥੋਂ ਦੇ ਨੇੜਲੇ ਪਿੰਡ ਮੰਡੇਰ ਵਿਖੇ ਡੇਰਾ ਬਾਬਾ 108 ਸਿੱਧ ਬਾਬਾ ਮੋਨੀ ਗਿਰੀ ਮਹਾਰਾਜ ਦੇ ਵਿਹੜੇ 'ਚ ਸ੍ਰੀ ਮਦ ਭਾਗਵਤ ਕਥਾ ਸਪਤਾਹ ਯਗ ਆਰੰਭ ਹੋਇਆ ਇਹ ਸਪਤਾਹ ਯਗ ਸੱਤ ਦਿਨ ਚੱਲੇਗਾ, ਜਿਸ ਵਿੱਚ ਪ੍ਰਸਿੱਧ ਕਥਾਵਾਚਕ ਸ੍ਰੀ ਸੁਆਮੀ ਰਾਮ ਗਿਰੀ ਮਹਾਰਾਜ ਹਸਨਪੁਰ ਵਾਲੇ ਰੋਜ਼ਾਨਾ ਪ੍ਰਵਚਨਾਂ ਨਾਲ ਸੰਗਤਾਂ ਨੂੰ ਮੰਤਰ ਮੁਗਧ ਕਰਨਗੇ। ਇਸ ਸਬੰਧੀ ਸੰਭੂ ਸ਼ਰਮਾ ਨੇ ਦੱਸਿਆ ਕਿ ਪੂਜਾ ਸਵੇਰੇ 6 ਵਜੇ ਤੇ ਕਥਾ ਦਾ ਟਾਇਮ 2 ਵਜੇ ਤੋਂ ਸ਼ਾਮ 5 ਵਜੇ ਰਹੇਗਾ। ਸਪਤਾਹ ਯਗ ਦੇ ਭੋਗ 7 ਮਾਰਚ ਨੂੰ 10 ਵਜੇ ਪੈਣਗੇ। ਇਹ ਮਹਾਨ ਯਗ ਸਮੂਹ ਬ੍ਰਾਹਮਣ ਭਾਈਚਾਰੇ ਤੇ ਪਿੰਡ ਨਿਵਾਸੀਆਂ ਵੱਲੋਂ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।

### ਲੋਕ ਚੇਤਨਾ ਮੰਚ ਵੱਲੋਂ ਸੈਮੀਨਾਰ 18 ਨੂੰ

**ਧੂਰੀ (ਸੁਖਦੇਵ ਧੂਰੀ)**-ਲੋਕ ਚੇਤਨਾ ਮੰਚ ਧੂਰੀ ਨੇ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਸੈਮੀਨਾਰ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ ਸੰਬੰਧੀ ਹੋਈ ਮੰਚ ਦੀ ਮੀਟਿੰਗ ਉਪਰੰਤ ਪ੍ਰੈੱਸ ਨੂੰ ਬਿਆਨ ਜਾਰੀ ਕਰਦੇ ਹੋਏ ਸੁਖਦੇਵ ਧੂਰੀ ਨੇ ਦੱਸਿਆ ਕਿ 18 ਮਾਰਚ ਨੂੰ ਧੂਰੀ ਵਿਖੇ ਚੌਧਰੀ ਬਾਰੂ ਮੱਲ ਦੀ ਧਰਮਸ਼ਾਲਾ ਵਿੱਚ ਕਰਵਾਏ ਜਾਣ ਵਾਲੇ ਸੈਮੀਨਾਰ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਮੁੱਖ ਵਕਤਾ ਵਜੋਂ ਸ਼ਿਰਕਤ ਕਰਨਗੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੰਚ ਦੇ ਪ੍ਰਧਾਨ ਨਰਿੰਦਰ ਨਿੰਦੀ, ਜਨਰਲ ਸਕੱਤਰ ਬਲਵਿੰਦਰ ਸਿੰਘ (ਬਸਾਖਾ ਸਿੰਘ), ਕੁਲਵਿੰਦਰ ਬੰਟੀ, ਰਾਜਿੰਦਰ ਰਾਜੂ, ਰਾਮ ਸਿੰਘ, ਬਲਦੇਵ ਸਿੰਘ ਮੀਮਸਾ, ਚੰਦ ਸਿੰਘ ਹਥਨ, ਮੱਖਣ ਸਿੰਘ ਧੂਰੀ, ਭਜਨ ਸਿੰਘ ਰੰਗੀਆਂ, ਮਨਜੀਤ ਸਿੰਘ ਬਬਲੀ, ਮਦਨ ਸਿੰਘ ਹਾਜ਼ਰ ਸਨ।

### ਖੇਤਾਂ ਲਈ ਬਿਜਲੀ ਸਪਲਾਈ ਦਿਨ ਵੇਲੇ ਦਿੱਤੀ ਜਾਵੇ : ਜਗਦੇਵ ਸਿੰਘ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਾਵਰਕਾਮ ਵੱਲੋਂ ਖੇਤਾਂ ਲਈ ਰਾਤ ਸਮੇਂ ਦਿੱਤੀ ਜਾ ਰਹੀ ਬਿਜਲੀ ਸਪਲਾਈ ਨਾਲ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਹਿਰਾ ਮੁਹੱਬਤ ਵਾਸੀ ਕਿਸਾਨ ਜਗਦੇਵ ਸਿੰਘ ਨੇ ਪ੍ਰੈੱਸ ਨੂੰ ਜਾਰੀ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਤੋਂ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨ ਤੇ ਉਨ੍ਹਾਂ ਦਾ ਹੱਲ ਕੱਢ ਕੇ ਖੇਤੀ ਵਿੱਚ ਸੁਧਾਰ ਕਰਨ ਦੇ ਮਨਸੂਬੇ ਤਹਿਤ ਬੀਤੀ 12 ਫਰਵਰੀ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਕਿਸਾਨ ਮਿਲਣੀ ਪ੍ਰੋਗਰਾਮ ਕਰਵਾਇਆ ਸੀ, ਪ੍ਰੰਤੂ ਉਸ ਉਪਰੰਤ ਦੋ-ਤਿੰਨ ਦਿਨ ਵੀ ਨਹੀਂ ਲੰਘੇ ਸਨ ਕਿ ਪਾਵਰਕਾਮ ਨੇ ਕਿਸਾਨਾਂ ਨੂੰ ਤੋਹਫਾ ਦਿੰਦੇ ਹੋਏ ਦਿਨ ਸਮੇਂ ਮਿਲਦੀ ਬਿਜਲੀ ਸਪਲਾਈ ਰਾਤ ਸਮੇਂ ਦੇਣ ਦਾ ਫੁਰਮਾਨ ਕਰ ਦਿੱਤਾ ਕਿ ਖੇਤਾਂ ਲਈ ਬਿਜਲੀ ਸਪਲਾਈ ਹੁਣ ਰਾਤ ਨੂੰ ਮਿਲਿਆ ਕਰੇਗੀ, ਜਿਸ ਨਾਲ ਕਿਸਾਨ ਰਾਤਾਂ ਨੂੰ ਜਾਗ ਕੇ ਫਸਲਾਂ ਨੂੰ ਪਾਣੀ ਲਾਉਣ ਲਈ ਮਜਬੂਰ ਹਨ। ਕਿਸਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਾਵਰ ਕੰਟਰੋਲਰ ਦਾ ਰਾਤ ਨੂੰ ਕਿਸਾਨਾਂ ਨੂੰ ਬਿਜਲੀ ਦੇਣ ਦਾ ਫੁਰਮਾਨ ਰੱਦ ਕਰਵਾ ਕੇ ਦਿਨ ਵੇਲੇ ਬਿਜਲੀ ਸਪਲਾਈ ਦਿੱਤੀ ਜਾਵੇ, ਤਾਂ ਕਿ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

### ਅੱਜ ਬਿਜਲੀ ਬੰਦ ਰਹੇਗੀ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਪਾਵਰਕਾਮ ਲੌਂਗੋਵਾਲ ਦੇ ਸੁਭਾਸ਼ ਚੰਦਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ 66 ਕੇ ਵੀ ਗਰਿਡ ਢੱਡਰੀਆਂ, 66 ਕੇ ਵੀ ਗਰਿਡ ਲੋਹਾਖੇੜਾ ਤੇ 66 ਕੇ ਵੀ ਗਰਿਡ ਹੀਰੋ ਕਲਾਂ ਤੋਂ ਚੱਲਦੀ ਸਪਲਾਈ ਦੇ ਖਪਤਕਾਰਾਂ ਨੂੰ ਸੂਚਿਤ ਕੀਤਾ ਹੈ ਕਿ ਉਪਰੋਕਤ ਤਿੰਨਾਂ ਗਰਿਡਾਂ ਦੀ ਜ਼ਰੂਰੀ ਮੈਨਟੀਨੈਂਸ ਕਾਰਨ 3 ਮਾਰਚ 2023 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ ਉਪਰੋਕਤ ਤਿੰਨਾਂ ਗਰਿਡਾਂ ਤੋਂ ਚੱਲਦੇ ਸਾਰੇ ਸ਼ਹਿਰੀ, ਪਿੰਡਾਂ ਤੇ ਖੇਤੀਬਾੜੀ ਫੀਡਰਾਂ ਦੀ ਸਪਲਾਈ ਬੰਦ ਰਹੇਗੀ।

# ਵਿਦਿਆਰਥੀਆਂ ਨੂੰ ਸਕੂਲੀ ਬੈਗ, ਪਾਣੀ ਦੀਆਂ ਬੋਤਲਾਂ ਤੇ ਬੂਟ ਵੰਡੇ

**ਬਰੇਟਾ (ਗੋਬਿੰਦ ਸ਼ਰਮਾ)**-ਬੀਤੇ ਦਿਨੀਂ ਇੱਥੋਂ ਦੇ ਪਿੰਡ ਹਾਕਮਵਾਲਾ ਵਿਖੇ ਜ਼ਿਲ੍ਹੇ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਉਂਡੇਸ਼ਨ ਬੁਢਲਾਡਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਤੇ ਹਾਈ ਸਕੂਲ ਹਾਕਮਵਾਲਾ ਦੇ 300 ਵਿਦਿਆਰਥੀਆਂ ਨੂੰ ਸਕੂਲੀ ਬੈਗ, ਪਾਣੀ ਦੀਆਂ ਬੋਤਲਾਂ ਤੇ ਬੂਟ ਵੰਡੇ ਗਏ। ਗੱਲਬਾਤ ਕਰਦਿਆਂ ਨੇਕੀ ਫਾਉਂਡੇਸ਼ਨ ਦੀ ਟੀਮ ਨੇ ਦੱਸਿਆ ਕਿ ਇਹ ਸਾਰੀ ਸਮੱਗਰੀ ਸੈਪਸੈਂਟ ਕੰਸਟਰਕਸ਼ਨ ਲਿਮਟਿਡ (ਸੋਲਰ ਪਲਾਂਟ) ਦੇ ਸਹਿਯੋਗ ਨਾਲ ਸੀ ਐੱਸ ਆਰ ਵਿੱਤੀ ਸਾਲ 2022-23 ਦੇ ਅਧੀਨ ਸੰਸਥਾ ਨੂੰ ਪ੍ਰਾਪਤ ਹੋਈ ਤੇ ਸੰਸਥਾ ਵੱਲੋਂ ਪਿੰਡ ਹਾਕਮਵਾਲਾ ਦੇ ਲੋੜਵੰਦ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਵੰਡੀ ਗਈ। ਸਕੂਲ ਦੇ ਮੁੱਖ ਅਧਿਆਪਕ ਬਲਵਿੰਦਰ ਸਿੰਘ ਤੇ ਰਾਜਵੀਰ ਚੌਹਾਨ ਨੇ ਕਿਹਾ ਕਿ ਬਹੁਤ ਬੱਚੇ ਹਨ, ਜੋ ਅਜਿਹਾ ਲੋੜੀਂਦਾ ਸਾਮਾਨ ਖ਼ਰੀਦਣ ਵਿੱਚ ਅਸਮਰੱਥ ਹੁੰਦੇ ਹਨ, ਪਰ ਅੱਜ ਉਨ੍ਹਾਂ ਨੂੰ ਵਧੀਆ ਕੁਆਲਟੀ ਦਾ ਸਾਮਾਨ ਮਿਲਿਆ ਹੈ ਅਤੇ ਸਾਰੇ ਬੱਚਿਆਂ ਦੇ ਚਿਹਰੇ ਖਿੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਸਕੂਲ ਦੇ 157 ਤੇ ਹਾਈ ਸਕੂਲ ਦੇ 143 ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲਿਆ ਹੈ। ਇਸ ਮੌਕੇ ਬਲਾਕ ਸਿੱਖਿਆ ਅਫਸਰ ਅਮਨਦੀਪ ਸਿੰਘ ਨੇ ਵਿਸ਼ੇਸ਼ ਤੌਰ ਉੱਤੇ ਸ਼ਿਰਕਤ ਕਰਦਿਆਂ ਸੋਲਰ ਪਲਾਂਟ ਤੇ ਨੇਕੀ ਫਾਉਂਡੇਸ਼ਨ ਦੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਕੀਤਾ। ਸੈਪਸੈਂਟ ਕੰਸਟਰਕਸ਼ਨ ਲਿਮਟਿਡ ਦੇ ਸਥਾਨਕ ਪਲਾਂਟ ਦੇ ਮੈਨੇਜਰ ਲਕਸ਼ਮੀ ਨਰਾਇਣ ਤੇ ਡਿਪਟੀ ਮੈਨੇਜਰ ਉੱਤਮ ਮਲਿਕ ਨੇ ਭਰੋਸਾ ਦਿੱਤਾ ਕਿ ਅੱਗੇ ਵੀ ਉਨ੍ਹਾਂ ਦੀ ਕੰਪਨੀ ਵੱਲੋਂ ਸਿੱਖਿਆ ਤੇ ਸਿਹਤ ਵਾਸਤੇ ਇਲਾਕੇ ਨੂੰ ਸਹਿਯੋਗ ਮਿਲਦਾ ਰਹੇਗਾ। ਨੇਕੀ ਫਾਉਂਡੇਸ਼ਨ ਦੇ ਮੈਂਬਰਾਂ ਨੇ ਜਾਣਕਾਰੀ ਦਿੰਦੇ ਕਿਹਾ ਕਿ ਆਉਣ ਵਾਲੀ 12 ਮਾਰਚ ਨੂੰ ਪਿੰਡ ਗਾਮੀਵਾਲਾ ਵਿਖੇ ਵੀ ਇੱਕ ਵੱਡਾ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ, ਜਿੱਥੇ 5 ਤੋਂ ਵੱਧ ਕਿਸਮਾਂ ਦੇ ਡਾਕਟਰ ਮੌਜੂਦ ਹੋਣਗੇ ਤੇ ਮੁਫ਼ਤ ਦਵਾਈਆਂ ਵੰਡੀਆਂ ਜਾਣਗੀਆਂ। ਇਸ ਮੌਕੇ ਗ੍ਰਾਮ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ, ਸਥਾਨਕ ਕਲੱਬ ਮੈਂਬਰ ਤੇ ਪਿੰਡ ਦੇ ਪਤਿਵੰਤੇ ਮੌਜੂਦ ਸਨ।



## 30 ਗ੍ਰਾਮ ਹੈਰੋਇਨ ਤੇ ਕਾਰ ਸਣੇ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 30 ਗ੍ਰਾਮ ਹੈਰੋਇਨ ਤੇ ਕਾਰ ਬਰਾਮਦ ਕਰਕੇ ਦੋ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਵਿੱਚੋਂ ਇੱਕ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ ਆਈ ਬਚਿੱਤਰ ਸਿੰਘ ਨੇ ਦੱਸਿਆ ਕਿ ਜਦ ਉਹ ਗਸ਼ਤ ਤੇ ਚੈਕਿੰਗ ਦੇ ਸੰਬੰਧ 'ਚ ਪਿੰਡ ਬੂੜਾ ਗੁੱਜਰ ਵਿਖੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸੰਬੰਧੀ ਨਾਕਾਬੰਦੀ ਤੇ ਮੌਜੂਦ ਸੀ ਤਾਂ ਇਸ ਦੌਰਾਨ ਫਿਰੋਜ਼ਪੁਰ ਵੱਲੋਂ ਇੱਕ ਚਿੱਟੇ ਰੰਗ ਦੀ ਕਾਰ ਤੇਜ਼ ਰਫ਼ਤਾਰ ਨਾਲ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਨੇੜੇ ਆਉਣ 'ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਡਰਾਇਵਰ ਨੇ ਇਕ ਦਮ ਬ੍ਰੇਕ ਮਾਰ ਕੇ ਕਾਰ ਨੂੰ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ ਤਾਂ ਕਾਰ ਬੰਦ ਹੋ ਗਈ ਤੇ ਕਾਰ ਡਰਾਇਵਰ ਬਾਰੀ ਖੋਲ੍ਹ ਕੇ ਕਣਕ ਦੇ ਖੇਤ ਵਿੱਚੋਂ ਭੱਜ ਗਿਆ ਤੇ ਕਾਰ ਦੀ ਕੰਡਕਟਰ ਸੀਟ 'ਤੇ ਬੈਠੇ ਨੌਜਵਾਨ ਨੂੰ ਕਾਬੂ ਕਰ ਲਿਆ। ਐੱਸ ਆਈ ਬਚਿੱਤਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਮੌਕੇ 'ਤੇ ਪਹੁੰਚ ਕੇ ਗੱਡੀ ਚੈੱਕ ਕੀਤੀ ਤਾਂ ਗੱਡੀ ਵਿੱਚੋਂ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਗੱਡੀ ਨੂੰ ਆਪਣੇ ਕਬਜੇ ਵਿੱਚ ਲੈ ਗਿਆ। ਦੋਸ਼ੀਆਂ ਦੀ ਪਹਿਚਾਣ ਬੂਟਾ ਸਿੰਘ ਵਾਸੀ ਪਿੰਡ ਸੋਥਾ ਤੇ ਸੰਦੀਪ ਸਿੰਘ ਵਾਸੀ ਪਿੰਡ ਸੋਥਾ ਵਜੋਂ ਹੋਈ। ਬੂਟਾ ਸਿੰਘ ਦੀ ਗ੍ਰਿਫਤਾਰੀ ਹੋ ਚੁੱਕੀ ਹੈ, ਜਦਕਿ ਸੰਦੀਪ ਸਿੰਘ ਦੀ ਗ੍ਰਿਫਤਾਰੀ ਬਾਕੀ ਹੈ।

## ਖੇਡ ਮੈਦਾਨ ਲਈ ਨਾਲ ਲਗਦੀ ਜ਼ਮੀਨ ਤਬਾਦਲੇ ਰਾਹੀਂ ਸਕੂਲ ਨੂੰ ਦਿਵਾਉਣ ਲਈ ਵਿਧਾਇਕ ਨੂੰ ਮੰਗ ਪੱਤਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਐਲੀਮੈਂਟਰੀ ਸਕੂਲ ਲਾਲ ਸਿੰਘ ਬਸਤੀ ਲਹਿਰਾ ਮੁਹੱਬਤ ਦੀ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ/ਸਕੱਤਰ ਦੀ ਪ੍ਰਧਾਨਗੀ ਹੇਠ ਬੀਤੇ ਦਿਨੀਂ ਹੋਈ ਮੀਟਿੰਗ ਉਪਰੰਤ ਸਕੂਲ ਵਿੱਚ ਖੇਡ ਮੈਦਾਨ ਦੀ ਘਾਟ ਨੂੰ ਪੂਰਾ ਕਰਨ ਲਈ ਸਕੂਲ ਨਾਲ ਲਗਦੀ ਜ਼ਮੀਨ ਦਾ ਪਿੰਡ ਦੀ ਪੰਚਾਇਤੀ ਜ਼ਮੀਨ ਨਾਲ ਤਬਾਦਲਾ ਕਰਵਾਉਣ ਸੰਬੰਧੀ ਹਲਕਾ ਭੁੱਚੋ ਦੇ ਵਿਧਾਇਕ ਮਾ. ਜਗਸੀਰ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਰਾਹੀਂ ਦੱਸਿਆ ਕਿ ਸਰਕਾਰੀ ਐਲੀਮੈਂਟਰੀ ਸਕੂਲ ਲਾਲ ਸਿੰਘ ਬਸਤੀ ਲਹਿਰਾ ਮੁਹੱਬਤ ਵਿਖੇ ਪੜ੍ਹਦੇ ਲਗਭਗ 227 ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਸਕੂਲ ਕੋਲ ਬਿਲਕੁੱਲ ਵੀ ਖੇਡ ਮੈਦਾਨ ਨਹੀਂ ਹੈ। ਜਦੋਂ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਦਿਵਾਉਣਾ ਹੁੰਦਾ ਹੈ ਤਾਂ ਅਧਿਆਪਕ ਸਕੂਲ ਚਾਰਦੀਵਾਰੀ ਦੇ ਬਾਹਰ ਸੜਕਾਂ ਉਪਰ ਹੀ ਖੇਡਾਂ ਦਾ ਅਭਿਆਸ ਕਰਵਾਉਂਦੇ ਹਨ, ਜਿਸ ਨਾਲ ਹਰ ਸਮੇਂ ਜਾਨੀ-ਮਾਲੀ ਨੁਕਸਾਨ ਦਾ ਖਤਰਾ ਬਣਿਆ ਰਹਿੰਦਾ ਹੈ। ਕਮੇਟੀ ਚੇਅਰਮੈਨ ਹਰਦੀਪ ਸਿੰਘ, ਗੁਰਪ੍ਰੀਤ ਸਿੰਘ, ਸੱਤਪਾਲ ਸਿੰਘ, ਬਲਜਿੰਦਰ ਸਿੰਘ, ਅਮਨਦੀਪ ਕੌਰ, ਸੁਖਵੀਰ ਕੌਰ, ਮਨਪ੍ਰੀਤ ਕੌਰ, ਸੁਖਵਿੰਦਰ ਕੌਰ ਅਤੇ ਸਕੂਲ ਸਟਾਫ ਤੋਂ ਇਲਾਵਾ ਗੁਰਸੇਵਕ ਸਿੰਘ ਲੀਲਾ ਨੇ ਦੱਸਿਆ ਕਿ ਸਕੂਲ ਵਿੱਚ ਖੇਡ ਮੈਦਾਨ ਦੀ ਬਹੁਤ ਵੱਡੀ ਘਾਟ ਹੈ, ਇਸ ਕਰਕੇ ਬੱਚੇ ਮੇਜਰ ਗੇਮਾਂ (ਜਿਵੇਂ ਕਿ ਕਬੱਡੀ, ਖੋ-ਖੋ, ਫੁੱਟਬਾਲ, ਵਾਲੀਵਾਲ ਅਤੇ ਐਥਲੈਟਿਕਸ ਆਦਿ) ਵਿੱਚ ਭਾਗ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਸਕੂਲ ਦੇ ਬਿਲਕੁੱਲ ਦੱਖਣ ਵਾਲੇ ਪਾਸੇ ਨਾਲ ਲਗਦੀ ਕਰੀਬ 4 ਕਨਾਲਾਂ ਜ਼ਮੀਨ, ਜੋ ਕਿ ਜ਼ਮੀਨ ਮਾਲਕ ਖੇਡ ਦੇ ਮੈਦਾਨ ਲਈ ਸਕੂਲ ਨੂੰ ਦੇਣ ਲਈ ਬਿਲਕੁੱਲ ਤਿਆਰ ਹੈ ਅਤੇ ਇਸ ਦੇ ਬਦਲੇ ਪਿੰਡ ਲਹਿਰਾ ਮੁਹੱਬਤ ਦੀ ਨੇੜਲੇ ਪਿੰਡ ਕਰਤਾਰਪੁਰ ਥਾਂਦੇ ਪਈ ਪੰਚਾਇਤੀ ਜ਼ਮੀਨ ਦੇ ਤਬਾਦਲੇ ਲਈ ਜ਼ਮੀਨ ਮਾਲਕ ਬਿਲਕੁੱਲ ਤਿਆਰ ਹੈ। ਸਕੂਲ ਮੈਨੇਜਮੈਂਟ ਕਮੇਟੀ, ਸਕੂਲ ਸਟਾਫ ਅਤੇ ਗੁਰਸੇਵਕ ਸਿੰਘ ਲੀਲਾ ਨੇ ਮੰਗ ਕੀਤੀ ਹੈ ਕਿ ਗਰੀਬ ਬੱਚਿਆਂ ਦੇ ਭਵਿੱਖ ਨੂੰ ਦੇਖਦੇ ਹੋਏ, ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਖੇਡਾਂ ਵਿੱਚ ਭਾਗੀਦਾਰ ਬਣਾਉਣ ਲਈ ਤਬਾਦਲਾ ਕਰਵਾ ਕੇ ਇਹ ਜ਼ਮੀਨ ਸਕੂਲ ਨੂੰ ਦਿਵਾਈ ਜਾਵੇ ਤਾਂ

# ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਰੋਸ ਰੈਲੀ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਰਕਾਰ ਅਤੇ ਮਹਿਕਮੇ ਵੱਲੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਦੇ ਰੋਸ ਵਜੋਂ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਸੱਦੇ 'ਤੇ ਟੈਕਨੀਕਲ ਸਰਵਿਸਜ਼ ਯੂਨੀਅਨ ਸਬ ਡਵੀਜ਼ਨ ਮੱਖੂ ਦੇ ਪ੍ਰਧਾਨ ਸੁਖਵਿੰਦਰ ਸਿੰਘ ਘੁੱਦੂਵਾਲਾ ਦੀ ਪ੍ਰਧਾਨਗੀ ਹੇਠ ਰੋਸ ਗੇਟ ਰੈਲੀ ਕੀਤੀ ਗਈ। ਇਸ ਰੋਸ ਗੇਟ ਰੈਲੀ ਦੌਰਾਨ ਵੱਖ ਵੱਖ ਬੁਲਾਰਿਆਂ ਵੱਲੋਂ ਪੰਜਾਬ ਸਰਕਾਰ ਅਤੇ ਮਹਿਕਮੇ ਨੂੰ ਮੰਨੀਆਂ ਹੋਈਆਂ ਮੰਗਾਂ ਤੁਰੰਤ ਲਾਗੂ ਕਰਨ ਦੀ ਚਿਤਾਵਨੀ ਦਿੱਤੀ ਅਤੇ ਕਿਹਾ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਮਹਿਕਮੇ ਦੀ ਹੋਵੇਗੀ। ਇਸ ਰੋਸ ਰੈਲੀ ਵਿੱਚ ਸਬ ਡਵੀਜ਼ਨ ਮੱਖੂ ਦੇ ਪ੍ਰਧਾਨ ਸੁਖਵਿੰਦਰ ਸਿੰਘ ਘੁੱਦੂਵਾਲਾ, ਮੀਤ ਪ੍ਰਧਾਨ ਬਲਵੀਰ ਸਿੰਘ ਲੋਹਕਾ, ਜਸਬੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਪ੍ਰਤਾਪ ਸਿੰਘ ਸਕੱਤਰ, ਸੁਖਦੇਵ ਸਿੰਘ ਖਜ਼ਾਨਚੀ, ਗੁਰਪ੍ਰੀਤ ਸਿੰਘ ਐਸ ਐਸ ਏ, ਸਤਨਾਮ ਸਿੰਘ ਐਸ ਐਸ ਏ, ਗੁਰਕਿਰਪਾਲ ਸਿੰਘ ਆਰ ਟੀ ਐਮ, ਜੋਗਿੰਦਰ ਸਿੰਘ ਐਲ ਐਮ, ਉਪਦੇਸ਼ ਕੁਮਾਰ, ਗੁਰਮੀਤ ਸਿੰਘ ਏ ਐਲ ਐਮ, ਹਰਪ੍ਰੀਤ ਸਿੰਘ ਐਲ ਡੀ ਸੀ, ਕਪਿਲ ਅਰੋੜਾ ਐਲ ਡੀ ਸੀ, ਸੁਰਿੰਦਰ ਸਿੰਘ ਐਲ ਡੀ ਸੀ, ਗੁਰਪਾਲ ਸਿੰਘ ਐਲ ਡੀ ਸੀ, ਦਿਲਬਾਗ ਸਿੰਘ ਏ ਐਲ ਐਮ, ਸਰਵਨ ਸਿੰਘ ਐਲ ਐਮ, ਗੁਰਬਾਜ ਸਿੰਘ ਏ ਐਲ ਐਮ, ਸਤਨਾਮ ਸਿੰਘ ਸੀ ਐਚ ਬੀ, ਬਚਿੱਤਰ ਸਿੰਘ ਏ ਐਲ ਐਮ ਸਲਾਹਕਾਰ ਆਦਿ ਹਾਜ਼ਰ ਸਨ।

## ਮਾਲਵਾ ਕਾਲਜ 'ਚ ਲੱਗੇ ਖੂਨਦਾਨ ਕੈਂਪ 'ਚ 25 ਯੂਨਿਟ ਖੂਨਦਾਨ



**ਸਮਰਾਲਾ (ਸੁਰਜੀਤ ਸਿੰਘ)**

ਰੈੱਡ ਰਿਬਨ ਕਲੱਬ ਮਾਲਵਾ ਕਾਲਜ ਬੌਂਦਲੀ-ਸਮਰਾਲਾ ਤੇ ਸਪਨਾ ਫਾਊਂਡੇਸ਼ਨ ਦੀ ਸਹਾਇਤਾ ਨਾਲ ਮਾਲਵਾ ਕਾਲਜ ਬੌਂਦਲੀ ਵਿਖੇ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਰਨ ਹਸਪਤਾਲ ਦੀ ਡਾਕਟਰਾਂ ਦੀ ਟੀਮ ਨੇ ਡਾਕਟਰੀ ਸਹਾਇਤਾ ਮੁਹੱਈਆ ਕੀਤੀ ਅਤੇ ਕਾਲਜ ਵੱਲੋਂ ਡਾ. ਕੁਲਵਿੰਦਰ ਕੌਰ, ਪ੍ਰੋ. ਇੰਦਰਜੀਤ ਸਿੰਘ ਅਤੇ ਪ੍ਰੋ. ਨਿਰਵੈਰ ਸਿੰਘ ਨੇ ਇਸ ਆਯੋਜਨ ਵਿੱਚ ਅਹਿਮ ਭੂਮਿਕਾ ਨਿਭਾਈ।

ਕਾਲਜ ਦੇ ਵਿਦਿਆਰਥੀ, ਪ੍ਰੋਫੈਸਰ ਸਾਹਿਬਾਨ ਤੇ ਇਲਾਕੇ ਦੇ ਹੋਰ ਕਈ ਵਿਅਕਤੀਆਂ ਨੇ ਖੂਨਦਾਨ ਕੀਤਾ, ਜਿਸ ਵਿੱਚ ਉਚੇਚੇ ਤੌਰ 'ਤੇ ਪ੍ਰੋਫ਼ੈਸਰ ਇੰਦਰਜੀਤ ਸਿੰਘ, ਪ੍ਰੋ: ਇੰਮਰੋਜਪ੍ਰੀਤ ਸਿੰਘ ਅਤੇ ਪ੍ਰੋ. ਗੁਰਿੰਦਰ ਕੌਰ ਨੇ ਖੂਨ ਦਾਨ ਕੀਤਾ। ਕੈਂਪ ਵਿੱਚ ਕੁੱਲ 25 ਯੂਨਿਟ ਦਾਨ ਕੀਤੇ ਗਏ। ਇਸ ਖੂਨਦਾਨ ਕੈਂਪ ਵਿੱਚ ਇਲਾਕੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਕੌਂਸਲਰ ਸ੍ਰੀ ਸਨੀ ਦੂਆ ਅਤੇ ਉਨ੍ਹਾਂ ਦੀ ਟੀਮ, ਕੌਂਸਲ ਹਸਪਤਾਲ ਦੇ ਡਾ. ਕੌਸਲ, ਸ੍ਰੀ ਰਿੰਕੂ ਵਾਲੀਆ, ਵਰੁਣ ਭਾਰਦਵਾਜ, ਸ੍ਰੀ ਢਿਡੀ ਗਿੱਲ (ਕਨੇਡਾ) ਨੇ ਸ਼ਮੂਲੀਅਤ ਕੀਤੀ। ਕਾਲਜ ਵੱਲੋਂ ਸਪਨਾ ਫਾਊਂਡੇਸ਼ਨ ਦੇ ਮੁਖੀ ਸ੍ਰੀ ਮਹਿੰਦਰ ਯਾਦਵ, ਕਰਨ ਹਸਪਤਾਲ ਦੇ ਡਾ. ਸਾਹਿਬਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਅਤੇ ਸਨਮਾਨ ਕੀਤਾ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਸਾਰੇ ਖੂਨਦਾਨ ਕਰਨ ਵਾਲਿਆਂ ਦੀ ਸ਼ਲਾਘਾ ਕੀਤੀ।


## ਉੱਤਰ ਰੇਲਵੇ

**ਆਜ਼ਾਦੀ ਕਾ ਅੰਮ੍ਰਿਤ ਮਹੋਤਸਵ**

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ / ਮਾਲ ਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ, ਫਿਰੋਜ਼ਪੁਰ ਮੰਡਲ ਦੇ ਜਲੰਧਰ ਕੈਂਟ, ਜਲੰਧਰ ਸਿਟੀ ਅਤੇ ਫਿਰੋਜ਼ਪੁਰ ਕੈਂਟ ਸਟੇਸ਼ਨ ਉਤੇ ਪੰਜ ਸਾਲ ਦੇ ਸਮੇਂ ਦੇ ਲਈ ਕਲਾਕ ਰੂਪ ਪ੍ਰਬੰਧਨ ਟੈਂਡਰ ਈ-ਨੀਲਾਮੀ ਦੁਵਾਰਾ ਮੰਗ ਕਰਦਾ ਹੈ । ਵੇਰਵਾ ਇਸ ਪ੍ਰਕਾਰ ਹੈ :

| | |
|---|---|
| Admin Unit/Zone | FEROZPUR DIVISION-COMMERCIAL/ NORTHERN RLY |
| Catalogue Published on | 02.03.2023 |
| Auction Catalogue No. | FZRCLOCKROOM4 |
| Auction Start (All Lots) | 24.03.2023 11:00 hrs. |
| Auction close Date/Time | 24.03.2023 11:50 hrs. |
| Auction Type | Close Ended |
| Website particulars where complete details of auction can be seen by registered bidders | E-Auction Module of www.ireps.gov.in |

Lot No. / Category:
PnU-FZR-JRC-WRL-71-23-1 (Pay and Use - Lounges/Waiting/Retiring/Cloak Rooms)
PnU-FZR-JUC-WRL-72-23-1 (Pay and Use - Lounges/Waiting /Retiring/Cloak Rooms)
PnU-FZR-FZR-WRL-73-23-1 (Pay and Use - Lounges/Waiting/Retiring/Cloak Rooms)

668/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਮਾਲਵਾ ਕਾਲਜ ਸਰਦੂਲੇਵਾਲਾ 'ਚ ਡਾ. ਸੇਖੋਂ ਵਿਦਿਆਰਥੀਆਂ ਦੇ ਹੋਏ ਰੂਬਰੂ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਜਦੋਂ ਦਾ ਮਨੁੱਖ ਇਸ ਧਰਤੀ 'ਤੇ ਪੈਦਾ ਹੋਇਆ ਹੈ ਉਦੋਂ ਤੋਂ ਹੀ ਉਹ ਆਪਣੀ ਸਹੂਲਤ ਖਾਤਰ ਅਨੇਕਾਂ ਤਰ੍ਹਾਂ ਦੇ ਯਤਨ ਕਰਦਾ ਰਹਿੰਦਾ ਹੈ। ਸਮਾਜਕ ਆਰਥਕ ਵਿਕਾਸ ਵਾਸਤੇ ਇਹ ਪ੍ਰਕਿਰਿਆ ਜ਼ਰੂਰੀ ਵੀ ਹੈ। ਇੱਕ ਥਾਂ ਤੋਂ ਦੂਜੀ ਥਾਂ ਅਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਪ੍ਰਵਾਸ ਕਰਨਾ ਵੀ ਮਨੁੱਖ ਦੀ ਇਸੇ ਮਾਨਸਿਕਤਾ ਵਿੱਚੋਂ ਉਪਜਿਆ ਹੋਇਆ ਵਰਤਾਰਾ ਹੈ ਅਤੇ ਇਹ ਕੋਈ ਨਵੀਂ ਜਾਂ ਅਲੋਕਾਰੀ ਗੱਲ ਨਹੀਂ ਹੈ। ਇਹ ਸ਼ਬਦ ਉੱਘੇ ਕੀਟ ਵਿਗਿਆਨੀ ਅਤੇ ਐਨ ਆਰ ਆਈ ਡਾ. ਬਲਜਿੰਦਰ ਸਿੰਘ ਸੇਖੋਂ ਨੇ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਵਿਖੇ ਵਿਦਿਆਰਥੀਆਂ ਨਾਲ ਰੂਬਰੂ ਸਮੇਂ ਕਹੇ। ਡਾ. ਸੇਖੋਂ ਵਿਦਿਆਰਥੀਆਂ ਨਾਲ ਸਿੱਖਿਆ ਅਤੇ ਪ੍ਰਵਾਸ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਨ ਲਈ ਉਚੇਚੇ ਤੌਰ 'ਤੇ ਕਾਲਜ ਕੈਂਪਸ ਵਿਖੇ ਆਏ ਸਨ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਲੰਮੇ ਸਮੇਂ ਤੱਕ ਆਪਣੀਆਂ ਸੇਵਾਵਾਂ ਬਤੌਰ ਕੀਟ ਵਿਗਿਆਨੀ ਨਿਭਾਉਣ ਤੋਂ ਬਾਅਦ ਪਿਛਲੇ ਤਕਰੀਬਨ ਪੰਝੀ ਸਾਲਾਂ ਤੋਂ ਕਨੇਡਾ ਦੇ ਪੱਕੇ ਨਾਗਰਿਕ ਵਜੋਂ ਉਥੇ ਰਹਿ ਰਹੇ ਹਨ। ਕੈਂਪਸ ਵਿਖੇ ਪਹੁੰਚਣ 'ਤੇ ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਡਾ. ਸੇਖੋਂ ਅਤੇ ਸ੍ਰੀਮਤੀ ਸੇਖੋਂ ਨੂੰ ਜੀ ਆਇਆਂ ਆਖਿਆ। ਸਮਾਗਮ ਦੇ ਸ਼ੁਰੂ ਵਿੱਚ ਲੈਕਚਰਾਰ ਬਲਜੀਤ ਪਾਲ ਸਿੰਘ ਨੇ ਮੁੱਖ ਮਹਿਮਾਨ ਅਤੇ ਸਾਰੇ ਹਾਜ਼ਰੀਨ ਦਾ ਸੁਆਗਤ ਕੀਤਾ। ਆਪਣੇ ਧੰਨਵਾਦੀ ਭਾਸ਼ਣ ਵਿੱਚ ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਭੀੜ ਦਾ ਹਿੱਸਾ ਨਾ ਬਣਦੇ ਹੋਏ ਉਨ੍ਹਾਂ ਨੂੰ ਆਪਣੇ ਹੀ ਦੇਸ਼ ਵਿੱਚ ਰੁਜ਼ਗਾਰ ਦੇ ਮੌਕਿਆਂ ਵਾਸਤੇ ਯਤਨਸ਼ੀਲ ਰਹਿਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੋਈ ਵੀ ਕੰਮ ਮਾੜਾ ਨਹੀਂ ਹੁੰਦਾ ਅਤੇ ਵਿਦੇਸ਼ ਵਿੱਚ ਵੀ ਸਾਡੇ ਲੋਕ ਮਜ਼ਦੂਰੀ ਵਾਲਾ ਕੰਮ ਕਰਦੇ ਹਨ, ਫਿਰ ਆਪਣੇ ਦੇਸ਼ ਵਿੱਚ ਆਪਣੀ ਮਰਜ਼ੀ ਅਨੁਸਾਰ ਕੰਮ ਕਰਨ ਵਿੱਚ ਝਿਜਕ ਕਿਓਂ ਮਹਿਸੂਸ ਹੁੰਦੀ ਹੈ। ਅਖੀਰ ਵਿੱਚ ਡਾ. ਬਲਜਿੰਦਰ ਸਿੰਘ ਸੇਖੋਂ ਅਤੇ ਉਨ੍ਹਾ ਦੀ ਧਰਮਪਤਨੀ ਹਰਜਿੰਦਰ ਕੌਰ ਨੂੰ ਮੈਨੇਜਮੈਂਟ ਅਤੇ

# ਪੰਜਾਬੀ ਸਾਹਿਤ ਸਭਾ ਭੁਮੱਦੀ ਦੇ ਸਾਲਾਨਾ ਸਮਾਗਮ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੰਜਾਬੀ ਸਾਹਿਤ ਸਭਾ ਭੁਮੱਦੀ ਵੱਲੋਂ ਡਾ. ਸਾਕ ਮੁਹੰਮਦ ਯਾਦਗਾਰੀ ਸਾਲਾਨਾ ਸਮਾਗਮ ਸਭਾ ਦੇ ਮੁੱਖ ਸਰਪ੍ਰਸਤ ਢਾਡੀ ਗਿਆਨੀ ਤਰਲੋਚਨ ਸਿੰਘ ਭੁਮੱਦੀ, ਸਰਪ੍ਰਸਤ ਦਿਲਸ਼ੇਰ ਸਿੰਘ ਭੁਮੱਦੀ, ਪ੍ਰਧਾਨ ਪਰਗਟ ਸਿੰਘ ਭੁਮੱਦੀ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਇਲਾਕੇ ਦੇ ਪੰਜ ਸਕੂਲਾਂ ਵਿੱਚੋਂ ਸਾਹਿਤ ਲਿਖਣ 'ਚ ਰੁਚੀ ਰੱਖਣ ਵਾਲੇ ਬੱਚਿਆਂ ਦਾ ਮੁਕਾਬਲਾ ਕਰਵਾਇਆ ਗਿਆ। ਪਹਿਲੀਆਂ ਪੁਜ਼ੀਸ਼ਨਾਂ ਉਪਰ ਆਉਣ ਵਾਲੇ ਵਿਦਿਆਰਥੀਆਂ ਨੂੰ ਇਸ ਸਾਲਾਨਾ ਸਮਾਗਮ ਵਿੱਚ ਸਨਮਾਨਤ ਕਰਕੇ ਹੋਰ ਵੀ ਵਧੀਆ ਲਿਖਣ ਲਈ ਉਤਸ਼ਾਹਤ ਕੀਤਾ ਗਿਆ। ਬਾਰ ਐਸੋਸੀਏਸ਼ਨ ਖੰਨਾ ਦੇ ਉੱਪ ਪ੍ਰਧਾਨ ਹਰਦੀਪ ਸਿੰਘ ਭੱਟੀ ਵੱਲੋਂ ਸਮਾਗਮ ਦਾ ਉਦਘਾਟਨ ਕੀਤਾ ਗਿਆ। ਉਪਰੰਤ ਗੀਤਕਾਰ ਹਰਨੇਕ ਸਿੰਘ ਭੰਡਾਲ ਵੱਲੋਂ ਆਏ ਸਾਰੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ ਗਿਆ।

ਸੇਵਕ ਸਿੰਘ ਭੁਮੱਦੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਸਮਾਗਮ ਵਿੱਚ ਵੱਖ ਵੱਖ ਸਾਹਿਤ ਸਭਾਵਾਂ ਪਾਇਲ, ਭੈਣੀ ਸਾਹਿਬ, ਮਲੇਰਕੋਟਲਾ, ਸਮਰਾਲਾ, ਖੰਨਾ, ਮੰਡੀ ਗੋਬਿੰਦਗੜ੍ਹ, ਅਮਲੋਹ, ਕੋਹਾੜਾ, ਭਗਤਾ ਭਾਈਕਾ, ਅਮਰਗੜ੍ਹ ਆਦਿ ਤੋਂ ਪਹੁੰਚੇ ਸਾਹਿਤਕਾਰਾਂ ਵੱਲੋਂ ਆਪਣੀਆਂ ਰਚਨਾਵਾਂ ਪੜ੍ਹੀਆਂ ਗਈਆਂ। ਸਮਾਗਮ ਨੂੰ ਚਾਰ ਚੰਦ ਲਾਉਣ ਆਏ ਐੱਸ ਡੀ ਐੱਮ ਖੰਨਾ ਮਨਜੀਤ ਕੌਰ ਵੱਲੋਂ ਸਨਮਾਨਤ ਸ਼ਖ਼ਸੀਅਤਾਂ ਡਾਕਟਰ ਲਾਲ ਸਿੰਘ ਦਿਲ ਯਾਦਗਾਰੀ ਪੁਰਸਕਾਰ ਸ਼੍ਰੋਮਣੀ ਕਵੀ ਸੁਰਜੀਤ ਸਿੰਘ ਮਰਜਾਰਾ ਨੂੰ, ਗਿਆਨੀ ਦਿੱਤ ਯਾਦਗਾਰੀ ਪੁਰਸਕਾਰ ਡਾਕਟਰ ਹਰਜਿੰਦਰ ਸਿੰਘ ਲਾਲ ਨੂੰ, ਸਆਦਤ ਹਸਨ ਮੰਟੋ ਯਾਦਗਾਰੀ ਪੁਰਸਕਾਰ ਕਹਾਣੀਕਾਰ ਜਤਿੰਦਰ ਹਾਂਸ ਨੂੰ, ਜਸਵੰਤ ਸਿੰਘ ਕੰਵਲ ਯਾਦਗਾਰੀ ਪੁਰਸਕਾਰ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਨੂੰ, ਧਨਵੰਤ ਸਿੰਘ ਸੀਤਲ ਯਾਦਗਾਰੀ ਪੁਰਸਕਾਰ ਸ਼੍ਰੋਮਣੀ ਬਾਲ ਗਾਇਕ ਕਮਲਜੀਤ ਸਿੰਘ ਨੀਲੋਂ ਨੂੰ ਅਤੇ ਲੋਕ ਢਾਡੀ ਬਲੈਤੀ ਸਿੰਘ, ਜਾਗਰ ਸਿੰਘ, ਦਲੀਪ ਸਿੰਘ ਯਾਦਗਾਰੀ ਪੁਰਸਕਾਰ ਢਾਡੀ ਦੇਸ ਰਾਜ ਲਚਕਾਨੀ ਨੂੰ ਦਿੱਤਾ ਗਿਆ। ਪੰਜਾਬੀ ਸਾਹਿਤ ਸਭਾ ਭੁਮੱਦੀ ਵੱਲੋਂ ਵਿਸ਼ੇਸ਼ ਸਨਮਾਨ ਹਰਚੰਦ ਸਿੰਘ ਕੰਮਾਂ ਤੇ ਗੀਤਕਾਰ ਲਾਭ ਚਤਾਮਲੀ ਵਾਲਾ ਨੂੰ ਦਿੱਤਾ ਗਿਆ।

ਇਸ ਮੌਕੇ ਕਿਰਨਦੀਪ ਸਿੰਘ ਕਲਾਰ, ਸੁਖਵਿੰਦਰ ਸਿੰਘ ਭਾਦਲਾ, ਸੰਮੀ ਖਾਨ, ਨਰੇਸ਼ ਨਿਮਾਣਾ, ਅਵਤਾਰ ਸਿੰਘ ਭੁਮੱਦੀ, ਗੁਰਮੁੱਖ ਸਿੰਘ ਈਸੜੂ, ਕਰਮਜੀਤ ਸਿੰਘ ਢਿੱਲੋਂ, ਥਾਣੇਦਾਰ ਕੁਲਦੀਪ ਸਿੰਘ, ਮਾਸਟਰ ਕਰਮਜੀਤ ਸਿੰਘ ਇਕੋਲਾਹੀ, ਉੱਘੇ ਗੀਤਕਾਰ ਗੁਰਮਿੰਦਰ ਸਿੰਘ ਗਰੇਵਾਲ ਖੰਨਾ, ਕਹਾਣੀਕਾਰ ਮੁਖਤਿਆਰ ਸਿੰਘ, ਰਵਿੰਦਰ ਰੁਪਾਲ, ਜੋਰਾ ਸਿੰਘ ਭੁਮੱਦੀ, ਗੁਰਵਿੰਦਰ ਸਿੰਘ ਭੁਮੱਦੀ, ਰਣਜੋਧ ਸਿੰਘ ਭੁਮੱਦੀ ਆਦਿ ਹਾਜ਼ਰ ਸਨ। ਪੰਜਾਬੀ ਸਾਹਿਤ ਭੁਮੱਦੀ ਦੇ ਸਾਲਾਨਾ ਸਮਾਗਮ ਵਿੱਚ ਪਹੁੰਚੀਆਂ ਸਨਮਾਨਤ ਸ਼ਖ਼ਸੀਅਤਾਂ ਤੇ ਸਾਹਿਤਕਾਰਾਂ ਦਾ ਲਖਬੀਰ ਸਿੰਘ ਹੁੰਦਲ ਵੱਲੋਂ ਧੰਨਵਾਦ ਕੀਤਾ ਗਿਆ।


## ਉੱਤਰ ਰੇਲਵੇ

**ਆਜ਼ਾਦੀ ਕਾ ਅੰਮ੍ਰਿਤ ਮਹੋਤਸਵ**

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲ ਭਾੜਾ, ਉਤਰ ਰੇਲਵੇ ਫਿਰੋਜ਼ਪੁਰ, ਫਿਰੋਜ਼ਪੁਰ ਮੰਡਲ ਦੇ ਵਿਭਿੰਨ ਸਟੇਸ਼ਨਾਂ ਤੋਂ ਸ਼ੁਰੂ ਹੋਣ ਵਾਲੀਆਂ ਵਿਭਿੰਨ ਟ੍ਰੇਨਾਂ ਵਿਚ 3.9/4 ਟਨ ਦੀ ਸਮਰਥਾ ਵਾਲੇ ਐਸਐਲਆਰ ਸਥਾਨ ਨੂੰ ਦੋ ਸਾਲ ਦੇ ਸਮੇਂ ਦੇ ਲਈ ਪੱਟੇ ਤੇ ਦੇਣ ਦੇ ਲਈ ਈ-ਨੀਲਾਮੀ ਦੀ ਮੰਗ ਕਰਦਾ ਹੈ। ਵੇਰਵਾ ਇਸ ਪ੍ਰਕਾਰ ਹੈ:

| | | | |
|---|---|---|---|
| Admin Unit/Zone | FEROZPUR DIVISION-COMMERCIAL/NORTHERN RLY | | |
| Catalogue Published on | 02.03.2023 | Auction Catalogue No. | FZRPARCEL26 |
| Auction Start (All lots) | Auction close Date/Time | Auction Type | |
| 23.03.23 11:00 hrs | 23.03.23 12:40 hrs | Close Ended | |
| Website particulars where complete details of auction can be seen by registered bidders | | E-Auction Module of www.ireps.gov.in | |

| Lot No. / Category | |
|---|---|
| 12460-SLR-F1-ASR-NDLS-22-1 (Parcel-SLR) | 16032-SLR-R1-SVDK-MAS-22-1 (Parcel-SLR) |
| 14012-SLR-R1-HSX-DLI-22-1 (Parcel-SLR) | 11058-SLR-F2-ASR-CSMT-22-1 (Parcel-SLR) |
| 18310-SLR-R1-JAT-SBP-22-1 (Parcel-SLR) | 12920-SLR-F1-SVDK-DADN-22-1 (Parcel-SLR) |
| 14682-SLR-F1-JUC-NDLS-22-1 (Parcel-SLR) | 12550-SLR-F1-JAT-DURG-22-2 (Parcel-SLR) |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 669/23


# ਵਿਸ਼ਵੀਕਰਨ ਦਾ ਲੋਕ ਸੱਭਿਆਚਾਰ 'ਤੇ ਹਮਲਾ : ਡਾ. ਸਵਰਾਜ ਸਿੰਘ



**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਸੈਨਿਕ ਭਵਨ ਮੰਗਵਾਲ ਵਿਖੇ ਡਾ. ਕਿਰਨਪ੍ਰੀਤ ਕੌਰ ਦੀ ਖੋਜ ਪੁਸਤਕ 'ਔਰਤ ਦਾ ਸਿਰ ਪਹਿਰਾਵਾ ਸਰੂਪ ਅਤੇ ਸੱਭਿਆਚਾਰ' ਨੂੰ ਲੋਕ ਅਰਪਨ ਕਰਦਿਆਂ ਵਿਚਾਰ ਚਰਚਾ ਕਰਵਾਈ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਤੇਜਵੰਤ ਮਾਨ ਸਾਹਿਤ ਰਤਨ ਨੇ ਕੀਤੀ। ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਲੋਕ ਸੱਭਿਆਚਾਰ ਦੇ ਮਹੱਤਵ ਨੂੰ ਵਿਸਥਾਰ ਦਿੰਦਿਆ ਪੁਸਤਕ ਉੱਤੇ ਬੜਾ ਗੰਭੀਰ ਵਿਦਵਤਾਪੂਰਨ ਬਹੁ-ਦਿਸ਼ਾਵੀ ਪਰਚਾ ਪੜ੍ਹਿਆ। ਉਨ੍ਹਾ ਦਾ ਮੱਤ ਸੀ ਕਿ ਭਾਵੇਂ ਇਹ ਪੁਸਤਕ ਡਾ. ਕਿਰਨਪ੍ਰੀਤ ਕੌਰ ਦੇ ਡਾਕਟਰੇਟ ਦੇ ਥੀਸਸ ਦਾ ਇੱਕ ਭਾਗ ਹੈ ਪਰ ਸੱਭਿਆਚਾਰਕ ਪੱਖ ਤੋਂ ਇਹ ਪੁਸਤਕ ਆਪਣੇ ਵਿੱਚ ਸੰਪੂਰਨ ਖੋਜ ਪ੍ਰਬੰਧ ਹੀ ਹੈ। ਔਰਤ ਦੇ ਸਿਰ ਪਹਿਰਾਵੇ ਨੂੰ 5000 ਹਜ਼ਾਰ ਸਾਲ ਪਹਿਲਾਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਖੋਜ ਕਰਕੇ ਇਸ ਦੇ ਵੱਖ ਵੱਖ ਰੂਪਾਂ ਨੂੰ ਪਾਠਕਾਂ ਦੀ ਜਾਣਕਾਰੀ ਲਈ ਵਿਆਖਿਆ ਸਾਹਿਤ ਬਿਆਨ ਕੀਤਾ ਹੈ। ਡਾ. ਤੇਜਵੰਤ ਮਾਨ ਨੇ ਕਿਹਾ ਕਿ ਵਿਦਵਾਨ ਉਸ ਖੋਜ ਨੂੰ ਹੀ ਪਰਮਾਣਕ ਮੰਨਦੇ ਹਨ ਜੋ ਪ੍ਰਕਾਸ਼ਤ ਪੁਸਤਕਾਂ ਦੀ ਸੇਧ ਵਿੱਚ ਕੀਤੀ ਹੋਵੇ। ਮੌਖਿਕ ਇਤਿਹਾਸ ਦੇ ਆਧਾਰਾਂ ਨੂੰ ਉਹ ਪਰਮਾਣਕ ਨਹੀਂ ਮੰਨਦੇ। ਡਾ. ਕਿਰਨਪ੍ਰੀਤ ਕੌਰ ਦੀ ਖੋਜ ਵਿਧੀ ਇਨ੍ਹਾਂ ਵਿਦਵਾਨਾਂ ਦੀ ਇਕਹਿਰੀ ਖੋਜ ਵਿਧੀ ਨੂੰ ਠੀਕ ਨਹੀਂ ਮੰਨਦੀ। ਉਹ ਮੌਖਿਕ ਇਤਿਹਾਸਕ ਸਮੱਗਰੀ ਨੂੰ ਵੀ ਪ੍ਰਮਾਣਿਕ ਮੰਨਦੀ ਹੈ। ਡਾ. ਕਿਰਨਪ੍ਰੀਤ ਕੌਰ ਦੀ ਇਸ ਵਿਧੀ ਨੇ ਮੈਨੂੰ ਪ੍ਰਭਾਵਤ ਕੀਤਾ ਹੈ। ਡਾ. ਭਗਵੰਤ ਸਿੰਘ ਨੇ ਕਿਹਾ ਕਿ ਡਾ.ਕਿਰਨਪ੍ਰੀਤ ਕੌਰ ਨੇ ਬੜੀ ਲਗਨ ਅਤੇ ਮਿਹਨਤ ਨਾਲ ਸਾਡੇ ਸੱਭਿਆਚਾਰਕ ਪਹਿਰਾਵੇ ਨੂੰ ਕੇਂਦਰ ਵਿਚ ਰੱਖ ਕੇ ਔਰਤ ਦੇ ਸਿਰ ਪਹਿਰਾਵੇ ਦੀ ਸਰੂਪ ਦਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਹੈ। ਬਹਿਸ ਵਿੱਚ ਡਾ. ਰਮਿੰਦਰ ਕੌਰ, ਜਗਦੀਪ ਸਿੰਘ, ਐਡਵੋਕੇਟ, ਨਿਹਾਲ ਸਿੰਘ ਮਾਨ, ਡਾ. ਰਜੀਵ ਕੁਮਾਰ, ਰਣਬੀਰ ਸਿੰਘ ਨੇ ਵੀ ਹਿੱਸਾ ਲਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਅੰਮ੍ਰਿਤ ਅਜੀਜ਼, ਰਾਕੇਸ਼ ਸ਼ਰਮਾ, ਜਤਿੰਦਰ ਮਾਨਵ, ਚਮਕੌਰ ਸਿੰਘ, ਜੀਤ ਹਰਜੀਤ, ਧਰਮੀ ਤੁੰਗਾਂ, ਪੂਰਨ ਚੰਦ ਜੋਸ਼ੀ, ਪ੍ਰੋ. ਨਰਿੰਦਰ ਸਿੰਘ, ਨਾਹਰ ਸਿੰਘ ਮੁਬਾਰਕਪੁਰੀ, ਦੇਸ਼ ਭੂਸ਼ਨ, ਗੁਰਜੰਟ ਸਿੰਘ ਰਾਹੀ, ਸਾਧੂ ਸਿੰਘ, ਆਦਿ ਨੇ ਕਾਵਿ ਰਚਨਾਵਾਂ ਸੁਣਾਈਆਂ। ਵਿਸ਼ੇਸ਼ ਗੁਰਬਾਣੀ ਗਾਇਣ ਪ੍ਰੋਗਰਾਮ ਵਿੱਚ ਅੰਮ੍ਰਿਤ ਅਜੀਜ਼ ਨੇ ਸ਼ਬਦ ਗਾਇਣ ਕੀਤਾ। ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਜਤਿੰਦਰ ਮਾਨਵ, ਕਿਰਨਪ੍ਰੀਤ ਕੌਰ, ਕੈਪਟਨ ਮਹਿੰਦਰ ਸਿੰਘ, ਡਾ. ਤੇਜਵੰਤ ਮਾਨ, ਅਮਰ ਗਰਗ ਕਲਮਦਾਨ, ਡਾ. ਰਾਜੀਵਪੁਰੀ, ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਸਵਰਾਜ ਸਿੰਘ, ਡਾ. ਰਮਿੰਦਰ ਕੌਰ, ਡਾ. ਰਕੇਸ਼ ਸ਼ਰਮਾ ਦਾ ਸਨਮਾਨ ਕੀਤਾ।

## 2 ਕਿੱਲੋ ਅਫੀਮ ਸਮੇਤ ਕਾਬੂ

**ਨਾਭਾ (ਵਰਿੰਦਰ ਵਰਮਾ)**-ਨਸ਼ਾ ਸਮੱਗਲਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਸ: ਥ: ਜਸਬੀਰ ਸਿੰਘ ਇੰਚਾਰਜ ਚੌਕੀ ਗਲਵੱਟੀ ਸਮੇਤ ਪੁਲਸ ਪਾਰਟੀ ਦੇ ਪੁਲ ਸੂਆ ਗਲਵੱਟੀ ਮੌਜੂਦ ਸੀ ਤੇ ਨਾਕਾਬੰਦੀ ਕੀਤੀ ਹੋਈ ਸੀ, ਜਿੱਥੇ ਨਾਭਾ ਸਾਇਡ ਤੋਂ ਮਲੇਰਕੋਟਲਾ ਨੂੰ ਜਾ ਰਹੀ ਬੱਸ ਵਿੱਚੋਂ ਇੱਕ ਵਿਅਕਤੀ, ਜਿਸ ਦੇ ਮੋਢਿਆਂ 'ਤੇ ਪਿੱਠੂ ਬੈਗ ਰੰਗ ਕਾਲਾ ਟੰਗਿਆ ਹੋਇਆ ਸੀ, ਪੁਲਸ ਪਾਰਟੀ ਨੂੰ ਚੈਕਿੰਗ ਕਰਦਾ ਦੇਖ ਕੇ ਘਬਰਾ ਕੇ ਖੇਤਾਂ ਵੱਲ ਨੂੰ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਸਰਵਨ ਕਮਾਵਾਤ ਉਰਫ ਸ਼ਿਵ ਨਰਾਇਣ ਪੁੱਤਰ ਘੀਸਾ ਰਾਮ ਵਾਸੀ ਪਿੰਡ ਘਾਟਵਾ ਥਾਣਾ ਚਿਤਵਾ ਜ਼ਿਲ੍ਹਾ ਨਾਗੌਰ (ਰਾਜਸਥਾਨ) ਦੱਸਿਆ, ਜਿਸ ਦੇ ਬੈਗ ਦੀ ਤਲਾਸ਼ੀ ਕਰਨ ਉਸ ਦੇ ਬੈਗ ਵਿੱਚੋਂ 2 ਕਿੱਲੋ ਅਫੀਮ ਬ੍ਰਾਮਦ ਹੋਈ।


## ਉੱਤਰ ਰੇਲਵੇ

**ਆਜ਼ਾਦੀ ਕਾ ਅੰਮ੍ਰਿਤ ਮਹੋਤਸਵ**

### ਈ-ਨਿਵਿਦਾ ਸੂਚਨਾ

ਮੰਡਲ ਇੰਜੀਨੀਅਰ-ਟ੍ਰੈਕ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਂਵਾਂ, ਅੰਤਮ ਮਿਤੀ 23.03.2023 ਸਮਾਂ 15.00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਇਨ ਸਾਧਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 01.03.2023 | ਬੋਲੀ ਸ਼ੁਰੂ ਦੀ ਮਿਤੀ | 09.03.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 23.03.2023 15:00 ਵਜੇ |

| ਲ.ਨੰ. | ਨਿਵਿਦਾ ਨੰ. ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 1. | 461-2022-23-ADEN-I-PTK | ਸਹਾਇਕ ਮੰਡਲ ਇੰਜੀਨੀਅਰ ਫਸਟ/ਪਠਾਨਕੋਟ ਦੇ ਤਹਿਤ ਜਲੰਧਰ ਸ਼ਹਿਰ-ਪਠਾਨਕੋਟ ਸੈਕਸ਼ਨ ਤੇ ਮੁਕੇਰੀਆਂ ਯਾਰਡ ਵਿਚ ਬਲਾਸਟ ਡਿਪੋ ਦੇ ਪ੍ਰਾਵਧਾਨ ਲਈ ਜਿਸ ਵਿਚ ਯਾਰਡ ਨੂੰ ਸਮਤਲ ਕਰਨਾ, ਸਮਪਾਰ ਸੰਖਿਆ 108 ਅਤੇ 109 ਤੋਂ ਰੋਡ ਦੇ ਪ੍ਰਾਵਧਾਨ, ਗੁਡਸ ਪਲੇਟਫਾਰਮ ਨੂੰ ਤੋੜਨ ਦੇ ਨਾਲ ਵਿਭਿੰਨ ਕੰਮ ਜਿਸ ਨਾਲ ਸਪਲਾਈ ਕੀਤੀ ਜਾਣ ਵਾਲੀ ਬਲਾਸਟ ਦੀ ਸਟੈਕਿੰਗ ਅਤੇ ਡੀਐਮਟੀ ਦੇ ਬਾਬ ਵਿਚ ਗਿਟੀ ਭਰਨ ਦਾ ਕੰਮ ਕਰਨ ਲਈ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
|---|---|---|---|
| ₹1,64,26,506.15 | ₹2,32,100/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ:- ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਨੰ.: 770-W/169/WA-1/FZR/2022-23 ਤਾਰੀਕ : 02.03.2023 670/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਜੋ ਸਾਜ ਪੇ ਗੁਜ਼ਰੀ...

**ਸ਼ਾਹਕੋਟ (ਗਿਆਨ ਸੈਦਪੁਰੀ)** ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਆਮ ਆਦਮੀ ਪਾਰਟੀ ਪਿਛਲੇ ਗਿਆਰਾਂ ਮਹੀਨਿਆ ਵਿੱਚ ਜਿੱਥੇ ਦੂਜੀਆਂ ਸਿਆਸੀ ਪਾਰਟੀਆਂ ਨੂੰ ਖੋਰਾ ਲਾ ਕੇ ਆਪਣੀ ਮਜਬੂਤੀ ਦਾ ਦਾਅਵਾ ਕਰਦੀ ਹੈ , ਉਥੇ ਇਸ ਦੇ ਆਪਣੇ ਕੁਝ ਆਗੂ ਅਸਹਿਜ ਹੋਏ ਨਜਰ ਆਉਦੇ ਹਨ। 2018 ਵਿੱਚ ਹਲਕੇ ਦੀ ਜਿਮਨੀ ਚੋਣ ਵਿੱਚ ਸਿਰਫ 1900 ਵੋਟਾਂ ਤੱਕ ਸੀਮਤ ਰਹਿਣ ਵਾਲੇ ਰਤਨ ਸਿੰਘ ਕਾਕੜ ਕਲਾਂ ਫਰਵਰੀ 2022 ਵਿੱਚ 29348 ਵੋਟਾਂ ਪ੍ਰਾਪਤ ਕਰਕੇ ਆਪਣਾ ਸਿਆਸੀ ਕੱਦ ਉਭਾਰਨ ਵਿੱਚ ਸਫਲ ਹੋ ਗਏ ਸਨ। ਉਸ ਵਕਤ ਆਪ ਦੀ ਟਿਕਟ ਪ੍ਰਾਪਤੀ ਦੌੜ ਵਿੱਚ ਰਤਨ ਸਿੰਘ ਕਾਕੜ ਕਲਾਂ ਦੇ ਦੋ ਹੋਰ ਰਕੀਬ ਸਨ। 2022 ਦਾ ਚੋਣ ਨਤੀਜਾ ਆਉਣ ਵੇਲੇ ਤਾਂ ਕਹਿਣ ਵਾਲੇ ਇਹ ਵੀ ਕਹਿੰਦੇ ਸਨ ਕਿ ਆਪ ਦੀ ਚੱਲੀ ਹਨੇਰੀ ਵਿੱਚ ਰਤਨ ਸਿੰਘ ਕਾਕੜ ਕਲਾਂ ਦੇ ਰਕੀਬਾਂ ਵਿੱਚੋ ਕੋਈ ਮੈਦਾਨ ਵਿੱਚ ਹੁੰਦਾ ਤਾਂ ਪੰਜਾਬ ਵਿੱਚ 92 ਦਾ ਅੰਕੜਾ 93 ਹੋ ਜਾਣਾ ਸੀ। ਖੈਰ ਬਦਲਦੀਆਂ ਸਿਆਸੀ ਪ੍ਰਸਥਿਤੀਆਂ ਵਿੱਚ ਰਤਨ ਸਿੰਘ ਕਾਕੜ ਕਲਾਂ ਹਲਕਾ ਇੰਚਾਰਜ ਬਣ ਗਏ ਤੇ ਉਨਾਂ ਦਾ ਸਿਆਸੀ ਸਿਤਾਰਾ ਹੋਰ ਚਮਕਣ ਲੱਗਾ । ਇਸੇ ਦੌਰਾਨ ਟਿਕਟ ਦੀ ਦੌੜ ਵਿੱਚ ਪਛੜ ਗਏ ਤਜਿੰਦਰ ਸਿੰਘ ਰਾਮ ਪੁਰ ਅਤੇ ਬਲਕਾਰ ਸਿੰਘ ਚੱਠਾ ਨੂੰ ਪਾਰਟੀ ਵਿੱਚ ਜ਼ਿਲ੍ਹਾ ਪੱਧਰੀ ਅਹੁਦੇ ਦੇ ਕੇ ਸਿਆਸੀ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ ਗਈ।

ਸਿਆਸੀ ਖੁੰਢ ਚਰਚਾ ਵਿੱਚ ਕਦੇ ਕਦੇ ਇਹ ਵੀ ਸੁਣਨ ਨੂੰ ਮਿਲ ਜਾਂਦਾ ਹੈ ਕਿ ਚੱਠਾ ਅਤੇ ਰਾਮ ਪੁਰ ਦਾ ਸਿਆਸੀ ਤਜਰਬਾ ਅਤੇ ਹਲਕੇ ਅੰਦਰ ਲੋਕ ਆਧਾਰ ਚੰਗਾ ਹੈ। ਪਿਛਲੇ ਦਿਨੀਂ ਹਲਕੇ ਅੰਦਰ ਕੈਬਨਿਟ ਮੰਤਰੀ





ਕੁਲਦੀਪ ਸਿੰਘ ਧਾਲੀਵਾਲ ਦੀ ਫੇਰੀ ਦੌਰਾਨ ਬਲਕਾਰ ਸਿੰਘ ਚੱਠਾ ਅਤੇ ਤਜਿੰਦਰ ਸਿੰਘ ਰਾਮ ਪੁਰ ਦੀ ਸਮਾਗਮ ਤੋਂ ਦੂਰੀ ਨੇ ਕੁਝ ਆਗੂਆਂ ਦੇ ਅਸਹਿਜ ਹੋਣ ਦੀ ਚਰਚਾ ਨੂੰ ਦੁੱਗਣੀ ਕਰ ਦਿੱਤਾ ਹੈ। ਕਦੇ ਕਦੇ ਹਲਕੇ ਵਿੱਚ ਆਪ ਦੀ ਲੀਡਰਸ਼ਿਪ ਵਿੱਚ ਕੁਝ ਫੇਰ ਬਦਲ ਹੋਣ ਦੀਆਂ ਕੰਨਸੋਆਂ ਵੀ ਆਉਦੀਆਂ ਹਨ । ਇਸ ਜਾਣਕਾਰੀ ਦੇ ਸਰੋਤ ਖੁੱਲ ਕੇ ਕੁਝ ਕਹਿਣ ਤੋਂ ਪਾਸਾ ਵੱਟ ਜਾਦੇ ਹਨ ।

ਲੋਕ ਸਭਾ ਹਲਕਾ ਜਲੰਧਰ ਦੀ ਜਿਮਨੀ ਚੋਣ ਸਿਰ 'ਤੇ ਹੋਣ ਤੋ ਇਲਾਵਾ ਨਗਰ ਪੰਚਾਇਤ ਸ਼ਾਹਕੋਟ ਦੀ ਚੋਣ ਵੀ ਨੇੜ ਭਵਿੱਖ ਵਿੱਚ ਹੋਣ ਵਾਲੀ ਹੈ ।

ਅਜਿਹੀ ਸਥਿਤੀ ਵਿੱਚ ਹਲਕੇ ਦੇ ਸਿਆਸੀ ਆਗੂਆਂ ਦੀ ਵੱਖਰੀ ਵੱਖਰੀ ਸੁਰ ਨੂੰ ਇੱਕ ਕਰਨ ਸਬੰਧੀ ਤਜਿੰਦਰ ਸਿੰਘ ਰਾਮ ਪੁਰ ਅਤੇ ਬਲਕਾਰ ਸਿੰਘ ਚੱਠਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਸਿਆਸੀ ਸੰਜਮ ਦਾ ਪੱਲਾ ਫੜੀ ਰੱਖਿਆ, ਪਰ ਉਹ ਅੰਦਰਲੀ ਨਾਰਾਜਗੀ ਅਤੇ ਅਣਗੌਲਿਆਂ ਹੋਣ ਦਾ ਦਰਦ ਛੁਪਾ ਨਾ ਸਕੇ । ਉਹ ਕਹਿੰਦੇ ਲਗਦੇ ਹ ਜੋ ਧੁਨ ਤਾਰ ਸੇ ਨਿਕਲੀ, ਵੋ ਸਬ ਨੇ ਸੁਨੀ, ਜੋ ਸਾਜ ਪੇ ਗੁਜਰੀ ਵੋ ਕਿਸਕੋ ਪਤਾ ਹੈ ।

# ਪੰਜਾਬੀ ਨੂੰ ਕੈਨੇਡਾ ਦੀ ਤੀਜੀ ਸਰਕਾਰੀ ਭਾਸ਼ਾ ਵਜੋਂ ਮਾਨਤਾ ਦੀ ਡਾ. ਰਾਜ ਵੱਲੋਂ ਸ਼ਲਾਘਾ

**ਹੁਸ਼ਿਆਰਪੁਰ (ਓ ਪੀ ਰਾਣਾ )**"ਕੈਨੇਡਾ ਨਾ ਸਿਰਫ ਵੱਡੀ ਗਿਣਤੀ ਵਿੱਚ ਭਾਰਤੀਆਂ (ਲਗਭਗ 1.5 ਮਿਲੀਅਨ) ਦਾ ਘਰ ਹੈ, ਸਗੋਂ ਖਾਸ ਤੌਰ 'ਤੇ ਪੰਜਾਬੀਆਂ ਦਾ ਘਰ ਹੈ। ਅਸੀਂ ਪੰਜਾਬੀ ਨੂੰ ਕੈਨੇਡਾ ਦੀ ਤੀਜੀ ਸਰਕਾਰੀ ਭਾਸ਼ਾ ਬਣਾ ਕੇ ਉਥੇ ਵਸਦੇ ਪੰਜਾਬੀਆਂ ਨੂੰ ਦਿੱਤੀ ਮਾਨਤਾ ਦੀ ਬਹੁਤ ਸ਼ਲਾਘਾ ਕਰਦੇ ਹਾਂ", ਇਹ ਵਿਚਾਰ ਡਾ. ਰਾਜ ਕੁਮਾਰ, ਡਿਪਟੀ ਸੀ.ਐਲ.ਪੀ. ਆਗੂ ਅਤੇ ਵਿਧਾਇਕ ਚੱਬੇਵਾਲ ਨੇ ਜਾਹਿਰ ਕੀਤੇ। ਉਹਨਾਂ ਨੇ ਇਹ ਵਿਚਾਰ ਜਾਰਜ ਚਾਹਲ ਕੈਲਗਰੀ ਸਕਾਈਵਿਊ, ਕੈਨੇਡਾ ਦੇ ਸੰਸਦ ਮੈਂਬਰ ਅਤੇ ਸੋਨਾਲੀਕਾ ਟਰੈਕਟਰਜ ਲਿਮਟਿਡ ਦੇ ਚੇਅਰਮੈਨ ਏ.ਐਸ. ਮਿੱਤਲ ਨਾਲ ਕੀਤੀ ਇੱਕ ਮੀਟਿੰਗ ਦੌਰਾਨ ਜਾਹਿਰ ਕੀਤੇ। ਚਾਹਲ ਇਨ੍ਹੀਂ ਦਿਨੀਂ ਪੰਜਾਬ ਦੇ ਦੌਰੇ 'ਤੇ ਹਨ। ਮੀਟਿੰਗ ਕੈਨੇਡਾ ਅਤੇ ਭਾਰਤ ਦੇ ਵਪਾਰਕ ਸਬੰਧਾਂ ਅਤੇ ਮੌਕਿਆਂ 'ਤੇ ਚਰਚਾ ਕਰਨ 'ਤੇ ਕੇਂਦਰਿਤ ਸੀ। ਮਿੱਤਲ ਨੇ ਕਿਹਾ ਕਿ ਕੈਨੇਡਾ ਵਰਗੀਆਂ ਵੱਡੀਆਂ ਅਰਥਵਿਵਸਥਾਵਾਂ ਨੂੰ ਆਲਮੀ ਵਾਤਾਵਰਨ ਚੁਣੌਤੀਆਂ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਕੈਨੇਡਾ ਅਤੇ ਭਾਰਤ ਨੂੰ ਬਹੁਪੱਖੀ ਮੰਚਾਂ 'ਤੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਕੈਨੇਡੀਅਨ ਸੰਸਦ ਮੈਂਬਰ ਨੇ ਮਿੱਤਲ ਦੀ ਸ਼ਾਨਦਾਰ ਪ੍ਰਾਹੁਣਚਾਰੀ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਕੈਨੇਡਾ ਘੱਟ ਕਾਰਬਨ ਅਰਥਵਿਵਸਥਾ ਵੱਲ ਤਬਦੀਲੀ ਲਈ ਲਗਾਤਾਰ ਕੰਮ ਕਰ ਰਿਹਾ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਆਪ ਵੀ ਕੰਮ ਕਰ ਰਹੇ ਹਾਂ ਅਤੇ ਦੂਜੇ ਦੇਸ਼ਾਂ ਦੀ ਵੀ ਮਦਦ ਕਰ ਰਹੇ ਹਾਂ। ਡਾ. ਰਾਜ ਨੇ ਕਿਹਾ ਕਿ ਇਹ ਮੀਟਿੰਗ ਵਪਾਰਕ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਬਹੁਤ ਜਾਣਕਾਰੀ ਭਰਪੂਰ ਰਹੀ।



# ਐੱਲ ਪੀ ਯੂ ਨੇ ਆਲ ਇੰਡੀਆ ਨੈਸ਼ਨਲ ਯੂਥ ਫੈਸਟੀਵਲ ਦੀ ਓਵਰਆਲ ਰਨਰ-ਅੱਪ ਟਰਾਫੀ ਜਿੱਤੀ




**ਜਲੰਧਰ (ਸ਼ੈਲੀ ਐਲਬਰਟ)**- ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ (ਏ. ਆਈ. ਯੂ.) ਦੀ ਅਗਵਾਈ ਹੇਠ 36ਵਾਂ ਆਲ ਇੰਡੀਆ ਇੰਟਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਕਰਨਾਟਕ ਵਿੱਚ ਕਰਵਾਇਆ ਗਿਆ, ਜਿੱਥੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਓਵਰਆਲ ਰਨਰ-ਅੱਪ ਟਰਾਫੀ ਜਿੱਤੀ। ਸਮੂਹਿਕ ਅਤੇ ਵਿਅਕਤੀਗਤ ਤੌਰ ਤੇ, ਐਲ.ਪੀ.ਯੂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ 9 ਗੋਲਡ, 8 ਚਾਂਦੀ, ਅਤੇ 5 ਕਾਂਸੀ ਦੇ ਮੈਡਲ ਜਿੱਤੇ। ਇਸ ਤਰ੍ਹਾਂ, ਉਨ੍ਹਾਂ ਨੇ 3 ਸੰਗੀਤ, ਫਾਈਨ ਆਰਟਸ, ਅਤੇ ਦਲਾਂ ਦੇ ਪ੍ਰੋਸੈਸ਼ਨ ਦੀ ਸ਼੍ਰੇਣੀ ਵਿੱਚ ਓਵਰਆਲ ਟਰਾਫੀਆਂ ; ਅਤੇ, ਥੀਏਟਰ ਅਤੇ ਸਾਹਿਤਕ ਪੇਸ਼ਕਾਰੀਆਂ ਲਈ 2 ਰਨਰ-ਅੱਪ ਟਰਾਫੀਆਂ ਹਾਸਲ ਕੀਤੀਆਂ । ਸਟੂਡੈਂਟਸ ਵੇਲਫੇਯਰ ਵਿਭਾਗ ਦੇ ਹੈਡ ਡਾ ਸੌਰਭ ਲਖਨਪਾਲ ਨੇ ਦੱਸਿਆ, ਇੰਨਾਂ ਜਿੱਤਾਂ ਲਈ, ਐਲਪੀਯੂ ਦੀ ਟੀਮਾਂ ਨੇ ਭਾਰਤ ਦੀਆਂ 900 ਤੋਂ ਵੱਧ ਯੂਨੀਵਰਸਿਟੀਆਂ ਅਤੇ 40,000 ਤੋਂ ਜਿਆਦਾ ਕਾਲਜਾਂ ਨਾਲ ਮੁਕਾਬਲਾ ਕੀਤਾ, ਜਿੱਥੋਂ ਸਿਰਫ 124 ਸੰਸਥਾਵਾਂ ਰਾਸ਼ਟਰੀ ਮੁਕਾਬਲਿਆਂ ਵਿੱਚ ਪਹੁੰਚ ਸਕੀਆਂ ਸਨ। ਪੰਜ ਦਿਨਾਂ ਫੈਸਟੀਵਲ ਦੀ ਮੇਜ਼ਬਾਨੀ ਜੈਨ (ਡੀਮਡ-ਟੂ-ਬੀ ਯੂਨੀਵਰਸਿਟੀ) ਦੁਆਰਾ 28 ਫਰਵਰੀ 2023 ਤੱਕ ਕੀਤੀ ਗਈ ਸੀ । ਐਲ.ਪੀ.ਯੂ ਵਿੱਚ ਸਾਰਿਆਂ ਨੂੰ ਵਧਾਈ ਦਿੰਦੇ ਹੋਏ, ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਇਸ ਨੂੰ ਯੂਨੀਵਰਸਿਟੀ ਲਈ ਮਾਣ ਅਤੇ ਸਨਮਾਨ ਦਾ ਪਲ ਦੱਸਿਆ। ਸ਼੍ਰੀਮਤੀ ਮਿੱਤਲ ਨੇ ਇਹ ਵੀ ਕਿਹਾ ਕਿ ਐਲਪੀਯੂ ਹਮੇਸ਼ਾ ਆਪਣੇ ਵਿਦਿਆਰਥੀਆਂ ਲਈ ਇੱਕ ਬੇਮਿਸਾਲ ਏਰੀਆ ਅੱਗੇ ਵਧਾਉਂਦਾ ਹੈ ਤਾਂ ਜੋ ਉਹ ਉਹਨਾਂ ਦੀ ਵਿਅਕਤੀਗਤ ਪ੍ਰਤਿਭਾ ਅਤੇ ਜਨੂੰਨ ਦੇ ਅਨੁਸਾਰ ਵਿਭਿੰਨ ਡੋਮੇਨਾਂ ਵਿੱਚ ਬੇਮਿਸ਼ਾਲ ਸਿੱਖਣ ਦੇ ਅਨੁਭਵ ਨੂੰ ਗ੍ਰਹਿਣ ਕਰ ਸਕਣ ।

ਇਸ ਤੋਂ ਇਲਾਵਾ, ਵਿਭਿੰਨਤਾ ਦੀ ਜੀਵੰਤ ਸੰਸਕ੍ਰਿਤੀ ਵੀ ਐਲਪੀਯੂ ਦੇ ਵਿਦਿਆਰਥੀਆਂ ਨੂੰ ਸੰਬੰਧਿਤ ਗਤੀਵਿਧੀਆਂ ਵਿੱਚ ਦੂਜਿਆਂ ਦੀ ਅਗਵਾਈ ਕਰਵਾਉਂਦਾ ਹੈ। ਇਸ ਤਰ੍ਹਾਂ, ਉਹ ਜਿੱਥੇ ਵੀ ਹਿੱਸਾ ਲੈਂਦੇ ਹਨ ਅਤੇ ਪ੍ਰਦਰਸ਼ਨ ਕਰਦੇ ਹਨ, ਉਹ ਹਮੇਸ਼ਾ ਤਰਜੀਹੀ ਪ੍ਰਾਪਤ ਕਰਦੇ ਹਨ ਅਤੇ ਜੇਤੂ ਹੁੰਦੇ ਹਨ।

# ਭਾਰਤੀ ਕਿਸਾਨ ਯੂਨੀਅਨ ਦੇ ਨਵੇਂ ਅਹੁਦੇਦਾਰਾਂ ਦੀ ਜਲਦੀ ਹੋਵੇਗੀ ਚੋਣ



**ਫਿਲੌਰ (ਨਿਰਮਲ)** ਭਾਰਤੀ ਕਿਸਾਨ ਯੂਨੀਅਨ ਕਾਦੀਆ ਫਿਲੌਰ ਦੀ ਵਿਸ਼ੇਸ਼ ਮੀਟਿੰਗ ਗੁਰੂਦੁਆਰਾ ਬਾਉਲੀ ਸਾਹਿਬ ਫਿਲੌਰ ਵਿੱਖੇ ਪ੍ਰਧਾਨ ਅਮਰੀਕ ਸਿੰਘ ਭਾਰਸਿੰਘਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਯੂਨੀਅਨ ਦੇ ਆਗੂਆਂ ਤੇ ਵਰਕਰਾਂ ਨੇ ਭਾਗ ਲਿਆ। ਕਿਸਾਨ ਆਗੂ ਕਮਲਜੀਤ ਸਿੰਘ ਨੇ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਜਲਦੀ ਹੋਵੇਗੀ ਅਤੇ ਕਿਸਾਨਾਂ ਦੇ ਗੰਨੇ ਦੀ ਬਕਾਇਆ ਰਾਸ਼ੀ 42 ਕਰੋੜ ਰੁਪਏ ਨਾ ਦੇਣ ਸਬੰਧੀ ਸਖਤ ਐਕਸ਼ਨ ਲੈਣ 'ਤੇ ਵਿਚਾਰ ਕੀਤਾ ਗਿਆ। ਮਿੱਲਾਂ ਵਿਰੁੱਧ ਸਖਤ ਕਾਰਵਾਈ ਕਰਕੇ ਕਿਸਾਨਾਂ ਦਾ ਬਕਾਇਆ ਲੈਣ ਦੀ ਗੱਲ ਕੀਤੀ ਗਈ। ਪ੍ਰਧਾਨਗੀ ਲਈ ਬੀ ਕੇ ਯੂ ਦੀ ਅਗਲੀ ਚੋਣ ਮੱਖਣ ਸਿੰਘ ਸੇਹਲ ਕਲਾਂ ਜ਼ਿਲ੍ਹਾ ਕਮੇਟੀ ਉਪ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੀਟਿੰਗ ਜਲਦੀ ਹੋਵੇਗੀ। ਇਸ ਮੌਕੇ ਅਮਰੀਕ ਸਿੰਘ,ਕਮਲਜੀਤ ਸਿੰਘ, ਬਲਵਿੰਦਰ ਸਿੰਘ,ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਅਤੇ ਹੋਰ ਹਾਜਰ ਸਨ।

### ਹੋਲਾ ਮਹੱਲਾ ਸਮੇਂ ਸਰਹਿੰਦ ਨਹਿਰ 'ਚ ਹੋਵੇਗੀ ਬੋਟਿੰਗ

**ਰੋਪੜ ( ਬਿੰਦਰਾ)** ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ 3 ਮਾਰਚ ਤੋਂ ਹੋਲਾ ਮਹੱਲਾ ਆਉਣ ਵਾਲੇ ਯਾਤਰੀਆਂ ਲਈ ਮਨੋਰੰਜਨ ਲਈ ਸਰਹਿੰਦ ਨਹਿਰ ਵਿਚ ਕਿਸ਼ਤੀਆਂ ਚਲਾਈਆਂ ਜਾਣਗੀਆਂ। ਉਹਨਾਂ ਆਖਿਆ ਕਿ ਇਹ ਕਿਸ਼ਤੀ ਭੋਜੇਮਾਜਰਾ ਪੁਲ ਤੋਂ ਦਾਸਤਾਨੇ ਸ਼ਹਾਦਤ ਸ੍ਰੀ ਚਮਕੌਰ ਸਾਹਿਬ ਤੱਕ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਚੱਲਣਗੀਆਂ।

# ਪੰਜਾਬ ਬਜਟ ਇਜਲਾਸ ਨੂੰ ਸੁਪਰੀਮ ਕੋਰਟ ਦੀ ਮਨਜ਼ੂਰੀ ਮਿਲਣਾ ਲੋਕਤੰਤਰ ਦੀ ਜਿੱਤ : ਹਰਭਜਨ ਸਿੰਘ ਈ ਟੀ ਓ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਲੋਕ ਨਿਰਮਾਣ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਸੁਪਰੀਮ ਕੋਰਟ ਵੱਲੋਂ ਪੰਜਾਬ ਬਜਟ ਇਜਲਾਸ 3 ਮਾਰਚ ਤੋਂ ਬੁਲਾਉਣ ਸਬੰਧੀ ਕੀਤੇ ਫੈਸਲਾ ਨੂੰ ਲੋਕਤੰਤਰ ਦੀ ਜਿੱਤ ਦੱਸਿਆ ਹੈ। ਇੱਥੋਂ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਕੈਬਨਿਟ ਮੰਤਰੀ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਬਜਟ ਇਜਲਾਸ 3 ਮਾਰਚ ਤੋਂ ਬੁਲਾਉਣ ਸਬੰਧੀ ਪੰਜਾਬ ਵਜ਼ਾਰਤ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ 3 ਕਰੋੜ ਪੰਜਾਬੀਆਂ ਦੇ ਹੱਕ 'ਚ ਆਇਆ ਫੈਸਲਾ ਹੈ।

ਹਰਭਜਨ ਸਿੰਘ ਨੇ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਵੱਲੋਂ ਬਣਾਏ ਗਏ ਸੰਵਿਧਾਨ ਮੁਤਾਬਿਕ ਕੰਮ ਕਰਦੇ ਹੋਏ ਹੀ ਇਹ ਲੋਕਤੰਤਰ ਕਾਇਮ ਰਹਿ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੇਂਦਰ ਸਰਕਾਰ ਵੱਲੋਂ ਨਿਯੁਕਤ ਕੀਤੇ ਜਾਂਦੇ ਰਾਜਪਾਲ ਕੇਂਦਰ ਸਰਕਾਰ ਦੇ ਬੁਲਾਰੇ ਵਜੋਂ ਕੰਮ ਨਾ ਕਰਨ ਸਗੋਂ ਸੂਬੇ ਦੇ ਲੋਕਾਂ ਦੇ ਹਿੱਤ ਵਿੱਚ ਲੋਕਾਂ ਵੱਲੋਂ ਚੁਣੀ ਗਈ ਸਰਕਾਰ ਦੀਆਂ ਇਛਾਵਾਂ ਤੇ ਸਲਾਹ ਮੁਤਾਬਿਕ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ। ਕੈਬਨਿਟ ਮੰਤਰੀ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਦੇ ਹਿੱਤ ਵਿੱਚ ਸੁਣਾਇਆ ਗਿਆ ਫੈਸਲਾ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਰਾਜਪਾਲ ਸਰਕਾਰ ਵੱਲੋਂ ਇਜਲਾਸ ਬੁਲਾਉਣ ਸਬੰਧੀ ਭੇਜੇ ਗਏ ਪ੍ਰਸਤਾਵ ਨੂੰ ਕਿਸੇ ਹਾਲਤ ਵਿੱਚ ਅਸਵੀਕਾਰ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਵੱਲੋਂ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਦਰਕਿਨਾਰ ਕਰਦਿਆਂ ਸਰਕਾਰ ਵੱਲੋਂ ਬਜਟ ਇਜਲਾਸ ਨੂੰ ਸੱਦਣ ਦੀ ਪ੍ਰਵਾਨਗੀ ਨਾ ਦੇਣਾ ਲੋਕਤੰਤਰੀ ਰਵਾਇਤਾਂ ਦੀ ਉਲੰਘਣਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਲਗਾਤਾਰ ਪੰਜਾਬ ਅਤੇ ਪੰਜਾਬੀਆਂ ਦੀ ਤਰੱਕੀ ਲਈ ਕੰਮ ਕਰ ਰਹੀ ਹੈ।

# ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਨੇ ਤੇਜ਼ ਕੀਤੀਆਂ ਸਰਮਗਰਮੀਆਂ

**ਜਲੰਧਰ, (ਸੁਰਿੰਦਰ ਕੁਮਾਰ)**-ਜਲੰਧਰ ਜਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਆਪਣੀਆਂ ਤਿਆਰੀਆਂ ਤੇਜ ਕਰ ਦਿੱਤੀਆਂ ਹਨ। ਵੀਰਵਾਰ ਨੂੰ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਪਾਰਟੀ ਦੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੇ ਸੁਝਾਅ ਲਏ ਅਤੇ ਚੋਣ ਰਣਨੀਤੀ 'ਤੇ ਚਰਚਾ ਕੀਤੀ। ਬਰਸਟ ਨੇ ਕਿਹਾ ਕਿ ਸਥਾਨਕ ਆਗੂਆਂ ਤੋਂ ਮਿਲੇ ਫੀਡਬੈਕ ਵਿੱਚ ਦੱਸਿਆ ਗਿਆ ਕਿ ਹਜਾਰਾਂ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫਤ ਬਿਜਲੀ, ਚੰਗੀਆਂ ਸਿਹਤ ਸੇਵਾਵਾਂ ਅਤੇ ਰੁਜਗਾਰ ਤੋਂ ਲੋਕ ਬਹੁਤ ਖੁਸ਼ ਹਨ।

ਮਾਨ ਸਰਕਾਰ ਪੰਜਾਬ ਵਿੱਚ ਭ੍ਰਿਸ਼ਟਾਚਾਰ ਨੂੰ ਖਤਮ ਕਰ ਰਹੀ ਹੈ। ਭ੍ਰਿਸ਼ਟ ਅਫਸਰਾਂ ਅਤੇ ਨੇਤਾਵਾਂ ਖਿਲਾਫ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਅਸੀਂ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਆਪਣੇ ਵਿਧਾਇਕਾਂ 'ਤੇ ਵੀ ਕਾਰਵਾਈ ਕੀਤੀ ਹੈ। ਕੋਈ ਕਿੰਨਾ ਵੀ ਪ੍ਰਭਾਵਸ਼ਾਲੀ ਵਿਅਕਤੀ ਕਿਉਂ ਨਾ ਹੋਵੇ, ਜੇਕਰ ਉਹ ਭ੍ਰਿਸ਼ਟਾਚਾਰ ਕਰਦਾ ਹੈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਜਲੰਧਰ ਵਿੱਚ ਜ਼ਿਲ੍ਹਾ ਪੱਧਰ ਤੋਂ ਲੈ ਕੇ ਬਲਾਕ ਅਤੇ ਬੂਥ ਪੱਧਰ ਤੱਕ ਬਹੁਤ ਮਜਬੂਤ ਹੈ। ਆਮ ਆਦਮੀ ਪਾਰਟੀ ਲੋਕ ਸਭਾ ਉਪ ਚੋਣ ਪੂਰੀ ਤਾਕਤ ਨਾਲ ਲੜੇਗੀ ਅਤੇ ਜਿੱਤੇਗੀ। ਆਮ ਆਦਮੀ ਪਾਰਟੀ ਆਮ ਲੋਕਾਂ ਲਈ ਕੰਮ ਕਰਦੀ ਹੈ, ਇਸ ਲਈ ਆਮ ਲੋਕਾਂ ਦਾ ਸਮਰਥਨ ਸਾਡੇ ਨਾਲ ਹੈ। ਵਿਰੋਧੀ ਪਾਰਟੀਆਂ 'ਤੇ ਹਮਲਾਵਰ ਹੁੰਦਿਆਂ ਬਰਸਟ ਨੇ ਕਿਹਾ ਕਿ ਭਾਜਪਾ-ਅਕਾਲੀ ਸਰਕਾਰ ਨੇ ਪੰਜਾਬ 'ਚ ਗੈਂਗਸਟਰਵਾਦ ਅਤੇ ਮਾਫੀਆ ਨੂੰ ਬੜ੍ਹਾਵਾ ਦਿੱਤਾ ਹੈ। ਭਾਜਪਾ ਆਮ ਆਦਮੀ ਪਾਰਟੀ ਨੂੰ ਦਬਾਉਣਾ ਚਾਹੁੰਦੀ ਹੈ, ਪਰ ਅਸੀਂ ਡਰਨ ਵਾਲੇ ਨਹੀਂ। ਭਾਜਪਾ ਜਾਤੀ-ਧਰਮ ਦੀ ਰਾਜਨੀਤੀ ਕਰਕੇ ਦੇਸ਼ ਵਿੱਚ ਨਫਰਤ ਫੈਲਾਉਂਦੀ ਹੈ। ਭਾਜਪਾ ਕੋਲ ਪੰਜਾਬ ਲਈ ਕੋਈ ਰੋਡਮੈਪ ਨਹੀਂ ਹੈ।

# ਸਰਹਾਲਾ ਰਾਣੂਆ ਵਿਖੇ ਵੇਟ ਲਿਫਟਿੰਗ ਮੁਕਾਬਲੇ 8 ਨੂੰ

**ਬਹਿਰਾਮ (ਅਵਤਾਰ ਕਲੇਰ)** ਹੋਲਾ ਮਹੱਲਾ ਵੇਟ ਲਿਫਟਿੰਗ ਕਮੇਟੀ ਸਰਹਾਲਾ ਰਾਣੂਆ, ਭਰੋਮਜਾਰਾ ਰਾਣੂਆ , ਚੱਕ ਗੁਰੂ , ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 44ਵੇਂ ਹੋਲਾ ਮਹੱਲਾ ਵੇਟ ਲਿਫਟਿੰਗ ਮੁਕਾਬਲੇ 8 ਮਾਰਚ ਨੂੰ ਸਰਕਾਰੀ ਡਿਸਪੈਂਸਰੀ ਦੀ ਗਰਾਊਂਡ ਸਰਹਾਲਾ ਰਾਣੂਆ ਵਿਖੇ ਕਰਵਾਏ ਜਾ ਰਹੇ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਮਨਜੀਤ ਸਿੰਘ ਅਤੇ ਪ੍ਰਿੰਸੀਪਲ ਰੋਸ਼ਨ ਲਾਲ ਨੇ ਦੱਸਿਆ ਕਿ ਨੈਸ਼ਨਲ ਲੈਵਲ ਦੇ ਖਿਡਾਰੀ ਇਸ ਮੁਕਾਬਲੇ 'ਚ ਹਿੱਸਾ ਲੈਣਗੇ ਅਤੇ ਇਸ ਮੁਕਾਬਲੇ ਦਾ ਉਦਘਾਟਨ ਗੁਰਦਿਆਲ ਸਿੰਘ ਰਾਣਾ , ਬਲਵੀਰ ਸਿੰਘ ਪਹਿਲਵਾਨ ਅਤੇ ਹੈਡ ਗ੍ਰੰਥੀ ਗੁਰਦੁਆਰਾ ਪੰਜ ਟਾਹਲੀਆਂ ਸਾਂਝੇ ਤੌਰ 'ਤੇ ਕਰਨਗੇ ।

# ਗੈਸ ਦੀਆਂ ਕੀਮਤਾਂ ਘੱਟ ਕੀਤੀਆਂ ਜਾਣ : ਕੋਹਲੀ, ਮਾਨਖੇੜੀ



**ਮੋਰਿੰਡਾ ( ਜੈਜੀ ਸਰਦਾਰ )** ਕੇਂਦਰ ਦੀ ਭਾਜਪਾ ਅਤੇ ਸੂਬੇ ਦੀ ਆਮ ਆਦਮੀ ਦੀ ਸਰਕਾਰ ਦੇ ਰਾਜ ਵਿੱਚ ਗੈਸ ਸਿਲੰਡਰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਜਸਵਿੰਦਰ ਸਿੰਘ ਕੋਹਲੀ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਤੇ ਮਨਿੰਦਰ ਸਿੰਘ ਮਾਨਖੇੜੀ ਪ੍ਰਧਾਨ ਗੋਲਡਨ ਸਟਾਰ ਕਲੱਬ ਮੋਰਿੰਡਾ ਨੇ ਗੈਸ ਸਿਲੰਡਰ ਦੇ ਵਧ ਰਹੇ ਭਾਅ ਤੇ ਸਰਕਾਰਾਂ ਉਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਕੀਤਾ। ਉਨ੍ਹਾਂ ਕਿਹਾ ਕਿ ਗੈਸ ਸਿਲੰਡਰ ਦੇ ਲਗਾਤਾਰ ਵਧ ਰਹੇ ਭਾਅ ਕਾਰਨ ਗਰੀਬ ਦਿਹਾੜੀਦਾਰ ਵਿਅਕਤੀ ਨੂੰ ਆਪਣੇ ਘਰ ਦਾ ਚੁੱਲਾ ਮਘਦਾ ਰੱਖਣਾ ਔਖਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫੇਰ ਗੈਸ ਸਿਲੰਡਰ ਦੇ ਭਾਅ ਵਿੱਚ 50 ਰੁਪਏ ਦਾ ਵਾਧਾ ਕਰਕੇ ਸਰਕਾਰ ਨੇ ਗਰੀਬ ਵਿਰੋਧੀ ਸਰਕਾਰ ਹੋਣ ਦਾ ਸਬੂਤ ਦਿੱਤਾ ਹੈ। ਸਰਕਾਰ ਨੂੰ ਗਰੀਬ ਅਤੇ ਦਿਹਾੜੀਦਾਰ ਵਰਗ ਨੂੰ ਧਿਆਨ ਵਿੱਚ ਰੱਖਦਿਆਂ ਗੈਸ ਸਿਲੰਡਰ ਦੀਆਂ ਕੀਮਤਾਂ ਨੂੰ ਘੱਟ ਕਰ ਤੇ ਇਸ ਦੇ ਭਾਅ ਵਿੱਚ ਸਥਿਰਤਾ ਰੱਖਣੀ ਚਾਹੀਦੀ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਮੋਰਿੰਡਾ, ਸੰਦੀਪ ਸਿੰਘ, ਲਵਪ੍ਰੀਤ ਸਿੰਘ, ਭੂਸ਼ਣ ਕੁਮਾਰ, ਜਸਵੀਰ ਖਾਨ, ਅਰਜੁਨ ਕੁਮਾਰ ਆਦਿ ਹਾਜਰ ਸਨ।

# ਐੱਨ ਆਰ ਆਈ ਗਿੱਲ ਭਰਾਵਾਂ ਵੱਲੋਂ ਦੌੜਾਕ ਇੰਦਰਜੋਤ ਕੌਰ ਦਾ ਸਨਮਾਨ



**ਬਹਿਰਾਮ (ਅਵਤਾਰ ਕਲੇਰ)** 'ਜਦੋਂ ਮੁਲਕ ਦਾ ਕੋਈ ਬੱਚਾ ਕਿਸੇ ਵੀ ਖੇਤਰ 'ਚ ਨਾਮਣਾ ਖੱਟਦਾ ਹੈ ਤਾਂ ਸਾਡਾ ਸੱਤ ਸਮੁੰਦਰੋਂ ਬੈਠਿਆਂ ਦਾ ਵੀ ਮਾਣ ਨਾਲ ਸਿਰ ਉੱਚਾ ਹੁੰਦਾ ਹੈ।' ਇਹ ਪ੍ਰਗਟਾਵਾ ਕੈਨੇਡਾ ਵਾਸੀ ਜਸਵੀਰ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਗਿੱਲ ਕਰਦਿਆਂ ਨਵੀਂ ਪੀੜ੍ਹੀ ਨੂੰ ਆਪਣੀ ਪ੍ਰਤਿਭਾ ਚਮਕਾਉਂਦਿਆਂ ਕੀਤੀਆਂ ਪ੍ਰਾਪਤੀਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਹਨਾਂ ਵਲੋਂ ਪਿੰਡ ਝੰਡੇਰ ਖੁਰਦ ਦੀ ਦੌੜਾਕ ਇੰਦਰਜੋਤ ਕੌਰ ਨੂੰ ਸਨਮਾਨਿਤ ਕਰਨ ਦੀ ਰਸਮ ਵੀ ਨਿਭਾਈ ਗਈ। ਉਹਨਾਂ ਕਿਹਾ ਕਿ ਇੰਦਰਜੋਤ ਕੌਰ ਨੇ ਦੌੜਾਂ ਦੇ ਵੱਖ ਵੱਖ ਵਰਗ ਵਿੱਚ ਮਾਨਮੱਤੀਆਂ ਪ੍ਰਾਪਤੀਆਂ ਕਰਕੇ ਪਿੰਡ ਦਾ ਨਾਮ ਚਮਕਾਇਆ ਹੈ ਜਿਸ 'ਤੇ ਉਹਨਾਂ ਨੂੰ ਬੇਹੱਦ ਮਾਣ ਹੈ। ਉਹਨਾਂ ਕਿਹਾ ਕਿ ਇਸ ਬੱਚੀ ਦੇ ਸਹਿਯੋਗ ਹਿੱਤ ਉਹ ਹਰ ਸੰਭਵ ਅਮਦਾਦ ਕਰਦੇ ਰਹਿਣਗੇ। ਉਹਨਾਂ ਐਨਆਰਆਈਜ਼ ਨੂੰ ਅਪੀਲ ਕੀਤੀ ਕਿ ਸਮਾਜ ਦੇ ਹੋਰ ਪੱਖਾਂ 'ਚ ਸਹਿਯੋਗ ਵਾਂਗ ਖੇਡਾਂ ਵਿੱਚ ਸੰਘਰਸ਼ ਕਰ ਰਹੇ ਬੱਚਿਆਂ ਦੇ ਸਹਿਯੋਗ ਲਈ ਵੀ ਬਰਾਬਰ ਦੀ ਭੂਮਿਕਾ ਨਿਭਾਉਣ ਦੀ ਲੋੜ ਹੈ।

# ਬਸਪਾ-ਅਕਾਲੀ ਦਲ ਗਠਜੋੜ ਤੇ ਕਾਂਗਰਸ ਨੂੰ ਝਟਕਾ-ਲੁਬਾਣਾ ਤੇ ਵਰਮਾ ਆਪ 'ਚ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**- ਸਥਾਨਕ ਸਰਕਟ ਹਾਊਸ ਵਿਖੇ ਜਲੰਧਰ ਨਗਰ ਨਿਗਮ ਚੋਣਾਂ ਅਤੇ ਜਲੰਧਰ ਲੋਕ ਸਭਾ ਉਪ ਚੋਣ ਤੋਂ ਪਹਿਲਾਂ ਕਈ ਪਿੰਡਾਂ ਦੇ ਸਰਪੰਚ ਕੁਲਦੀਪ ਸਿੰਘ ਲੁਬਾਣਾ ਅਤੇ ਸਮਾਜ ਸੇਵੀ ਲਲਿਤ ਵਰਮਾ ਸਮੇਤ ਕਈ ਕਾਂਗਰਸੀ ਆਗੂ ਆਪਣੇ ਕਈ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਬਸਪਾ ਦੀ ਟਿਕਟ 'ਤੇ ਜਲੰਧਰ ਉੱਤਰੀ ਤੋਂ ਵਿਧਾਨ ਸਭਾ ਚੋਣ ਲੜ ਚੁੱਕੇ ਕੁਲਦੀਪ ਸਿੰਘ ਲੁਬਾਣਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਲੋਕ ਸੇਵਾ ਦੀ ਭਾਵਨਾ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਪ 'ਚ ਸ਼ਾਮਲ ਹੋਏ ਹਨ । ਉਨ੍ਹਾਂ ਕਿਹਾ ਕਿ ਪਾਰਟੀ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੇਗੀ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ । ਉਨ੍ਹਾਂ ਨਾਲ ਵਾਰਡ ਨੰਬਰ ਪੰਜ ਦੇ ਕਈ ਵਰਕਰ ਵੀ 'ਆਪ' ਵਿੱਚ ਸ਼ਾਮਲ ਹੋਏ । ਇਸ ਮੌਕੇ ਕਾਂਗਰਸ ਦੇ ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ ਸਵਿੰਦਰ ਸਿੰਘ ਖੱਟਰ, ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਖਿਲ ਵਧਵਾ, ਬਲਜਿੰਦਰ ਕੌਰ ਲੁਬਾਣਾ ਕੌਂਸਲਰ ਵਾਰਡ ਨੰਬਰ ਪੰਜ, ਚਰਨਜੀਤ ਵਾਲੀਆ, ਪ੍ਰਵੀਨ ਕੁਮਾਰ, ਰਿੱਕੀ ਸ਼ਰਮਾ, ਅਖਲੇਸ਼ ਜੈਨ, ਰਾਜਨ, ਵਿਸ਼ਾਲ, ਸਾਹਿਲ, ਸ਼ਹਿਜ਼ਾਦ, ਬੰਟੀ ਹਰਭਜਨ. ਪੰਜਾਬ ਸਿੰਘ, ਸੁਖਦੇਵ ਸਿੰਘ, ਹਰਮਿੰਦਰ ਸਿੰਘ, ਤਜਿੰਦਰ ਸਿੰਘ, ਸਹਿਜੀ ਭਾਟੀ ਸੁੰਦਰ ਨਗਰ, ਡਾ: ਅਜੈ ਕੁਮਾਰ ਮੈਡੀਕਲ ਸਟੋਰ ਟਾਊਨੀ ਪੰਚ ਨੂਰਪੁਰ ਕਲੋਨੀ, ਸਰਪੰਚ ਸੋਢੀ ਰਾਮ, ਸਰਪੰਚ ਲੰਬਰ ਰਾਮ, ਸਰਪੰਚ ਸਤਨਾਮ ਸਿੰਘ, ਸਰਪੰਚ ਤਜਿੰਦਰ ਕੌਰ, ਸਰਪੰਚ ਸਤਨਾਮ ਸਿੰਘ, ਡਾ. ਸਰਪੰਚ ਸੁਰਿੰਦਰ ਕੌਰ, ਸਰਪੰਚ ਗੁਰਦਿਆਲ ਸਿੰਘ, ਜ਼ਿਲ੍ਹਾ ਕਾਂਗਰਸ ਸਕੱਤਰ ਸਤਨਾਮ ਸਿੰਘ, ਸਰਪੰਚ ਗੁਰਪ੍ਰੀਤ ਕੌਰ, ਸਰਪੰਚ ਬਲਵਿੰਦਰ ਸਿੰਘ ਕੋਟਲਾ, ਸਰਪੰਚ ਜੋਗਿੰਦਰ ਪਾਲ ਅਤੇ ਸਰਪੰਚ ਜੋਤੀ ਸਤੋਵਾਲੀ ਹਾਜ਼ਰ ਸਨ।ਵਰਨਣਯੋਗ ਹੈ ਕਿ ਕੁਲਦੀਪ ਸਿੰਘ ਦੀ ਪਤਨੀ ਅਕਾਲੀ ਦਲ ਦੀ ਆਗੂ ਹੈ ਅਤੇ ਉਹ ਵਾਰਡ ਨੰਬਰ ਪੰਜ ਤੋਂ ਕੌਂਸਲਰ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦਾ ਗਠਜੋੜ ਟੁੱਟਣ ਤੋਂ ਬਾਅਦ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਕਰ ਲਿਆ ਸੀ । ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚਰਨ ਸਿੰਘ ਬਰਸਟ ਨੇ ਜਲੰਧਰ ਦੇ ਸਾਰੇ ਨੌਂ ਵਿਧਾਨ ਸਭਾ ਹਲਕਾ ਇੰਚਾਰਜਾਂ ਨਾਲ ਮੀਟਿੰਗ ਕੀਤੀ, ਜਿਨ੍ਹਾਂ ਵਿੱਚ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ, ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ, ਸ਼ੀਤਲ ਅੰਗੁਰਾਲ, ਨਕੋਦਰ ਦੀ ਵਿਧਾਇਕਾ ਇੰਦਰਜੀਤ ਕੌਰ ਮਾਨ, ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਪਰਸਨ ਰਾਜਵਿੰਦਰ ਥਿਆੜਾ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਸਿੰਘੜੀ, ਸਪੋਰਟਸ ਵਿੰਗ ਦੇ ਸੂਬਾ ਪ੍ਰਧਾਨ ਸੁਰਿੰਦਰ ਸਿੰਘ ਸੋਢੀ, ਜ਼ਿਲ੍ਹਾ ਸਕੱਤਰ ਸੁਭਾਸ਼ ਸ਼ਰਮਾ ਸਮੇਤ ਹੋਰ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਗੈਸ ਸਿਲੰਡਰ ਦੀਆਂ ਵਧੀਆਂ ਕੀਮਤਾਂ ਨੇ ਕੀਤਾ ਜਨਤਾ ਨੂੰ ਪ੍ਰੇਸ਼ਾਨ

**ਫਿਲੌਰ (ਨਿਰਮਲ)**- ਗੈਸ ਸਿਲੰਡਰਾਂ ਦੀਆ ਵਧੀਆ ਕੀਮਤਾਂ ਨੇ ਆਮ ਜਨਤਾ ਨੂੰ ਬੇਹੱਦ ਪ੍ਰੇਸ਼ਾਨ ਕਰ ਕੇ ਰੱਖ ਦਿੱਤਾ ਹੈ। ਹਰ ਵਰਗ ਦੇ ਲੋਕ ਪ੍ਰੇਸ਼ਾਨ ਹਨ, ਘਰੇਲੂ ਔਰਤਾਂ ਬੇਹੱਦ ਪ੍ਰੇਸ਼ਾਨ ਨਜ਼ਰ ਆ ਰਹੀਆਂ ਹਨ। ਸ੍ਰੀਮਤੀ ਸਰਬਜੀਤ ਗੁਰਾਇਆ, ਸੁਰਿੰਦਰ ਕੌਰ, ਊਸ਼ਾ ਰਾਣੀ, ਅਵਤਾਰੋਂ,ਨਿਰਲੇਪ ਕੌਰ, ਬੀਬੀ ਜਸਵਿੰਦਰ ਕੌਰ, ਨੀਲਮ ਰਾਣੀ ਆਦਿ ਨੇ ਮੰਗ ਕੀਤੀ ਹੈ ਕਿ ਬਿਨ੍ਹਾ ਕਿਸੇ ਦੇਰੀ ਤੋਂ ਗੈਸ ਸਿਲੰਡਰਾਂ ਦੀਆਂ ਵਧੀਆ ਕੀਮਤਾਂ ਤੁਰੰਤ ਵਾਪਸ ਲਈਆਂ ਜਾਣ। ਘਰੇਲੂ ਰਸੋਈ ਚਲਾਉਣੀ ਮੁਸ਼ਕਲ ਹੋ ਗਈ ਹੈ। ਅੱਤ ਦੀ ਮਹਿਂਗਾਈ ਕਾਰਨ ਪਹਿਲਾਂ ਹੀ ਆਮ ਲੋਕਾਂ ਦਾ ਮੰਦਾ ਹਾਲ ਹੈ। ਉਧਰ ਸਮਾਜ ਸੇਵਕ ਪਰਮਿੰਦਰ ਸਿੰਘ ਮਾਹਲ, ਵਰਿੰਦਰ ਸੈਣੀ, ਲਖਵਿੰਦਰ ਸਿੰਘ ਮੋਤੀਪੁਰ ਖਾਲਸਾ ਆਦਿ ਨੇ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਗੈਸ ਸਿਲੰਡਰਾਂ ਦੀਆਂ ਕੀਮਤਾਂ ਜਾਇਜ ਨਹੀਂ ਅਤੇ ਇਸ ਨੂੰ ਤੁਰੰਤ ਵਾਪਸ ਲਿਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਦੇਸ਼ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ ਉਦੋਂ ਭਾਜਪਾ ਵਧੀਆ ਕੀਮਤਾਂ ਦਾ ਵਿਰੋਧ ਕਰਦੀ ਸੀ ਅੱਜ ਸੱਤਾ ਵਿੱਚ ਹੋਣ ਦੇ ਬਾਵਜੂਦ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਰੱਖ ਦਿੱਤਾ।

# ਗਾਲਾਂ ਕੱਢਣ ਤੇ ਧਮਕਾਉਣ ਵਿਰੁੱਧ ਐੱਸ ਐੱਸ ਪੀ ਦਫ਼ਤਰ ਮੂਹਰੇ ਧਰਨੇ ਦਾ ਐਲਾਨ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਕੁੱਲ ਹਿੰਦ ਕਿਸਾਨ ਸਭਾ, ਸੀਟੂ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਇਕ ਸਾਂਝੀ ਮੀਟਿੰਗ ਨੂਰਪੁਰਬੇਦੀ ਵਿਖੇ ਜਥੇਬੰਦੀ ਦੇ ਆਗੂ ਪ੍ਰੇਮ ਜੱਟਪੁਰ ਦੀ ਅਗਵਾਈ ਹੇਠ ਹੋਈ। ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੀਟੂ ਦੇ ਸੂਬਾ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੋੜੀ ਨੇ ਕਿਹਾ ਕਿ ਕੈਬਨਿਟ ਮੰਤਰੀ ਦੇ ਚਾਚਾ ਬਚਿੱਤਰ ਸਿੰਘ ਨੇ ਕਿਸਾਨ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ ਨਾਲ ਗਾਲੀ-ਗਲੋਚ ਕੀਤੀ ਅਤੇ ਮਾਰਨ ਦੀ ਧਮਕੀ ਦਿੱਤੀ ਜੋ ਸਰਕਾਰ ਦੀ ਮਿਲੀਭੁਗਤ ਦਾ ਨਤੀਜਾ ਹੈ। ਅਜਿਹੀ ਹਰਕਤ ਨੂੰ ਕਿਸੇ ਵੀ ਸੂਰਤ 'ਚ ਸਹਿਣ ਨਹੀਂ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਕਿ ਜੋ ਭਲਾਣ ਵਿਖੇ ਸਵਾਂ ਅਤੇ ਸਤਲੁੱਜ ਨਦੀ 'ਚ ਨਾਜਾਇਜ਼ ਮਾਈਨਿੰਗ ਬੰਦ ਕਰਵਾਉਣ ਦੇ ਯਤਨਾਂ ਤਹਿਤ ਮਹਾਂਪੰਚਾਇਤ ਦਾ ਆਯੋਜਨ ਕਰਵਾਇਆ ਗਿਆ ਦੇ ਸਿੱਟੇ ਵਜੋਂ ਹੀ ਕਿਸਾਨ ਆਗੂ ਸੁਰਜੀਤ ਸਿੰਘ ਢੇਰ ਨੂੰ ਮੰਤਰੀ ਦੇ ਚਾਚੇ ਵੱਲੋਂ ਧਮਕਾਇਆ ਗਿਆ ਹੈ। ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਜਦੋਂ ਜ਼ਿਲ੍ਹਾ ਪੁਲਸ ਮੁੱਖੀ ਰੂਪਨਗਰ ਨੂੰ ਧਮਕੀਆਂ ਦੀ ਕਾਲ ਰਿਕਾਰਡਿੰਗ ਵੀ ਸੌਂਪ ਦਿੱਤੀ ਗਈ ਤਾਂ ਇੰਨੇ ਦਿਨ ਬੀਤ ਜਾਣ 'ਤੇ ਵੀ ਕਾਰਵਾਈ ਅਮਲ 'ਚ ਕਿਉ ਨਹੀਂ ਲਿਆਂਦੀ ਗਈ ਹੈ। ਉਨਾਂ ਐਲਾਨ ਕੀਤਾ ਕਿ ਅਗਰ ਜਲਦ ਪੁਲਸ ਪ੍ਰਸ਼ਾਸ਼ਨ ਨੇ ਕਾਰਵਾਈ ਨਾ ਕੀਤੀ ਤਾਂ 13 ਮਾਰਚ ਨੂੰ ਐੱਸ.ਐੱਸ.ਪੀ. ਦਫਤਰ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਨੂਰਪੁਰਬੇਦੀ ਤੋਂ ਭਾਰੀ ਗਿਣਤੀ 'ਚ ਵਰਕਰ ਸ਼ਾਮਲ ਹੋਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜਲਦ ਐਕਸ਼ਨ ਨਾ ਲੈਣ ਦੀ ਸੂਰਤ 'ਚ ਮੰਤਰੀ ਦੇ ਚਾਚਾ ਬਚਿੱਤਰ ਸਿੰਘ ਤੇ ਉਸਨੂੰ ਪਨਾਹ ਦੇਣ ਵਾਲਿਆਂ ਖਿਲਾਫ਼ ਪੱਕਾ ਮੋਰਚਾ ਆਰੰਭ ਕੀਤਾ ਜਾਵੇਗਾ। ਇਸ ਮੌਕੇ ਭਜਨ ਸੰਦੋਆ, ਗੀਤਾ ਰਾਮ ਕਰਤਾਰਪੁਰ, ਰਾਮ ਸਿੰਘ ਸੈਨੀਮਾਜਰਾ, ਜਗੀਰ ਸਿੰਘ ਰੌਲੀ, ਕੁਲਦੀਪ ਸੈਦਪੁਰ, ਜਗਤਾਰ ਸਿੰਘ ਅਤੇ ਪਵਨ ਕੁਮਾਰ ਆਦਿ ਆਗੂ ਹਾਜ਼ਰ ਸਨ।

# ਥਾਣਾ ਸਦਰ ਪੁਲਸ ਨੂੰ ਲਵਾਰਸ ਹਾਲਤ 'ਚ ਮਿਲਿਆ ਬੱਚਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਥਾਣਾ ਸਦਰ ਹੁਸ਼ਿਆਰਪੁਰ ਨੂੰ ਲਾਵਾਰਿਸ ਹਾਲਤ ਵਿਚ ਇਕ ਬੱਚਾ (ਲੜਕਾ) ਮਿਲਿਆ ਹੈ, ਜਿਸ ਦੀ ਉਮਰ ਕਰੀਬ 12 ਸਾਲ ਹੈ। ਉਨ੍ਹਾਂ ਦੱਸਿਆ ਕਿ ਬੱਚੇ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ। ਬੱਚੇ ਦਾ ਰੰਗ ਕਣਕ ਵੰਨਾ, ਕੱਦ 4 ਫੁੱਟ 7 ਇੰਚ ਅਤੇ ਚਿਹਰੇ ਦੇ ਸੱਜੇ ਪਾਸੇ ਸੜੇ ਹੋਣ ਦੇ ਨਿਸ਼ਾਨ ਹਨ। ਬੱਚਾ ਆਪਣੇ ਬਾਰੇ ਕੁਝ ਵੀ ਨਹੀਂ ਦੱਸ ਰਿਹਾ। ਬੱਚੇ ਨੇ ਗੁਲਾਬੀ ਰੰਗ ਦੀ ਟੀ-ਸ਼ਰਟ ਤੇ ਸਲੇਟੀ ਰੰਗ ਦਾ ਪਜਾਮਾ ਪਹਿਨਿਆ ਹੋਇਆ ਹੈ। ਥਾਣਾ ਸਦਰ ਹੁਸ਼ਿਆਰਪੁਰ ਵੱਲੋਂ ਰੋਜ਼ਨਾਮਚਾ ਨੰਬਰ 26 ਮਿਤੀ 25 ਫਰਵਰੀ 2023 ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਾਲ ਭਲਾਈ ਕਮੇਟੀ ਹੁਸ਼ਿਆਰਪੁਰ ਵੱਲੋਂ ਬੱਚੇ ਦੀ ਸੁਰੱਖਿਆ ਅਤੇ ਸੰਭਾਲ ਲਈ ਸੰਸਥਾ 'ਸਹਿਯੋਗ ਹਾਫ ਵੇਅ' ਰਾਜਪੁਰਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਬੱਚੇ ਦੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਥਾਣਾ ਸਦਰ ਹੁਸ਼ਿਆਰਪੁਰ ਜਾਂ ਚੇਅਰਪਰਸਨ ਬਾਲ ਭਲਾਈ ਕਮੇਟੀ ਹੁਸ਼ਿਆਰਪੁਰ ਰਾਮ ਕਲੋਨੀ ਕੈਂਪ, ਚੰਡੀਗੜ੍ਹ ਰੋਡ, ਹੁਸ਼ਿਆਰਪੁਰ ਦੇ ਫੋਨ ਨੰਬਰ 98765-91722, 01882-236063 'ਤੇ ਸੰਪਰਕ ਕਰੇ।

# ਫਿਲਪਾਈਨ ਦੀ ਜੇਲ੍ਹ 'ਚ ਬੰਦ ਪੰਜਾਬੀ ਦਾ ਮਾਮਲਾ ਸੰਤ ਸੀਚੇਵਾਲ ਨੇ ਭਾਰਤੀ ਦੂਤਾਵਾਸ ਕੋਲ ਚੁੱਕਿਆ



**ਸੁਲਤਾਨਪੁਰ ਲੋਧੀ ( ਹਨੀ )**- ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮਨੀਲਾ ਵਿੱਚ ਭਾਰਤੀ ਦੂਤਾਵਾਸ ਵਿੱਚ ਰਾਜਦੂਤ ਸ਼ੰਭੂ ਐਸ.ਕੁਮਾਰਨ ਨਾਲ ਮੀਟਿੰਗ ਕਰਕੇ ਜੇਲ੍ਹ ਵਿੱਚ ਬੰਦ ਚਾਰ ਸਾਲਾਂ ਤੋਂ ਬਲਦੇਵ ਸਿੰਘ ਦਾ ਮਸਲਾ ਗੰਭੀਰਤਾ ਨਾਲ ਉਠਾਇਆ। ਭਾਰਤੀ ਦੂਤਾਵਾਸ ਵਿੱਚ ਰਾਜਦੂਤ ਨਾਲ 45 ਮਿੰਟਾਂ ਤੱਕ ਚੱਲੀ ਮੀਟਿੰਗ ਦੌਰਾਨ ਫਿਲਪਾਈਨ ਵਿੱਚ ਰਹਿੰਦੇ ਭਾਰਤੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਹੱਲ ਕਰਵਾਉਣ ਦਾ ਵੀ ਮੁੱਦਾ ਉਠਾਇਆ । ਸੰਤ ਸੀਚੇਵਾਲ ਨੇ ਭਾਰਤੀ ਰਾਜਦੂਤ ਸ਼ੰਭੂ ਐਸ.ਕੁਮਾਰਨ ਨੂੰ ਦੱਸਿਆ ਕਿ ਸੁਲਤਾਨਪੁਰ ਲੋਧੀ ਤੋਂ ਬਲਦੇਵ ਸਿੰਘ ਨਾਂਅ ਦਾ ਵਿਅਕਤੀ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਫਿਲੀਪਾਈਨ ਦੀ ਜੇਲ੍ਹ ਵਿੱਚ ਬੰਦ ਹੈ ਜਦ ਕਿ ਅਪਰਾਧ ਕਿਸੇ ਹੋਰ ਬਲਦੇਵ ਸਿੰਘ ਨਾਂਅ ਦੇ ਵਿਅਕਤੀ ਨੇ ਕੀਤਾ ਸੀ। ਉਸਦਾ ਨਾਂਅ ਰਲਦਾ ਹੋਣ ਕਾਰਨ ਤੇ ਪੀੜਤ ਨੂੰ ਉਥੋਂ ਦੀ ਭਾਸ਼ਾ ਨਾ ਆਉਣ ਕਾਰਨ ਉਹ ਜੇਲ੍ਹ ਵਿੱਚ ਸਜ਼ਾ ਭੁਗਤ ਰਿਹਾ ਹੈ ਜਿਸ ਕਾਰਨ ਉਹ ਪਿਛਲੇ ਲੰਬੇ ਸਮੇਂ ਤੋਂ ਮਾਨਸਿਕ ਪੀੜਾਂ ਵੀ ਝੱਲ ਰਿਹਾ ਹੈ ਤੇ ਉਸ ਦੇ ਪਰਵਾਰਕ ਮੈਂਬਰ ਪ੍ਰੇਸ਼ਾਨ ਹਨ। ਸੰਤ ਸੀਚੇਵਾਲ ਨੇ ਨਾਲ ਹੀ ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਝੱਲਲੇਈ ਵਾਲੇ ਦੇ ਫਿਲਪਾਈਨ ਵਿਚ ਫਸੇ ਇੱਕ ਨੌਜਵਾਨ ਦਾ ਮੁੱਦਾ ਵੀ ਰੱਖਿਆ। ਇਸ ਮਸਲੇ ਦੀ ਗੰਭੀਰਤਾ ਨੂੰ ਦੇਖਦਿਆ ਹੋਇਆ ਰਾਜਦੂਤ ਨੇ ਭਰੋਸਾ ਦਿੱਤਾ ਕਿ ਉਹ ਪਹਿਲ ਦੇ ਅਧਾਰ 'ਤੇ ਬਲਦੇਵ ਸਿੰਘ ਨੂੰ ਜੇਲ੍ਹ ਵਿੱਚੋਂ ਰਿਹਾਅ ਕਰਵਾਉਣ ਦਾ ਯਤਨ ਕਰਨਗੇ ਤੇ ਝੱਲਲੇਈ ਵਾਲੇ ਨੌਜਵਾਨ ਦਾ ਮਸਲਾ ਵੀ ਜਲਦ ਹੱਲ ਕਰਵਾਉਣਗੇ। ਸੰਤ ਸੀਚੇਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਪਾਸਪੋਰਟ ਸੰਬੰਧੀ ਆਉਂਦੀਆਂ ਮੁਸ਼ਕਿਲਾਂ ਦਾ ਮੁੱਦਾ ਚੁੱਕਦਿਆਂ ਰਾਜਦੂਤ ਨੂੰ ਜਾਣੂ ਕਰਵਾਇਆ ਕਿ ਬਹੁਤ ਸਾਰੇ ਭਾਰਤੀ ਫਿਲਪਾਈਨ ਵਿੱਚ ਡਰਦੇ ਹੀ ਐਬੰਸੀ ਤੱਕ ਪਹੁੰਚ ਨਹੀਂ ਕਰਦੇ। ਸੰਤ ਸੀਚੇਵਾਲ ਨੇ ਦੱਸਿਆ ਕਿ ਸ਼ੰਭੂ ਐਸ ਕੁਮਾਰਨ ਨੇ ਭਰੋਸਾ ਦਿੱਤਾ ਕਿ ਉਹ ਪਾਸਪੋਰਟ ਦੇ ਮਸਲੇ ਹੱਲ ਕਰਵਾਉਣ ਲਈ ਗੁਰਦੁਆਰਾ ਸਾਹਿਬ ਵਿੱਚ ਕੈਂਪ ਲਗਾਉਣ ਲਈ ਤਿਆਰ ਹਨ ਤਾਂ ਜੋ ਭਾਰਤੀ ਬਿਨਾਂ ਕਿਸੇ ਡਰ ਦੇ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨਾਲ ਗੱਲਬਾਤ ਕਰ ਸਕਣ।

# ਪ੍ਰਾਇਮਰੀ ਸਕੂਲਾਂ ਨੂੰ ਮਰਜ ਨਹੀਂ ਹੋਣ ਦਿੱਤਾ ਜਾਵੇਗਾ : ਬੀ ਐੱਡ ਫ਼ਰੰਟ

**ਆਦਮਪੁਰ (ਪਰਮਜੀਤ ਸਿੰਘ)**- ਪੰਜਾਬ ਸਰਕਾਰ ਦੀ ਪ੍ਰਾਇਮਰੀ ਸਕੂਲਾਂ ਨੂੰ ਨੇੜਲੇ ਮਿਡਲ ਅਤੇ ਹਾਈ ਸਕੂਲਾਂ ਵਿੱਚ ਮਰਜ਼ ਕਰਨ ਅਤੇ ਪ੍ਰਾਇਮਰੀ ਸਕੂਲਾਂ ਵਿਚਲੀਆਂ ਅਸਾਮੀਆਂ ਖ਼ਤਮ ਕਰਨ ਦੀ ਨੀਤੀ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਸਕੱਤਰ ਕਮਲਜੀਤ ਸਿੰਘ ਨੇ ਪ੍ਰੈੱਸ ਨੂੰ ਜਾਰੀ ਪ੍ਰੈੱਸ ਨੋਟ ਰਾਹੀਂ ਕੀਤਾ। ਰਵਿੰਦਰ ਸਿੰਘ ਤੇ ਕਮਲਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਸਮੇਂ ਦੀਆਂ ਸਰਕਾਰਾਂ ਵੱਲੋਂ ਪ੍ਰਾਇਮਰੀ ਸਿੱਖਿਆ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਬੀ ਐੱਡ ਫ਼ਰੰਟ ਪੰਜਾਬ ਵੱਲੋਂ ਅਧਿਆਪਕ ਵਰਗ ਦੀਆਂ ਸਹਿਯੋਗੀ ਜਥੇਬੰਦੀਆਂ ਨਾਲ ਕੀਤੇ ਕੀਤੇ ਗਏ ਸਾਂਝੇ ਸੰਘਰਸ਼ਾਂ ਦੀ ਬਦੌਲਤ ਸਮੇ ਦੀਆਂ ਸਰਕਾਰਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਗਿਆ ਸੀ। ਇਸ ਮੌਕੇ ਆਗੂਆਂ ਵਲੋਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਤੁਰੰਤ ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਨੂੰ ਵਾਪਿਸ ਲਵੇ ਨਹੀਂ ਤਾਂ ਅਧਿਆਪਕ ਜਥੇਬੰਦੀਆਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਅਮਰਪ੍ਰੀਤ ਸਿੰਘ ਝੀਤਾ, ਪਰਮਿੰਦਰ ਸਿੰਘ, ਵਰਿੰਦਰ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ, ਅਮ੍ਰਿਤਪਾਲ ਸਿੰਘ,ਵਿਜੇ ਕੁਮਾਰ, ਹਰਪ੍ਰੀਤ ਸਿੰਘ,ਪ੍ਰੇਮ ਨਾਲ ਸਿੰਘ, ਕਸ਼ਮੀਰੀ ਲਾਲ,ਰੁਪੇਸ਼ ਕੁਮਾਰ, ਵਿਸ਼ਿਸ਼ਟ ਸ਼ਰਮਾ, ਮੁਨੀਸ਼ ਕੁਮਾਰ, ਸਿਮਰਨਦੀਪ ਸਿੰਘ, ਸੋਨੂੰ , ਭੂਸ਼ਣ ਕੁਮਾਰ ਸਮੇਤ ਕਈ ਅਧਿਆਪਕ ਆਗੂ ਹਾਜ਼ਰ ਸਨ।

# 11 ਅਖੰਡ ਪਾਠਾਂ ਦੇ ਭੋਗ ਪਾਏ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜੱਥੇਦਾਰ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਪਿੰਡ ਖੁੱਡਾ ਤੋਂ ਡੇਰਾ ਬਾਬਾ ਨਾਨਕ ਨੂੰ ਹਰ ਸਾਲ ਜਾਣ ਵਾਲੀ ਸਲਾਨਾ ਪੈਦਲ ਯਾਤਰਾ 2 ਮਾਰਚ ਨੂੰ ਸਵੇਰੇ 9 ਵਜੇ ਗੁਰਦੁਆਰਾ ਸਿੰਘ ਸਭਾ, ਵੱਡੀ ਬੋਹੜ ਖੁੱਡਾ ਤੋਂ ਆਰੰਭ ਹੋਵੇਗੀ। ਇਸ ਸਬੰਧ ਵਿਚ ਕਮੇਟੀ ਪ੍ਰਧਾਨ ਜੋਗਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ 25 ਫਰਵਰੀ ਤੋਂ 5 ਆਖੰਡ ਪਾਠ ਆਰੰਭ ਕੀਤੇ ਗਏ ਜਿੰਨਾ ਦੇ ਭੋਗ 27 ਫਰਵਰੀ 2023 ਨੂੰ ਪਾਏ ਗਏ। ਇਸੇ ਲੜੀ ਵਿੱਚ 6 ਆਖੰਡ ਪਾਠ 27 ਫਰਵਰੀ ਨੂੰ ਆਰੰਭ ਕੀਤੇ ਗਏ ਜਿੰਨਾ ਦੇ ਭੋਗ 01 ਮਾਰਚ 2023 ਨੂੰ ਪਾਏ ਗਏ। ਉਪਰੰਤ ਬੀਬੀਆ ਦੇ ਲੋਕਲ ਜੱਥੇ ਅਤੇ ਫਿਰ ਮਹੰਤ ਤੇਜਾ ਸਿੰਘ ਡਬਲ ਐਮ.ਏ. ਜੀ ਵਲੋਂ ਮਨੋਹਰ ਕੀਰਤਨ ਰਾਹੀਂ ਅਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸਿੱਖੀ ਸਿਧਾਤਾਂ ਦੀ ਵਿਆਖਿਆ ਕਰਦਿਆ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਸੰਗਤ ਨੂੰ ਬਾਬੇ ਨਾਨਕ ਦੇ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਪਵਿਤਰ ਸਿਧਾਤ ਤੇ ਚੱਲਣ ਲਈ ਪ੍ਰੇਰਿਤ ਕੀਤਾ। ਅਰਦਾਸ ਉਪਰੰਤ ਆਖੰਡ ਪਾਠ ਕਰਾਉਣ ਵਾਲੇ ਅਤੇ ਵੱਖ ਵੱਖ ਤਰਾਂ ਦੀ ਸੇਵਾ ਨਿਭਾਉਣ ਵਾਲੇ ਸਜਣਾ ਦਾ ਸਨਮਾਨ ਕੀਤਾ ਗਿਆ। ਦੂਰੋਂ ਨੇੜਿਆ ਵੱਡੀ ਗਿਣਤੀ ਸੰਗਤ ਨੇ ਹਾਜਰੀ ਭਰੀ। ਇਸ ਮੌਕੇ ਕਮੇਟੀ ਮੈਂਬਰ ਕਸ਼ਮੀਰਾ ਸਿੰਘ, ਮਾਸਟਰ ਨਿਰਮਲ ਸਿੰਘ, ਸੁਰਿੰਦਰ ਸਿੰਘ ਸ਼ਿੰਦਾ, ਜਸਪਾਲ ਸਿੰਘ ਜੱਸੀ, ਰਾਮ ਪਿਆਰੀ, ਤਰਸੇਮ ਕੌਰ ਅਤੇ ਗੁਰਮੀਤ ਕੌਰ ਹਾਜਰ ਸਨ। ਜਸਪਾਲ ਸਿੰਘ ਜੱਸੀ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਮੌਕੇ ਗੁਰੂ ਦਾ ਅਤੁੱਟ ਲਗੰਰ ਵਰਤਾਇਆ ਗਿਆ।

# ਵਿਦਿਆਰਥੀਆਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣਾ ਅਧਿਆਪਕ ਦੀ ਜ਼ਿੰਮੇਵਾਰੀ: ਅਨੁਪਮਾ ਬਖਸ਼ੀ



**ਜਲੰਧਰ, (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਇੱਕ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਵਰਕਸ਼ਾਪ ਟ੍ਰੇਨਰ ਅਨੁਪਮਾ ਬਖਸ਼ੀ ਸ਼ਾਮਿਲ ਹੋਏ, ਜਿਨ੍ਹਾਂ ਦਾ ਸਵਾਗਤ ਮੈਨੇਜਿੰਗ ਡਾਇਰੈਕਟਰ ਕਰਨਲ ਆਰ.ਕੇ ਖੰਨਾ, ਇਲੀਟ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰੀਤੂ ਚਾਵਲਾ ਨੇ ਕੀਤਾ। ਅਨੁਪਮਾ ਬਖਸ਼ੀ ਨੇ ਕਿਹਾ ਕਿ ਵਿਦਿਆਰਥੀ ਊਰਜਾਵਾਨ ਅਤੇ ਉਤਸ਼ਾਹੀ ਹੁੰਦੇ ਹਨ, ਉਸ ਊਰਜਾ ਨੂੰ ਸਹੀ ਦਿਸ਼ਾ ਵਿੱਚ ਜਾਣ ਲਈ ਪ੍ਰੇਰਿਤ ਕਰਨਾ ਜਾਂ ਮਾਰਗਦਰਸ਼ਨ ਕਰਨਾ ਇੱਕ ਅਧਿਆਪਕ ਦੀ ਜ਼ਿੰਮੇਵਾਰੀ ਹੈ। ਇਸ ਦੇ ਨਾਲ ਹੀ ਸ੍ਰੀਮਤੀ ਬਖਸ਼ੀ ਨੇ ਫੈਕਲਟੀ ਮੈਂਬਰਾਂ ਨੂੰ ਅੱਗੇ ਆਉਣ ਅਤੇ ਆਪਣੀ ਤਜ਼ਰਬਾ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਅਸੀਂ ਵੀ ਇੱਕ ਦੂਜੇ ਤੋਂ ਸਿੱਖਦੇ ਹਾਂ। ਉਨ੍ਹਾਂ ਆਪਣੀ ਜ਼ਿੰਦਗੀ ਦੇ ਤਜ਼ਰਬੇ ਵੀ ਸਾਂਝੇ ਕੀਤੇ। ਵੱਖ-ਵੱਖ ਤਕਨੀਕਾਂ, ਅਧਿਆਪਨ ਦੇ ਪ੍ਰਭਾਵਸ਼ਾਲੀ ਢੰਗ ਆਦਿ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵਿਸ਼ੇ ਨੂੰ ਸਮਝਣ, ਪੇਸ਼ ਕਰਨ ਆਦਿ ਦੇ ਆਸਾਨ ਤਰੀਕੇ ਦੱਸੇ ਗਏ। ਪ੍ਰੋਗਰਾਮ ਭਾਗੀਦਾਰਾਂ ਲਈ ਫੀਡਬੈਕ ਸੈਸ਼ਨ ਦੇ ਨਾਲ ਸਮਾਪਤ ਹੋਇਆ। ਭਾਗੀਦਾਰਾਂ ਨੇ ਕਿਹਾ ਕਿ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਨੇ ਉਨ੍ਹਾਂ ਦੇ ਗਿਆਨ ਅਤੇ ਸਿੱਖਿਆ ਦੇ ਪੱਧਰ ਦੋਵਾਂ ਨੂੰ ਹੁਲਾਰਾ ਦਿੱਤਾ ਹੈ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਿਹਾ ਕਿ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਨੂੰ ਵੀ ਸਮੇਂ ਅਨੁਸਾਰ ਆਪਣੇ ਆਪ ਨੂੰ ਅਪਡੇਟ ਕਰਨ ਦੀ ਲੋੜ ਹੈ ਤਾਂ ਜੋ ਉਹ ਆਪਣੀ ਪੜ੍ਹਾਈ ਵਿੱਚ ਆਉਣ ਵਾਲੀ ਹਰ ਚੁਣੌਤੀ ਵਿੱਚ ਵਿਦਿਆਰਥੀਆਂ ਦੀ ਮਦਦ ਕਰ ਸਕਨ।

# ਸੀ ਐੱਚ ਸੀ ਵਿਖੇ 35ਵੇਂ ਦੰਤ ਪੰਦਰਵਾੜੇ ਦਾ ਸਮਾਪਨ



**ਸ਼ਾਹਕੋਟ ( ਗਿਆਨ ਸੈਦਪੁਰੀ)** ਸਿਹਤ ਵਿਭਾਗ ਵੱਲੋਂ ਸੀਐਚਸੀ ਸ਼ਾਹਕੋਟ ਵਿਖੇ ਲਗਾਇਆ ਗਿਆ 34ਵਾਂ ਦੰਤ ਪੰਦਰਵਾੜਾ ਵੀਰਵਾਰ ਨੂੰ ਖਤਮ ਹੋ ਗਿਆ। ਸਮਾਪਨ ਸਮਾਰੋਹ ਵਿੱਚ ਜ਼ਿਲ੍ਹਾ ਡੈਂਟਲ ਹੈਲਥ ਅਫਸਰ ਡਾ. ਬਲਜੀਤ ਕੌਰ ਰੂਬੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਲੋੜਵੰਦ ਵੀਹ ਮਰੀਜਾਂ ਦੇ ਮੁਫ਼ਤ ਬਣਾਏ ਗਏ ਡੈਂਚਰ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਸੀਨੀਅਰ ਮੈਡੀਕਲ ਅਫਸਰ ਡਾ. ਦਵਿੰਦਰ ਪਾਲ ਸਿੰਘ, ਡਾ. ਮਨਪ੍ਰੀਤ ਸਿੰਘ, ਡਾ. ਜੈ ਪਾਲ, ਡਾ. ਗਗਨਦੀਪ ਕੌਰ, ਬੀਈਈ ਚੰਦਨ ਮਿਸ਼ਰਾ, ਨਰਸਿੰਗ ਸਿਸਟਰ ਜਸਵਿੰਦਰ ਕੌਰ ਸਚਦੇਵਾ, ਹੈਲਥ ਸੁਪਰਵਾਈਜ਼ਰ ਅਮਨਦੀਪ ਸਿੰਘ ਅਤੇ ਹੋਰ ਮੌਜੂਦ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡਾ. ਬਲਜੀਤ ਕੌਰ ਰੂਬੀ ਨੇ ਦੱਸਿਆ ਕਿ ਪੰਦਰਵਾੜੇ ਦਰਮਿਆਨ 720 ਮਰੀਜਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ 150 ਸਕੂਲੀ ਵਿਦਿਆਰਥੀ ਵੀ ਸ਼ਾਮਲ ਹਨ। ਕੈਂਪ 'ਚ 20 ਮਰੀਜਾਂ ਨੂੰ ਦੰਦਾਂ ਦੀ ਪੀੜ (ਡੈਂਚਰ) ਲਗਾਈ ਗਈ, ਜਦਕਿ 165 ਮਰੀਜਾਂ ਦੇ ਖਰਾਬ ਹੋ ਚੁੱਕੇ ਦੰਦ ਕੱਢੇ ਗਏ। ਇਸੇ ਤਰ੍ਹਾਂ 24 ਮਰੀਜਾਂ ਦੀ ਸਰਜਰੀ, 148 ਮਰੀਜਾਂ ਦੀ ਫਿਲਿੰਗ, 41 ਮਰੀਜਾਂ ਦੀ ਸਕੇਲਿੰਗ ਅਤੇ 31 ਮਰੀਜਾਂ ਦੀ ਆਰ.ਸੀ.ਟੀ. ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਗੇ ਵੀ ਵਿਭਾਗ ਵੱਲੋਂ ਅਜਿਹੇ ਕੈਂਪ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਮੁਫਤ ਸਹੂਲਤਾਂ ਮਿਲਦੀਆਂ ਰਹਿਣ। ਐਸਐਮਓ ਡਾ. ਦਵਿੰਦਰ ਪਾਲ ਨੇ ਕਿਹਾ ਕਿ ਲੋਕ ਸਿਰਫ ਇਲਾਜ 'ਤੇ ਹੀ ਨਿਰਭਰ ਨਾ ਰਹਿਣ, ਸਗੋਂ ਆਪਣੇ ਦੰਦਾਂ ਦੀ ਸਾਂਭ ਸੰਭਾਲ ਰੱਖਣ ਬਾਰੇ ਵੀ ਜਾਗਰੂਕ ਹੋਣ। ਖਾਣਾ ਖਾਣ ਤੋਂ ਬਾਅਦ ਕੁਰਲੀ ਕਰਨ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਦੀ ਸਫਾਈ ਕਰਨ ਦੀ ਆਦਤ ਪਾਉਣ।

# ਕੁਲਦੀਪ ਧਾਲੀਵਾਲ ਨੇ ਸ਼ਹਿਰੀ ਹਵਾਬਾਜ਼ੀ ਮੰਤਰੀ ਸਿੰਧੀਆ ਨਾਲ ਕੀਤੀ ਮੁਲਾਕਾਤ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬੁੱਧਵਾਰ ਨੂੰ ਕੇਂਦਰ ਪਾਸੋਂ ਮੰਗ ਕੀਤੀ ਕਿ ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਅੰਤਰ-ਰਾਸ਼ਟਰੀ ਹਵਾਈ ਅੱਡਾ (ਮੋਹਾਲੀ) ਦੋਵਾਂ ਨੂੰ ਕੈਨੇਡਾ ਅਤੇ ਅਮੀਰੀਕੀ ਸ਼ਹਿਰਾਂ ਨਿਊ ਯਾਰਕ, ਲਾਸ ਏਂਜਲਸ, ਸ਼ਿਕਾਗੋ, ਸੀਆਟਲ ਅਤੇ ਸਾਨ ਫਰਾਂਸਿਸਕੋ ਆਦਿ ਲਈ ਸਿੱਧੀਆਂ ਹਵਾਈ ਉਡਾਨਾਂ ਲਈ ਪ੍ਰਮੁੱਖਤਾ ਨਾਲ ਸ਼ੁਮਾਰ ਕੀਤਾ ਜਾਵੇ ਜਿਸ ਨਾਲ ਦੋਵਾਂ ਪਾਸਿਆਂ ਦੇ ਵੱਡੀ ਗਿਣਤੀ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੇਗੀ।

ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਐਮ. ਸਿੰਧੀਆ ਨਾਲ ਇੱਥੇ ਮੁਲਾਕਾਤ ਕਰਕੇ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਨੇ ਦੱਸਿਆ ਕਿ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ (ਓ.ਸੀ.ਆਈ.) ਕਾਰਡ ਧਾਰਕ ਲੰਮੇ ਸਮੇਂ ਤੋਂ ਕੈਨੇਡਾ ਅਤੇ ਯੂ.ਐਸ.ਏ ਵਿੱਚ ਰਹਿ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਦੀ ਤਰਫੋਂ ਅਪੀਲ ਕੀਤੀ ਕਿ ਅੰਮ੍ਰਿਤਸਰ ਅਤੇ ਮੋਹਾਲੀ ਵਿਖੇ ਸਥਿਤ ਹਵਾਈ ਅੱਡਿਆਂ ਨੂੰ ਕੈਨੇਡਾ ਅਤੇ ਅਮੀਰੀਕੀ ਸ਼ਹਿਰਾਂ ਨਿਊ ਯਾਰਕ, ਲਾਸ ਏਂਜਲਸ, ਸ਼ਿਕਾਗੋ, ਸੀਆਟਲ ਅਤੇ ਸਾਨ ਫਰਾਂਸਿਸਕੋ, ਟੋਰਾਂਟੋ ਤੇ ਵੈਨਕੂਵਰ ਆਦਿ ਲਈ ਸਿੱਧੀਆਂ ਹਵਾਈ ਉਡਾਨਾਂ ਲਈ ਸ਼ਾਮਲ ਕਰਕੇ ਇਨ੍ਹਾਂ ਮੁਲਕਾਂ ਵਿਚ ਰਹਿੰਦੇ ਪ੍ਰਵਾਸੀ ਪੰਜਾਬੀਆਂ ਦੀ ਲੰਮੇ ਸਮੇਂ ਦੀ ਮੰਗ ਨੂੰ ਪੂਰਾ ਕੀਤਾ ਜਾਵੇ। ਉਨ੍ਹਾਂ ਸ੍ਰੀ ਸਿੰਧੀਆ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੁਆਰਾਂ ਲੰਘੇ ਵਰ੍ਹੇ ਦਸੰਬਰ ਵਿਚ ਕਰਵਾਏ ਗਏ ਐਨ.ਆਰ.ਆਈ. ਸੰਮੇਲਨਾਂ ਦੌਰਾਨ ਇਨ੍ਹਾਂ ਮੁਲਕਾਂ ਵਿਚ ਵਸਦੇ ਪੰਜਾਬੀਆਂ ਦੁਆਰਾ ਇਹ ਸਿੱਧੀਆਂ ਹਵਾਈ ਉਡਾਨਾਂ ਸ਼ੁਰੂ ਕਰਵਾਏ ਜਾਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਅਤੇ ਕੈਨੇਡਾ ਦਰਮਿਆਨ ਸਿੱਧਾ ਹਵਾਈ ਸੰਪਰਕ ਮੁਹੱਈਆ ਕਰਵਾਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਤੋਂ ਕੈਨੇਡੀਅਨ ਸ਼ਹਿਰਾਂ ਲਈ ਸਿੱਧੀਆਂ ਉਡਾਨਾਂ ਦਾ ਪ੍ਰਬੰਧ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਅੰਮ੍ਰਿਤਸਰ ਅਤੇ ਕੈਨੇਡਾ ਦੇ ਸ਼ਹਿਰਾਂ ਤੋਂ ਆਉਣ ਵਾਲੇ ਯਾਤਰੀਆਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਮੰਜ਼ਿਲਾਂ 'ਤੇ ਪਹੁੰਚਣ ਲਈ ਨਵੀਂ ਦਿੱਲੀ ਜਾਂ ਭਾਰਤ ਦੇ ਹੋਰ ਸ਼ਹਿਰਾਂ ਵਿਖੇ ਜਾਣਾ ਪੈਂਦਾ ਹੈ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਅੰਮ੍ਰਿਤਸਰ ਤੋਂ ਯਾਤਰੀਆਂ ਦੀ ਕਾਫੀ ਗਿਣਤੀ ਹੈ, ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਯਾਤਰੀਆਂ ਦੀ ਇਹ ਗਿਣਤੀ ਕੈਨੇਡਾ ਲਈ ਵਾਇਡ ਬਾਡੀਡ ਏਅਰਕ੍ਰਾਫਟਾਂ ਦੀਆਂ ਇੱਕ ਹਫਤੇ ਵਿੱਚ ਘੱਟੋ-ਘੱਟ ਪੰਜ ਉਡਾਨਾਂ ਨੂੰ ਪੂਰਾ ਕਰ ਸਕਦੀ ਹੈ। ਮੰਤਰੀ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਦਰਮਿਆਨ ਹਾਲ ਹੀ ਵਿੱਚ ਹੋਏ ਦੁਵੱਲੇ ਹਵਾਈ ਸੇਵਾ ਸਮਝੌਤੇ ਵਿੱਚ ਹੋਰ ਭਾਰਤੀ ਸ਼ਹਿਰ ਵੀ ਸ਼ਾਮਲ ਹਨ ਪਰ ਸਿੱਧੀਆਂ ਉਡਾਨਾਂ ਲਈ ਸ਼ਹਿਰਾਂ ਦੀ ਸੂਚੀ ਵਿੱਚ ਅੰਮ੍ਰਿਤਸਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਨੂੰ ਵੀ ਇਨ੍ਹਾਂ ਸ਼ਹਿਰਾਂ ਵਿੱਚ ਸ਼ਾਮਲ ਕਰਨਾ ਚਾਹੀਦਾ ਸੀ। ਇਸ ਖਿੱਤੇ ਦੇ ਵੱਡੀ ਗਿਣਤੀ ਵਿੱਚ ਪੰਜਾਬੀ ਮੁਸਾਫਰਾਂ ਅਤੇ ਸੂਬਾ ਸਰਕਾਰ ਦੀ ਤਰਫੋਂ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਮੰਤਰੀ ਨੂੰ ਅੰਮ੍ਰਿਤਸਰ ਸ਼ਹਿਰ ਅਤੇ ਮੁਹਾਲੀ ਨੂੰ ਸਿੱਧੀਆਂ ਉਡਾਨਾਂ ਦੇ ਸੰਪਰਕ ਵਿੱਚ ਸ਼ਾਮਲ ਕਰਕੇ ਸਮਝੌਤੇ 'ਤੇ ਮੁੜ ਵਿਚਾਰ ਕਰਨ ਦੀ ਬੇਨਤੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸਿੱਧਾ ਹਵਾਈ ਸੰਪਰਕ ਪੰਜਾਬੀਆਂ ਨੂੰ ਵੱਡਾ ਲਾਭ ਪਹੁੰਚਾਉਣ ਦੇ ਨਾਲ-ਨਾਲ ਇਸ ਖੇਤਰ ਦੇ ਲੋਕਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਹੱਲ ਕਰਨ ਦੇ ਨਾਲ-ਨਾਲ ਕਾਫੀ ਲਾਭਦਾਇਕ ਵੀ ਹੋਵੇਗਾ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਸਿੰਧੀਆ ਨੇ ਇਸ ਮੰਗ ਨੂੰ ਪ੍ਰਮੁੱਖਤਾ ਨਾਲ ਵਿਚਾਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹ ਇਸ ਮਸਲੇ ਦੇ ਹੱਲ ਲਈ ਸੁਹਿਰਦ ਯਤਨ ਕਰਨਗੇ।

# ਬਾਬਾ ਬਲਵੰਤ ਸਿੰਘ ਹਸਪਤਾਲ ਵਿਖੇ ਅੱਖਾਂ ਦਾ ਫ੍ਰੀ ਸਰਜਰੀ ਕੈਂਪ 6 ਨੂੰ

**ਟਾਂਡਾ ਉੜਮੁੜ , ( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਟਾਂਡਾ ਵਿਖੇ ਅੱਖਾਂ ਦੀ ਸਰਜਰੀ ਦਾ ਫ੍ਰੀ ਮੈਗਾ ਕੈਂਪ 6 ਮਾਰਚ ਨੂੰ ਲਗਾਇਆ ਜਾਵੇਗਾ । ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਬੈਸਟ ਕਰਮਾ ਚੈਰਿਟੀ ਕਨੇਡਾ ਅਤੇ ਰੋਟਰੀ ਕਲੱਬ ਦੀ ਸਹਾਇਤਾ ਨਾਲ ਇਹ ਅੱਖਾਂ ਦਾ ਮੈਗਾ ਕੈਂਪ 6 ਮਾਰਚ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਇਆ ਜਾਵੇਗਾ, ਜਿਸ ਵਿੱਚ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕਰਕੇ ਅਤਿ ਆਧੁਨਿਕ ਤਕਨੀਕ ਨਾਲ ਕੀਮਤੀ ਲੈਨਜ ਮੁਫਤ ਪਾਏ ਜਾਣਗੇ ।

# ਸੂਬਾ ਸਰਕਾਰ ਲੋਕਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਮਰਪਤ : ਕਟਾਰੂਚੱਕ



**ਚੰਡੀਗੜ੍ਹ, (ਗੁਰਜੀਤ ਬਿੱਲਾ)-** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪਹਿਲੇ ਦਿਨ ਤੋਂ ਹੀ ਲੋਕਪੱਖੀ ਫ਼ੈਸਲਿਆਂ ਨਾਲ ਆਮ ਲੋਕਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਇਸੇ ਕੋਸ਼ਿਸ਼ ਤਹਿਤ ਸੂਬੇ ਦੇ ਖ਼ੁਰਾਕ,ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸੈਕਟਰ-34 ਵਿਖੇ ਪਨਸਪ ਅਦਾਰੇ ਦੇ ਕੰਮਕਾਜ ਦੀ ਸਮੀਖਿਆ ਲਈ ਇੱਕ ਮੀਟਿੰਗ ਕੀਤੀ ਗਈ। ਮੁੱਖ ਦਫ਼ਤਰ ਦੇ ਜਨਰਲ ਮੈਨੇਜਰਾਂ ਅਤੇ ਵੱਖੋ-ਵੱਖ ਜ਼ਿਲਿਆਂ ਵਿੱਚ ਤਾਇਨਾਤ ਜ਼ਿਲ੍ਹਾ ਮੈਨੇਜਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਕਟਾਰੂਚੱਕ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਵਿਭਾਗ ਵੱਲੋਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਂਦੇ ਹੋਏ ਇਸ ਵਿੱਚ ਤੇਜ਼ੀ ਲਿਆਂਦੀ ਜਾਵੇ। ਉਹਨਾਂ ਇਹ ਵੀ ਕਿਹਾ ਕਿ ਅਜੋਕੇ ਸਮੇਂ ਦਾ ਹਾਣੀ ਬਣਦੇ ਹੋਏ ਵਿਭਾਗੀ ਕੰਮਕਾਜ ਵਿੱਚ ਪਰੰਪਰਾਗਤ ਢੰਗ-ਤਰੀਕਿਆਂ ਦੀ ਥਾਂ ਨਵੀਨਤਮ ਕਾਰਜ ਵਿਧੀ ਅਪਣਾਈ ਜਾਵੇ। ਉਹਨਾਂ ਇਹ ਵੀ ਕਿਹਾ ਕਿ ਮੌਜੂਦਾ ਸਮਾਂ ਮੁਕਾਬਲੇਬਾਜ਼ੀ ਦਾ ਸਮਾਂ ਹੈ ਇਸ ਲਈ ਆਪਣੀ ਕਾਰਗੁਜ਼ਾਰੀ ਨੂੰ ਹੋਰ ਨਿਖ਼ਾਰਨ ਲਈ ਵਿਭਾਗ ਨੂੰ ਨਿਵੇਕਲੀਆਂ ਤਕਨੀਕਾਂ ਅਪਣਾਉਣ ਉੱਤੇ ਧਿਆਨ ਦੇਣਾ ਚਾਹੀਦਾ ਹੈ। ਸੂਬੇ ਨੂੰ ਆਰਥਿਕ ਪੱਖ ਤੋਂ ਹੁਲਾਰਾ ਦੇਣ ਨੂੰ ਸਰਕਾਰ ਦੀ ਤਰਜੀਹ ਦੱਸਦੇ ਹੋਏ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰੋਜ਼ਗਾਰ, ਬਿਜਲੀ, ਸਿਹਤ ਅਤੇ ਸਿੱਖਿਆ ਆਦਿ ਪ੍ਰਮੁੱਖ ਖੇਤਰਾਂ ਉੱਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਉਹਨਾਂ ਪਨਸਪ ਦੀ ਇਸ ਗੱਲੋਂ ਸ਼ਲਾਘਾ ਕੀਤੀ ਕਿ ਅਦਾਰੇ ਵੱਲੋਂ ਆਪਣੀ ਆਮਦਨ ਵਧਾਉਣ ਲਈ ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਸ੍ਰੀ ਮੁਕਤਸਰ ਸਾਹਿਬ, ਬਰਨਾਲਾ, ਜਲੰਧਰ ਅਤੇ ਖਰੜ (ਮੋਹਾਲੀ) ਵਿਖੇ ਐਲ.ਪੀ.ਜੀ. ਗੈਸ ਏਜੰਸੀਆਂ ਚਲਾਉਣ ਦੀ ਪਹਿਲਕਦਮੀ ਕੀਤੀ ਗਈ ਹੈ। ਉਹਨਾਂ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਅਦਾਲਤਾਂ ਵਿੱਚ ਅਦਾਰੇ ਦੇ ਲੰਬਿਤ ਮਾਮਲਿਆਂ ਵਿੱਚ ਕਮੀ ਲਿਆਉਣ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਮੰਤਰੀ ਨੇ ਅਧਿਕਾਰੀਆਂ ਨੂੰ ਅਦਾਰੇ ਵਿੱਚ ਕੰਮ ਕਰਦੇ ਇੰਸਪੈਕਟਰਾਂ ਦੀ ਮੀਟਿੰਗ ਜਲਦ ਬੁਲਾਉਣ ਦੀ ਹਿਦਾਇਤ ਕਰਦੇ ਹੋਏ ਇਹ ਵੀ ਕਿਹਾ ਕਿ ਗੁਦਾਮਾਂ ਵਿੱਚ ਪਏ ਅਨਾਜ ਦੀ ਸਾਂਭ-ਸੰਭਾਲ ਕਰਨ ਵੱਲ ਖਾਸ ਧਿਆਨ ਦਿੱਤਾ ਜਾਵੇ ਕਿਉਂਜੋ ਇਹ ਅਨਾਜ ਕਿਸਾਨਾਂ ਵਲੋਂ ਖ਼ੂਨ-ਪਸੀਨਾ ਇੱਕ ਕਰਕੇ ਪੈਦਾ ਕੀਤਾ ਗਿਆ ਹੈ। ਇਸ ਮੌਕੇ ਪਨਸਪ ਦੀ ਐਮ.ਡੀ. ਅੰਮ੍ਰਿਤ ਕੌਰ ਗਿੱਲ ਵੱਲੋਂ ਕਟਾਰੂਚੱਕ ਦਾ ਇਸ ਗੱਲ ਲਈ ਧੰਨਵਾਦ ਕੀਤਾ ਗਿਆ ਕਿ ਪਨਸਪ ਵੱਲੋਂ ਆਟਾ-ਦਾਲ ਸਕੀਮ ਦੇ ਲਾਭ ਲੋਕਾਂ ਤੱਕ ਪਹੁੰਚਾਉਣ ਲਈ ਯੂਨੀਅਨ ਬੈਂਕ ਆਫ਼ ਇੰਡੀਆ ਦੇ 350 ਕਰੋੜ ਰੁਪਏ ਦੇ ਕਰਜ਼ੇ ਦਾ ਭੁਗਤਾਨ ਕਰਕੇ ਸਰਕਾਰ ਵੱਲੋਂ ਅਦਾਰੇ ਨੂੰ ਵਿੱਤੀ ਰਾਹਤ ਦਿੱਤੀ ਗਈ। ਇਸ ਮੌਕੇ ਪਨਸਪ ਦੇ ਚੇਅਰਮੈਨ ਬਲਬੀਰ ਸਿੰਘ ਪੰਨੂ ਵੀ ਮੌਜੂਦ ਸਨ।

## ਰੰਗਾਂ ਦੇ ਤਿਉਹਾਰ ਨੂੰ ਬਦਾਮਾਂ ਦੀ ਉੱਤਮਤਾ ਨਾਲ ਮਨਾਓ

**ਲੁਧਿਆਣਾ :** ਬਸੰਤ ਦੇ ਆਉਣ ਨਾਲ ਦੇਸ਼ ਭਰ ਦੇ ਲੋਕ ਸਾਲ ਦੇ ਸਭ ਤੋਂ ਵੱਧ ਖ਼ੁਸ਼ੀ ਭਰੇ ਜਸ਼ਨਾਂ ਵਿੱਚੋਂ ਇੱਕ ਰੰਗਾਂ ਦੇ ਤਿਉਹਾਰ, ਹੋਲੀ ਲਈ ਤਿਆਰ ਹੋ ਰਹੇ ਹਨ। ਹੋਲੀ ਹਰ ਸਾਲ ਬਸੰਤ ਦੇ ਆਉਣ ਦਾ ਸਨਮਾਨ ਕਰਨ ਅਤੇ ਸਰਦੀਆਂ ਦੇ ਮੌਸਮ ਦੀ ਸਮਾਪਤੀ ਨੂੰ ਚਿੰਨ੍ਹਿਤ ਕਰਨ ਲਈ ਮਨਾਈ ਜਾਂਦੀ ਹੈ। ਬਦਾਮ ਸਿਹਤਮੰਦ ਅਤੇ ਪੌਸ਼ਟਿਕ ਹੁੰਦੇ ਹਨ ਅਤੇ ਹੋਲੀ ਦੇ ਤਿਉਹਾਰਾਂ ਵਿੱਚ ਅਸਾਨੀ ਨਾਲ ਸ਼ਾਮਲ ਹੋ ਸਕਦੇ ਹਨ । ਬਾਲੀਵੁੱਡ ਦੀ ਪ੍ਰਮੁੱਖ ਅਭਿਨੇਤਰੀ, ਸੋਹਾ ਅਲੀ ਖਾਨ ਨੇ ਕਿਹਾ, ਬਦਾਮ ਮੇਰਾ ਪਸੰਦੀਦਾ ਸਨੈਕ ਹੈ। ਮੈਂ ਭੁੱਖ ਨੂੰ ਸ਼ਾਂਤ ਰੱਖਣ ਲਈ ਖਾਣੇ ਦੇ ਸਮਿਆਂ ਵਿਚਕਾਰ ਮੁੱਠੀ ਭਰ ਬਦਾਮ ਵੀ ਖਾ ਲੈਂਦੀ ਹਾਂ ਕਿਉਂਕਿ ਉਨ੍ਹਾਂ ਵਿੱਚ ਸੰਤੁਸ਼ਟ ਕਰਨ ਵਾਲੇ ਗੁਣ ਹੁੰਦੇ ਹਨ ਅਤੇ ਪੇਟ ਭਰੇ ਹੋਣ ਦੀ ਭਾਵਨਾ ਦਿੰਦੇ ਹਨ। ਹੋਲੀ ਪਕਵਾਨਾਂ ਨੂੰ ਸ਼ਾਮਲ ਕਰਨ ਦਾ ਇੱਕ ਵਧੀਆ ਮੌਕਾ ਹੈ। "ਰੀਤਿਕਾ ਸਮਦਾਰ, ਖੇਤਰੀ ਹੈਡ-ਡਾਇਟੈਟਿਕਸ, ਮੈਕਸ ਹੈਲਥਕੇਅਰ ਦਿੱਲੀ ਨੇ ਕਿਹਾ, ਗੈਰ-ਸਿਹਤਮੰਦ ਸਨੈਕਸ ਖਾਣ ਦੀ ਬਜਾਏ ਬਦਾਮ ਵਰਗੇ ਮੇਵੇ ਖਾਣਾ ਸਾਡੇ ਜੀਵਨ ਵਿੱਚ ਇੱਕ ਸਿਹਤਮੰਦ ਫਰਕ ਲਿਆ ਸਕਦਾ ਹੈ।

# ਜੰਗਲਾਤ ਵਰਕਰਜ਼ ਯੂਨੀਅਨ ਨੇ ਮੁੱਖ ਵਣ ਵਿਭਾਗ ਦੇ ਦਫਤਰ ਅੱਗੇ ਦਿੱਤਾ ਰੋਸ ਧਰਨਾ



**ਮੁਹਾਲੀ, (ਗੁਰਜੀਤ ਬਿੱਲਾ )** ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਅਪਣੀਆਂ ਹੱਕੀ ਮੰਗਾਂ 'ਤੇ ਪਹਿਰਾ ਦਿੰਦੇ ਹੋਏ ਜੰਗਲਾਤ ਵਿਭਾਗ ਪੰਜਾਬ ਮੋਹਾਲੀ ਦੇ ਦਫਤਰ ਅੱਗੇ ਰੋਸ ਧਰਨਾ ਦਿੱਤਾ ਗਿਤੇ ਪੰਜਾਬ ਸਰਕਾਰ ਗਿਆ ਅਤੇ ਪਿਟ ਸਿਆਪਾ ਕੀਤਾ ਗਿਆ। ਰੈਲੀ ਦੀ ਪ੍ਰਧਾਨਗੀ ਕਰਦਿਆਂ ਸੂਬਾ ਪ੍ਰਧਾਨ ਅਮਰੀਕ ਸਿੰਘ, ਸੂਬਾ ਸਕੱਤਰ ਜਸਵੀਰ ਸਿੰਘ ਜੀਰਾ, ਸਕੱਤਰ ਸ਼ਿਵ ਕੁਮਾਰ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਨੇ ਕਿਹਾ ਕਿ ਮੁੱਖ ਵਣ ਵਿਭਾਗ ਪੰਜਾਬ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਵਣ ਵਿਭਾਗ ਪੰਜਾਬ ਵਿੱਚ ਕੰਮ ਕਰਦੇ ਕਾਮਿਆਂ ਦੇ ਰਿਕਾਰਡ ਵਿੱਚ ਸੋਧ ਕਰਕੇ ਪੰਜਾਬ ਦੀ ਸੀਨੀਆਰਤਾ ਸੂਚੀ ਦੇਣਾ, ਵੱਖ ਵੱਖ ਸਕੀਮਾਂ ਦੀਆਂ ਰੁਕੀਆਂ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਵਣ ਵਿਭਾਗ ਅੰਦਰ ਜਿਹੜੇ ਵਰਕਰਾਂ ਦੇ ਮੈਡੀਕਲ ਜਾਂ ਤਿੰਨ ਸਾਲ ਦੀ ਸੇਵਾ ਪੂਰੀ ਕਰ ਲਈ ਹੈ ਉਨ੍ਹਾਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ। ਜਿਹੜੇ ਵਰਕਰਾਂ ਨੇ 2006 ਤੱਕ ਦੱਸ ਸਾਲ ਦੀ ਸੇਵਾ ਕਰ ਲਈ ਹੈ ਉਨ੍ਹਾਂ ਨੂੰ 2011 ਦੀ ਪਾਲਸੀ ਅਨੁਸਾਰ ਤੁਰੰਤ ਪੱਕਾ ਕੀਤਾ ਜਾਵੇ। ਘੱਟੋ ਘੱਟ ਤਨਖਾਹ 20 ਹਜ਼ਾਰ ਕੀਤੀ ਜਾਵੇ, ਵਿਭਾਗ ਅੰਦਰ ਨਵੇਂ ਕੰਮ ਚਲਾਏ ਜਾਣ, ਸਮੂਹ ਵਰਕਰਾਂ ਨੂੰ ਵਰਦੀਆਂ ਦਿੱਤੀਆਂ ਜਾਣ , ਜਿਹੜੇ ਵਰਕਰ 240 ਦਿਨਾਂ ਤੋਂ ਵੱਧ ਕੰਮ ਕਰਦੇ ਨੂੰ ਸਕੱਤਰੇਤ ਭੱਤਾ ਦਿੱਤਾ ਜਾਵੇ, ਵਿਭਾਗ ਅੰਦਰ ਸਾਰੇ ਕੰਮ ਮਸਟਰੋਲਾਂ ਰਾਹੀਂ ਕਰਾਏ ਜਾਣ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ ਜੇਕਰ ਕਿਸੇ ਕਰਮਚਾਰੀ ਡਿਊਟੀ ਦੌਰਾਨ ਸੱਟ ਲੱਗ ਜਾਵੇ ਉਸ ਨੂੰ ਵਿਭਾਗ ਵੱਲੋਂ ਮੁਆਵਜਾ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਬੀਤੇ ਸਮੇਂ ਜਿਹੜੇ ਵਰਕਰ ਬੇਲਦਾਰਾਂ ਤੋਂ ਕਰਲਕ ਬਣਾਏ ਗਏ ਹਨ ਉਨ੍ਹਾਂ ਨੂੰ ਸਰਕਾਰੀ ਖਰਚੇ 'ਤੇ ਕਿਸੇ ਸੰਸਥਾ ਵੱਲੋਂ ਟਰੇਨਿੰਗ ਦਵਾਈ ਜਾਵੇ। ਧਰਨੇ ਨੂੰ ਬਲਵਿੰਦਰ ਸਿੰਘ, ਕੇਵਲ ਕ੍ਰਿਸਨ, ਹਰਭਜਨ ਸਿੰਘ, ਨਿਰਮਲ ਸਿੰਘ, ਨਿਸ਼ਾਨ ਸਿੰਘ, ਜਸਵਿੰਦਰ ਸਿੰਘ,ਬਲਵਿੰਦਰ ਸਿੰਘ, ਦਰਸ਼ਨ ਸਿੰਘ, ਛਿੰਦਰਪਾਲ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਨੇ ਸੰਬੋਧਨ ਕੀਤਾ।

# ਮਾਣਕਰਾਏ ਵਿਖੇ ਭੱਟੀ ਵਲੋਂ ਤਰਲ ਵੇਸਟ ਮੈਨੇਜਮੈਂਟ ਦਾ ਉਦਘਾਟਨ



**ਆਦਮਪੁਰ ( ਪਰਮਜੀਤ ਸਿੰਘ ):**—ਵਿਧਾਨ ਸਭਾ ਹਲਕਾ ਆਦਮਪੁਰ ਅਧੀਨ ਆਉਂਦੇ ਪਿੰਡ ਮਾਣਕਰਾਏ ਵਿਖੇ ਹਲਕਾ ਆਦਮਪੁਰ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦਿਆਂ ਹੋਏ ਪਿੰਡ ਮਾਣਕਰਾਏ ਵਿਖੇ ਜੀਤ ਲਾਲ ਭੱਟੀ ਇੰਚਾਰਜ ਆਦਮਪੁਰ ਵਲੋਂ ਤਰਲ ਵੇਸਟ ਮੈਨੇਜਮੇਂਟ ਦਾ ਉਦਘਾਟਨ ਕੀਤਾ ਅਤੇ ਪਿੰਡ ਦੀ ਪੰਚਾਇਤ ਨੂੰ 12 ਲੱਖ ਦਾ ਚੈਕ ਭੇਂਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵਚਨਬੱਧ ਹੈ ਅਤੇ ਪਿੰਡ ਵਾਸੀਆਂ ਨੂੰ ਵਿਕਾਸ ਕਾਰਜਾਂ ਦੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਬੀ.ਡੀ.ਓ ਸੁਰਜੀਤ ਸਿੰਘ, ਸਰਪੰਚ ਲਹਿੰਬਰ ਸਿੰਘ, ਪੰਚਾਇਤ ਮੈਂਬਰ,ਵੈਦ ਰਮੇਸ਼ ਚੰਦ ,ਪਰਦੀਪ ਸਿੰਘ ,ਅਜੇ ਕੁਮਾਰ, ਸਤਨਾਮ ਸਿੰਘ,ਜਗਜੀਤ ਸਿੰਘ, ਕੇਹਰ ਸਿੰਘ ਅਤੇ ਪਿੰਡ ਵਾਸੀ ਹਾਜਰ ਸਨ।

## ਜੋਗਿੰਦਰ ਸਿੰਘ ਮਾਨ ਨੇ ਸੁਣੀਆਂ ਪਟੇਲ ਨਗਰ ਦੇ ਵਸਨੀਕਾਂ ਦੀਆਂ ਮੁਸ਼ਕਲਾਂ




**ਫਗਵਾੜਾ (ਡਾ.ਰਮਨ, ਢੱਡਾ )** ਸ਼ਹਿਰ ਦੇ ਨਿਊ ਪਟੇਲ ਨਗਰ ਮੁਹੱਲੇ 'ਚ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ ਉਲੀਕੇ ਪ੍ਰੋਗਰਾਮ 'ਮੇਰਾ ਸ਼ਹਿਰ ਮੇਰਾ ਮਾਣ' ਦੀ ਸ਼ੁਰੂਆਤ ਏ.ਡੀ.ਸੀ. ਕਮ ਨਗਰ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਵਲੋਂ ਕੀਤੀ ਗਈ। ਇਸ ਦੌਰਾਨ ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਹਨਾਂ ਕਾਰਪੋਰੇਸ਼ਨ ਅਧਿਕਾਰੀਆਂ ਦੀ ਹਾਜਰੀ 'ਚ ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਮੁਹੱਲਾ ਵਾਸੀਆਂ ਦੀਆਂ ਮੁੱਖ ਸਮੱਸਿਆਵਾਂ ਜਿਵੇਂ ਪਾਣੀ ਦੀ ਨਿਕਾਸੀ ਅਤੇ ਸਟਰੀਟ ਲਾਈਟਾਂ ਦਾ ਫੌਰੀ ਹੱਲ ਕਰਨ ਲਈ ਨਿਗਮ ਕਮਿਸ਼ਨਰ ਡਾ. ਨਯਨ ਜੱਸਲ ਵਲੋਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ। ਜੋਗਿੰਦਰ ਸਿੰਘ ਮਾਨ ਨੇ ਹਰ ਮੁਸ਼ਕਲ ਦਾ ਜਲਦੀ ਅਤੇ ਢੁੱਕਵਾਂ ਹਲ ਕਰਵਾਉਣ ਦਾ ਭਰੋਸਾ ਦਿੱਤਾ। ਉਹਨਾਂ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸ਼ਹਿਰਾਂ ਤੇ ਪਿੰਡਾਂ ਦਾ ਸਮੁੱਚਾ ਵਿਕਾਸ ਕਰਵਾ ਕੇ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਪ੍ਰਤੀ ਸਖਤ ਮਿਹਨਤ ਕਰ ਰਹੀ ਹੈ। ਇਸ ਮੌਕੇ ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਰੋਹਿਤ ਸ਼ਰਮਾ, ਸ਼ੀਤਲ ਪਲਾਹੀ, ਨਰੇਸ਼ ਸ਼ਰਮਾ, ਪ੍ਰਿਤਪਾਲ ਕੌਰ ਤੁਲੀ, ਸੂਬੇਦਾਰ ਜੀਤ ਦਾਸ, ਰਾਜਾ ਕੋਲਸਰ, ਸੌਰਵ ਹਾਂਡਾ, ਰਾਜੇਸ਼ ਪਲਟਾ, ਅਮਰੀਕ ਨਾਮਧਾਰੀ, ਪਰਮਜੀਤ ਧਰਮਸ਼ੋਤ, ਗੁਰਦੀਪ ਸਿੰਘ ਤੁਲੀ, ਐਡਵੋਕੇਟ ਮੰਨਨਸ਼ੀਲ ਸਿੰਧਵਾਨੀ, ਅਵਤਾਰ ਸਿੰਘ ਕਿੰਨੜਾ, ਗੁਰਵਿੰਦਰ ਸਿੰਘ ਭੋਗਲ, ਜੁਗਲ ਬਵੇਜਾ, ਡਾ. ਦਵਿੰਦਰ ਛਾਬੜਾ, ਰਮੇਸ਼ ਅੱਗਰਵਾਲ ਤੋਂ ਇਲਾਵਾ ਨਿਗਮ ਦੇ ਅਧਿਕਾਰੀਆਂ 'ਚ ਸ਼ਾਮ ਲਾਲ ਗੁਪਤਾ ਐਸ.ਸੀ, ਸ਼ਾਂਤੀ ਸਰੂਪ ਐਕਸੀਅਨ, ਰਾਜਵਿੰਦਰ ਸਿੰਘ ਐਸ.ਡੀ.ਓ, ਦਵਿੰਦਰ ਪਾਲ ਜੇ.ਈ, ਵਿਕਰਮ ਜੇ.ਈ, ਰਕੇਸ਼ ਜੇ.ਈ ਆਦਿ ਹਾਜਰ ਸਨ।

## ਸਰਕਾਰੀ ਕਾਲਜ 'ਚ ਕਰਵਾਏ ਵੱਖ-ਵੱਖ ਮੁਕਾਬਲੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੇ ਕੁਮਾਰ ਦੇ ਸਹਿਯੋਗ ਨਾਲ ਜੀ-20 (ਵਾਈ-20) ਪ੍ਰੋਗਰਾਮ ਦੇ ਅਧੀਨ ਸੈਮੀਨਾਰ, ਪੋਸਟਰ ਬਣਾਉਣ, ਵਰਕਸ਼ਾਪ ਕਰਵਾਉਣ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਸੈਮੀਨਾਰ ਵਿੱਚ ਪ੍ਰੋ:ਵਿਜੇ ਕੁਮਾਰ ਨੇ ਵਿਸ਼ੇਸ਼ ਤੌਰ 'ਤੇ "ਵਸੁਦੇਵ ਕੁਟੁੰਬਕਮ" ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਨੂੰ ਸਾਰੀ ਧਰਤੀ ਨੂੰ, ਸੰਸਾਰ ਨੂੰ ਆਪਣਾ ਪਰਿਵਾਰ ਸਮਝਣਾ ਚਾਹੀਦਾ ਹੈ ਕਿਉਂਕਿ ਅਸੀਂ ਸਾਰੇ ਇਕ ਪਿਤਾ ਪਰਮੇਸ਼ਵਰ ਦੀ ਸੰਤਾਨ ਹਾਂ । ਇਸ ਤਰ੍ਹਾਂ ਸਮਝ ਕੇ ਜੇਕਰ ਅਸੀਂ ਜ਼ਿੰਦਗੀ ਜੀਵਾਂਗੇ ਤਾਂ ਹੀ ਅਸੀਂ ਭਵਿੱਖ ਨੂੰ ਉੱਜਵਲ ਬਣਾ ਸਕਦੇ ਹਾਂ ਅਤੇ ਧਰਤੀ 'ਤੇ ਹੋਣ ਵਾਲੇ ਵਿਨਾਸ਼ ਨੂੰ ਰੋਕ ਸਕਦੇ ਹਾਂ। ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ:ਵਿਜੇ ਕੁਮਾਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੇ ਪੋਸਟਰ ਬਣਾਏ ਜਿਸ ਵਿੱਚ ਸੋਨਾਲੀ ਨੇ ਪਹਿਲਾ, ਅਨੁਰਾਧਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁਇਜ਼ ਮੁਕਾਬਲੇ ਵਿੱਚ ਤਾਨੀਆ ਅਤੇ ਸਾਹਿਲ ਨੇ ਪਹਿਲਾ, ਅਰਸ਼ ਅਤੇ ਕੌਮਲਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵਰਕਸ਼ਾਪ ਵਿੱਚ ਵਿਦਿਆਰਥੀਆਂ ਦੁਆਰਾ ਪ੍ਰਦਰਸ਼ਨੀ ਲਗਾਈ ਗਈ ਜਿਹੜੀ ਕਿ ਭਵਿੱਖ ਵਿੱਚ ਸਾਨੂੰ ਹੋਣ ਵਾਲੇ ਨੁਕਸਾਨ ਪ੍ਰਤੀ ਸੁਚੇਤ ਕਰ ਰਹੀ ਸੀ। ਸਰਕਾਰੀ ਹੁਕਮਾਂ ਦੇ ਅਨੁਸਾਰ ਕਾਲਜ ਵਿੱਚ ਕਰਵਾਏ ਗਏ ਸਮਾਰੋਹਾਂ ਦਾ ਸਬੰਧ ਯੁਵਾ ਵਰਗ ਨਾਲ ਸਬੰਧਿਤ ਕਾਰਜਾਂ ਦਾ ਭਵਿੱਖ, ਮੌਸਮ ਪਰਿਵਰਤਨ ਅਤੇ ਆਪਤਾ ਤੋਂ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ, ਵਿਸ਼ਵ ਸ਼ਾਂਤੀ ਨੂੰ ਬੜ੍ਹਾਵਾ ਦੇਣ ਅਤੇ ਯੁਵਾ ਵਰਗ ਵਿੱਚ ਲੋਕਤੰਤਰ ਦੀ ਭਾਵਨਾ ਨਾਲ ਹੈ।

# 50,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਥਾਣੇਦਾਰ ਤੇ ਹੌਲਦਾਰ ਗ੍ਰਿਫਤਾਰ

**ਫਗਵਾੜਾ ( ਇੰਦਰਜੀਤ ਸਿੰਘ ਮਠਾੜੂ ਰਘਵੀਰ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਬੁੱਧਵਾਰ ਨੂੰ ਭ੍ਰਿਸ਼ਟਾਚਾਰ ਵਿਰੋਧ ਵਿੱਢੀ ਮੁਹਿੰਮ ਦੌਰਾਨ ਥਾਣਾ ਸਦਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੇ ਇੱਕ ਸਬ ਇੰਸਪੈਕਟਰ (ਐਸ ਆਈ) ਰਛਪਾਲ ਸਿੰਘ, ਜੋ ਪਹਿਲਾਂ ਉਥੇ ਥਾਣੇਦਾਰ ਲੱਗਾ ਸੀ ਅਤੇ ਹੌਲਦਾਰ ਸੁਖਜੀਤ ਸਿੰਘ ਨੂੰ ਇੱਕ ਲੜਕੇ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਜਬਰੀ 50,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਐਸ.ਆਈ. ਰਛਪਾਲ ਸਿੰਘ, ਜੋ ਕਿ ਹੁਣ ਪੁਲਸ ਲਾਈਨ ਕਪੂਰਥਲਾ ਵਿੱਚ ਤਾਇਨਾਤ ਹੈ ਅਤੇ ਹੌਲਦਾਰ ਨੂੰ ਰਾਜਵੰਤ ਕੌਰ ਵਾਸੀ ਫੌਜੀ ਕਲੋਨੀ (ਰਣਧੀਰਪੁਰ), ਸੁਲਤਾਨਪੁਰ ਲੋਧੀ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਉਕਤ ਔਰਤ ਨੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਸੀ।

ਔਰਤ ਨੇ ਆਨਲਾਈਨ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਪੁਲਸ ਮੁਲਾਜਮਾਂ ਨੇ ਉਸ ਦੇ ਲੜਕੇ ਨੂੰ ਛੱਡਣ ਬਦਲੇ 2,50,000 ਰੁਪਏ ਰਿਸ਼ਵਤ ਵਜੋਂ ਮੰਗੇ ਸਨ, ਜਿਸ ਨੂੰ ਉਨ੍ਹਾਂ ਵੱਲੋਂ ਥਾਣੇ ਵਿੱਚ ਨਜਾਇਜ ਤੌਰ 'ਤੇ ਬੰਦ ਕੀਤਾ ਗਿਆ ਸੀ ਪਰ ਸੌਦਾ 50,000 ਰੁਪਏ ਵਿੱਚ ਸਿਰੇ ਚੜ੍ਹਿਆ ਅਤੇ ਉਕਤ ਮੁਲਾਜਮਾਂ ਨੇ ਉਸਦੇ ਲੜਕੇ ਨੂੰ 20 ਘੰਟੇ ਬਾਅਦ ਪੈਸੇ ਲੈ ਕੇ ਛੱਡਿਆ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਸ਼ਿਕਾਇਤ ਦੀ ਜਾਂਚ ਕੀਤੀ ਹੈ ਅਤੇ ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਔਰਤ ਅਤੇ ਹੋਰਾਂ ਤੋਂ ਉਕਤ ਔਰਤ ਦੇ ਲੜਕੇ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚੋਂ ਰਿਹਾਅ ਕਰਨ ਲਈ ਜਬਰੀ ਤੌਰ ਉਤੇ 50,000 ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ੀ ਪਾਏ ਜਾਣ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵਾਂ ਮੁਲਜਮਾਂ ਖਿਲਾਫ ਆਈਪੀਸੀ ਦੀ ਧਾਰਾ 347, 389, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

## ਆਈ ਟੀ ਸੀ ਫੈਕਟਰੀ ਦਾ ਗੋਰਖ ਧੰਦਾ

**ਕਪੂਰਥਲਾ (ਰਵਿੰਦਰ ਸਿੰਘ)** -ਆਈ ਟੀ ਸੀ ਫੈਕਟਰੀ, ਜੇਲ੍ਹ ਰੋਡ ਥੇਹ ਕਾਂਜਲਾ ਕਪੂਰਥਲਾ ਦਾ ਦੌਰਾ ਕਰਨ 'ਤੇ ਕਈ ਖਾਮੀਆਂ ਪਾਈਆਂ ਗਈਆਂ, ਵੱਡੇ, ਵੱਡੇ ਦਾਅਵੇ ਕਰਨ ਵਾਲੀਆਂ ਇਹ ਫੈਕਟਰੀਆਂ ਕਈ ਕਮਜੋਰੀਆਂ ਕਰਕੇ ਵਰਕਰਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਜਾਂਚ ਕਰਨ 'ਤੇ ਪਤਾ ਲੱਗਾ ਕਿ ਇਸ ਫੈਕਟਰੀ ਦੇ ਵਿੱਚ ਜਿਹੜੇ ਵਰਕਰ ਰੱਖੇ ਜਾਂਦੇ ਹਨ ਉਹ ਸਭ ਠੇਕੇਦਾਰ ਰੱਖਦੇ ਹਨ, ਜੋ ਕਿ ਗੈਰ ਪੰਜਾਬੀ ਹਨ। ਇੱਕ ਵੱਡੇ ਠੇਕੇਦਾਰ ਵੱਲੋਂ ਆਪਣੇ ਹੀ ਛੋਟੇ ਠੇਕੇਦਾਰ ਨਿਯੁਕਤ ਕੀਤੇ ਜਾਂਦੇ ਹਨ, ਉਹੀ ਛੋਟੇ ਠੇਕੇਦਾਰਾਂ ਵੱਲੋਂ ਵਰਕਰ ਭਰਤੀ ਕੀਤੇ ਜਾਂਦੇ ਹਨ। ਫੈਕਟਰੀ ਦੇ ਅੰਦਰ ਚਾਰ ਪਲਾਂਟ ਹਨ, ਜਿਵੇਂ ਕਿ ਮੈਗੀ, ਬਿਸਕੁਟ, ਆਟਾ ਆਦਿ। ਹਰ ਪਲਾਂਟ ਵਿੱਚ ਲੱਗਭੱਗ 100 ਵਰਕਰਾਂ ਦੀ ਜਰੂਰਤ ਹੈ, ਉਥੇ ਹੀ ਉਹ ਛੋਟੇ ਠੇਕੇਦਾਰ 40 - 50 ਜਾਂ 50 - 60 ਵਰਕਰਾਂ ਨਾਲ ਆਪਣੇ ਆਪਣੇ ਪਲਾਂਟ ਚਲਾਈ ਜਾਂਦੇ ਹਨ। ਜਿਹੜੇ ਵਰਕਰ ਪਲਾਂਟ ਵਿੱਚ ਕੰਮ ਕਰਦੇ ਹਨ ਉਨ੍ਹਾਂ ਨੂੰ ਪ੍ਰਤੀ ਮਹੀਨਾ 9000 ਤੋਂ 9500 ਰੁਪਏ ਹੀ ਤਨਖਾਹ ਦਿੱਤੀ ਜਾਂਦੀ ਹੈ। ਕੰਮ ਬਹੁਤ ਜਿਆਦਾ ਹੈ ਉਜਰਤ ਬਹੁਤ ਘੱਟ ਹੈ। ਪਤਾ ਲੱਗਾ ਕਿ ਫੈਕਟਰੀ ਅੰਦਰ ਕੰਮ ਕਰਨ ਵਾਲੇ ਵਰਕਰ ਸਾਰੇ ਪੰਜਾਬੀ ਹਨ ਤੇ ਓਪਰੇਟਰ ਸਾਰੇ ਹਿਮਾਚਲ, ਯੂ ਪੀ, ਹਰਿਆਣਾ ਦੇ ਅਤੇ ਗੈਰ ਪੰਜਾਬੀ ਹਨ। ਕਾਮਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਹ ਬੇਨਤੀ ਹੈ ਕਿ ਫੈਕਟਰੀ ਦਾ ਸਰਵੇ ਕਰਵਾਇਆ ਜਾਵੇ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ।

## ਲਾਲਪੁਰਾ ਦੀ ਅਗਵਾਈ ਹੇਠ ਭਾਜਪਾ ਦਾ ਪੱਲਾ ਫੜਿਆ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਸ੍ਰੀ ਚਮਕੌਰ ਤੋਂ ਦਰਜਨਾਂ ਵਿਅਕਤੀਆਂ ਨੇ ਪਾਰਟੀ ਦੀਆਂ ਜਨਕਲਿਆਣਕਾਰੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦਾ ਪੱਲਾ ਫੜਿਆ। ਲਾਲਪੁਰਾ ਨੇ ਨਵੇਂ ਸਾਥੀਆਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਅਤੇ ਕਿਹਾ ਕਿ ਭਾਜਪਾ ਬਹੁਤ ਹੀ ਤੇਜ਼ੀ ਨਾਲ ਲੋਕਾਂ ਵਿਚ ਆਪਣੀ ਜਗ੍ਹਾ ਬਣਾ ਰਹੀ ਹੈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀਆਂ ਜਨ ਕਲਿਆਨਕਾਰੀ ਨੀਤੀਆਂ ਹਰ ਵਰਗ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਗਈਆਂ ਹਨ, ਜਿਸ ਤੋਂ ਪ੍ਰਭਾਵਿਤ ਹੋ ਕੇ ਹਰ ਕੋਈ ਆਪ ਮੁਹਾਰੇ ਪਾਰਟੀ ਵਿਚ ਜੁੜ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹੀ ਇੱਕਮਾਤਰ ਅਜਿਹੀ ਪਾਰਟੀ ਜੋ ਨੌਜਵਾਨਾਂ ਲਈ ਵਿਸ਼ੇਸ਼ ਸਕੀਮਾਂ ਜਿਵੇਂ ਕਿ ਸਕਿੱਲ ਇੰਡੀਆ, ਮੁਦਰਾ ਯੋਜਨਾ, ਔਰਤ ਸ਼ਸ਼ਕਤੀਕਰਣ, ਬਜ਼ੁਰਗਾਂ, ਕਿਸਾਨਾਂ, ਵਪਾਰੀਆਂ ਦੀ ਗੱਲ ਕਰਦੀ ਹੈ, ਹਰੇਕ ਵਰਗ ਲਈ ਕੁੱਲ ਮਿਲਾ ਕੇ 700 ਤੋਂ ਵੀ ਵੱਧ ਸਕੀਮਾਂ ਨਾਲ ਅੱਜ ਭਾਰਤ ਦੇਸ਼ ਤਰੱਕੀ ਦੀਆਂ ਨਵੀਂਆਂ ਮੰਜਿਲਾਂ ਛੂਹ ਰਿਹਾ ਹੈ। ਉਨ੍ਹਾਂ ਨਵੇਂ ਜੁੜੇ ਸਾਥੀਆਂ ਨੂੰ ਤਾਕੀਦ ਕੀਤੀ ਕਿ ਤੁਸੀਂ ਵੱਧ ਤੋਂ ਵੱਧ ਪਾਰਟੀ ਦਾ ਵਿਸਥਾਰ ਕਰੋ ਅਤੇ ਇਹ ਗੱਲ ਧਿਆਨ ਵਿਚ ਰੱਖੋ ਕਿ ਤੁਸੀਂ ਇੱਕ ਵਿਸ਼ੇਸ਼ ਮਿਸ਼ਨ 'ਤੇ ਹੋ ਜੋ ਕਿ ਸਿਰਫ ਤੇ ਸਿਰਫ ਲੋਕ ਸੇਵਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਆਉਣ ਵਾਲੀਆਂ ਹਰੇਕ ਚੋਣਾਂ ਵਿਚ ਭਾਜਪਾ ਦਾ ਪਰਚਮ ਹੀ ਲਹਿਰਾਏਗਾ। ਸੰਗਤ ਸਿੰਘ ਭਾਮੀਆ, ਬਲਦੇਵ ਸਿੰਘ, ਜਸਵਿੰਦਰ ਸਿੰਘ, ਇੰਦਰਜੀਤ ਸਿੰਘ, ਸੰਦੀਪ ਕੁਮਾਰ ਰਾਣਾ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਪਾਲ ਸਿੰਘ, ਅਰਵਿੰਦ ਕੁਮਾਰ ਆਦਿ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਭਾਜਪਾ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਹਰਨੇਕ ਸਿੰਘ ਉੱਪ ਪ੍ਰਧਾਨ, ਭਾਜਪਾ ਐਸਸੀ ਮੋਰਚਾ ਦੇ ਪ੍ਰਧਾਨ ਦਰਸ਼ਨ ਸਿੰਘ ਸ਼ਿਵਜੋਤ, ਜਗਦੀਪ ਸਿੰਘ ਮੰਡਲ ਪ੍ਰਧਾਨ, ਪ੍ਰਵੇਸ਼ ਗੋਇਲ, ਸੰਗਤ ਸਿੰਘ ਐਮਸੀ, ਗੁਰਕੀਰਤ ਸਿੰਘ ਸੈਣੀ, ਸੁਰਿੰਦਰਪਾਲ ਸੇਠੀ ਮੌਜੂਦ ਸਨ।

## ਪੰਡਿਤ ਰਾਓ ਧਰੇਨਵਰ ਵੱਲੋਂ ਨਾਟਕਕਾਰ ਸੰਜੀਵਨ ਸਿੰਘ ਦਾ ਸਨਮਾਨ



**ਜਲੰਧਰ (ਨਜ਼ਸ)**—ਕਰਨਾਟਕ ਦੇ ਮੂਲ ਨਿਵਾਸੀ, ਚੰਡੀਗੜ੍ਹ ਵਿਚ ਅਧਿਆਪਨ ਦੇ ਕਿੱਤੇ ਨਾਲ ਜੁੜੇ ਹੋਏ ਪੰਜਾਬੀ ਭਾਸ਼ਾ ਹੱਕ ਵਿਚ ਅਤੇ ਅਸ਼ਲੀਲ, ਹਿੰਸਕ ਅਤੇ ਨਸ਼ਿਆਂ ਦਾ ਪ੍ਰਚਾਰ ਕਰਦੀ ਗਾਇਕੀ ਖਿਲਾਫ ਅਵਾਜ਼ ਬੁਲੰਦ ਕਰਨ ਵਾਲੇ ਇਕਲੌਤੇ ਗ਼ੈਰ ਪੰਜਾਬੀ ਪੰਡਿਤ ਰਾਓ ਧਰੇਨਵਰ ਨੇ ਨਾਟਕਕਾਰ, ਨਾਟ-ਨਿਰਦੇਸ਼ਕ ਅਤੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਵੱਲੋਂ ਅਸ਼ਲੀਲ, ਹਿੰਸਕ ਅਤੇ ਨਸ਼ਿਆਂ ਦਾ ਪ੍ਰਚਾਰ ਕਰਦੀ ਗਾਇਕੀ ਖਿਲਾਫ ਅਵਾਜ਼ ਬੁਲੰਦ ਕਰਨ ਅਤੇ ਇਸ ਗ਼ੈਰ ਇਨਸਾਨੀ ਵਰਤਾਰੇ ਦਾ ਸਮਾਜ ਖਾਸ ਤੌਰ 'ਤੇ ਨੌਜਵਾਨਾਂ ਉਪਰ ਪੈ ਰਹੇ ਮਾਰੂ ਅਸਰ ਦੀ ਬਾਤ ਪਾਉਂਦਿਆ ਨਾਟਕ 'ਜ਼ੋਰ ਲਗਾ ਕੇ ਹਾਇ ਸ਼ਾਅ' ਲਿਖਕੇ ਮੰਚਣ ਕਰਨ ਲਈ 35 ਅੱਖਰੀ ਗੁਰਮੁੱਖੀ ਲਿਪੀ ਦੇ ਅਧਾਰ 'ਤੇ 35 ਰੁਪਇਆਂ ਨਾਲ ਸਨਮਾਨ ਕੀਤਾ। ਇਸ ਮੌਕੇ ਸੰਜੀਵਨ ਸਿੰਘ ਨੇ ਕਿਹਾ ਕਿ ਪਹਿਲੀ ਵਾਰ 13-14 ਸਾਲ ਪਹਿਲਾਂ 'ਬਲਰਾਜ ਸਾਹਨੀ ਪੁਰਸਕਾਰ' ਪੰਜਾਬੀ ਰੰਗਮਚ ਦੇ ਮਹਾਂਰਥੀ ਗੁਰਸ਼ਰਨ ਭਾ ਜੀ ਹੱਥੋਂ ਪ੍ਰਾਪਤ ਕਰਕੇ ਮਾਣ ਮਹਿਸੂਸ ਹੋਇਆ ਸੀ ਤੇ ਹੁਣ ਪੰਜਾਬੀ ਭਾਸ਼ਾ ਅਤੇ ਸੁੱਥਰੇ ਸਭਿਆਚਾਰ ਲਈ ਨੰਗੇ ਧੜ ਲੜ ਰਹੇ ਪੰਡਿਤ ਰਾਓ ਧਰੇਨਵਰ ਹੱਥੋਂ 35 ਅੱਖਰੀ ਗੁਰਮੁੱਖੀ ਲਿਪੀ ਦੇ ਅਧਾਰ ਉਪਰ 35 ਰੁਪਇਆਂ ਨਾਲ ਸਨਮਾਨਿਤ ਹੋ ਕੇ ਪ੍ਰਸੰਨਤਾ ਹੋਈ ਹੈ।

# ਮੀਤ ਹੇਅਰ ਵੱਲੋਂ ਸੂਬੇ ਦੀਆਂ ਯੂਥ ਕਲੱਬਾਂ ਨੂੰ ਮੁੜ ਸੁਰਜੀਤ ਕਰਨ ਦਾ ਸੱਦਾ

**ਚੰਡੀਗੜ੍ਹ, ( ਗੁਰਜੀਤ ਬਿੱਲਾ )**—ਪੰਜਾਬ ਦੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸੂਬੇ ਦੀਆਂ ਯੂਥ ਕਲੱਬਾਂ ਨੂੰ ਮੁੜ ਸੁਰਜੀਤ ਕਰਕੇ ਜਮੀਨੀ ਪੱਧਰ ਉਤੇ ਆਪਣੀਆਂ ਗਤੀਵਿਧੀਆਂ ਦਾ ਦਾਇਰਾ ਵਧਾਉਣ ਅਤੇ ਨੌਜਵਾਨਾਂ ਦੀ ਊਰਜਾ ਸਹੀ ਪਾਸੇ ਲਗਾਉਣ ਦਾ ਸੱਦਾ ਦਿੱਤਾ ਹੈ। ਇਸ ਸੰਬੰਧੀ ਯੁਵਕ ਸੇਵਾਵਾਂ ਵਿਭਾਗ ਵੱਲੋਂ ਕਲੱਬਾਂ ਦੀਆਂ ਗਤੀਵਿਧੀਆਂ ਲਈ ਸਮੂਹ ਜ਼ਿਲ੍ਹਿਆਂ ਨੂੰ 1.50 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ।

ਇਹ ਜਾਣਕਾਰੀ ਮੀਤ ਹੇਅਰ ਨੇ ਪੰਜਾਬ ਭਵਨ ਵਿਖੇ ਯੁਵਕ ਸੇਵਾਵਾਂ ਵਿਭਾਗ ਦੀ ਸੱਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਜਾਰੀ ਪ੍ਰੈਸ ਬਿਆਨ ਵਿੱਚ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਦਾ ਸੁਫਨਾ ਲਿਆ ਗਿਆ ਹੈ ਜਿਸ ਦੀ ਪੂਰਤੀ ਨੌਜਵਾਨ ਸਭ ਤੋਂ ਵੱਡੀ ਤੇ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਬਿਹਤਰ ਸਮਾਜ ਦੀ ਉਸਾਰੀ ਲਈ ਉਸਾਰੂ ਗਤੀਵਿਧੀਆਂ ਵਿੱਚ ਲਗਾਇਆ ਜਾਵੇਗਾ। ਮੀਤ ਹੇਅਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਐਲਾਨ ਤਹਿਤ ਇਸ ਵਾਰ ਲੰਬੇ ਅਰਸੇ ਬਾਅਦ ਨੌਜਵਾਨਾਂ ਨੂੰ ਦਿੱਤੇ ਜਾ ਰਹੇ ਸ਼ਹੀਦ-ਏ-ਆਜਮ ਭਗਤ ਸਿੰਘ ਯੁਵਾ ਪੁਰਸਕਾਰ ਦੀ ਚੋਣ ਨੂੰ ਅੰਤਿਮ ਰੂਪ ਦਿੱਤਾ ਗਿਆ। ਜਲਦ ਹੀ ਚੁਣੇ ਨੌਜਵਾਨਾਂ ਦੇ ਨਾਵਾਂ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਲੀਡਰਸ਼ਿਪ ਗੁਣ ਪੈਦਾ ਕਰਨ ਲਈ ਨੌਜਵਾਨਾਂ ਨੂੰ ਸੂਬੇ ਦੀਆਂ ਸੈਰ ਸਪਾਟਾ ਵਾਲੀਆਂ ਥਾਂਵਾਂ, ਵਿਰਾਸਤੀ, ਧਾਰਮਿਕ ਤੇ ਇਤਿਹਾਸਕ ਸਥਾਨਾਂ ਉੱਤੇ ਟੂਰ ਕਰਵਾਇਆ ਜਾਵੇਗਾ। ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿੱਚ ਯੂਥ ਕਲੱਬਾਂ ਦੀ ਗਿਣਤੀ ਬਹੁਤ ਹੈ ਪਰ ਬਹੁਤੇ ਕਲੱਬਾਂ ਦੀਆਂ ਗਤੀਵਿਧੀਆਂ ਬਿਲਕੁਲ ਬੰਦ ਹਨ। ਉਨ੍ਹਾਂ ਅਜਿਹੇ ਕਲੱਬਾਂ ਦੀ ਸਨਾਖਤ ਕਰ ਕੇ ਐਕਟਿਵ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਯੂਥ ਕਲੱਬਾਂ ਦੀਆਂ ਗਤੀਵਿਧੀਆਂ ਵਿੱਚ ਨਸ਼ਿਆਂ ਦੀ ਰੋਕਥਾਮ, ਖੇਡਾਂ ਵਿੱਚ ਹਿੱਸਾ ਲੈਣਾ, ਪਰਾਲੀ ਸਾੜਨ ਖਿਲਾਫ ਕਿਸਾਨਾਂ ਨੂੰ ਜਾਗਰੂਕ ਕਰਨਾ, ਸੱਭਿਆਚਾਰਕ ਗਤੀਵਿਧੀਆਂ ਆਦਿ ਨੂੰ ਪ੍ਰਮੁੱਖਤਾ ਦਿੱਤੀ ਜਾਵੇ।

ਮੀਟਿੰਗ ਵਿੱਚ ਪੰਜਾਬ ਯੁਵਾ ਵਿਕਾਸ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ, ਯੁਵਕ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਅਮਿਤ ਤਲਵਾੜ, ਡਿਪਟੀ ਡਾਇਰੈਕਟਰ ਡਾ. ਕਮਲਜੀਤ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਰੁਪਿੰਦਰ ਕੌਰ, ਨਹਿਰੂ ਯੁਵਾ ਕੇਂਦਰ ਦੇ ਸਟੇਟ ਡਾਇਰੈਕਟਰ ਸੁਰਿੰਦਰ ਸੈਣੀ ਅਤੇ ਸਮੂਹ ਫੀਲਡ ਅਧਿਕਾਰੀ ਹਾਜਰ ਸਨ।

# ਸਰਕਾਰੀ ਬੱਸ ਸਰਵਿਸ ਤੋਂ ਸ਼ਹਿਰ ਦੇ ਲੋਕ ਹੁੰਦੇ ਖੱਜਲ ਖੁਆਰ




**ਖਰੜ (ਹਰਨਾਮ ਸਿੰਘ ਡੱਲਾ)**-ਪੰਜਾਬ ਵਿਕਾਸ ਕੌਂਸਲ ਦੇ ਪ੍ਰਧਾਨ ਸੋਹਨ ਸਿੰਘ ਨੇ ਸਰਕਾਰੀ ਬੱਸ ਸਰਵਿਸ ਉੱਤੇ ਉਂਗਲੀ ਚੁੱਕਦਿਆਂ ਕਿਹਾ ਹੈ ਕਿ ਸਰਕਾਰੀ ਬੱਸ ਸਰਵਿਸ ਦਾ ਖਰੜ ਸ਼ਹਿਰ ਵਿੱਚ ਬਹੁਤ ਬੁਰਾ ਹਾਲ ਹੈ। ਲੋਕਾਂ ਨੂੰ ਰੋਡਵੇਜ਼ ਦੀਆਂ ਬੱਸਾਂ ਦੀ ਲੰਮਾ ਸਮਾਂ ਉਡੀਕ ਕਰਕੇ ਵੀ ਨਿਰਾਸ਼ ਹੋ ਕੇ ਪ੍ਰਾਈਵੇਟ ਬੱਸ ਹੀ ਲੈਣੀ ਪੈਂਦੀ ਹੈ। ਜਦੋਂ ਕਿ ਪ੍ਰਾਈਵੇਟ ਬੱਸਾਂ ਵਾਲੇ ਲੰਮਾ ਸਮਾਂ ਖੜ੍ਹੀਆਂ ਕਰ ਕੇ ਏਸੇ ਅੱਡੇ ਤੋਂ ਭਰ ਕੇ ਤੁਰਦੀਆਂ ਹਨ। ਦੇਖਣ ਵਿੱਚ ਆਇਆ ਹੈ ਕਿ ਸਰਕਾਰੀ ਬੱਸਾਂ ਖੜ੍ਹਨ ਲਈ ਖਰੜ ਬੱਸ ਅੱਡੇ ਉੱਤੇ ਜਗ੍ਹਾ ਨਹੀਂ ਮਿਲਦੀ। ਸਰਕਾਰੀ ਬੱਸਾਂ ਲੈਣ ਲਈ ਸਵਾਰੀਆਂ ਨੂੰ ਭੱਜ ਭੱਜ ਕੇ ਬੱਸਾਂ ਲੈਣੀਆਂ ਪੈਂਦੀਆਂ ਹਨ। ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਲਈ ਸਰਕਾਰੀ ਬੱਸਾਂ ਲੈਣਾ ਹੋਰ ਵੀ ਔਖਾ ਹੋ ਜਾਂਦਾ ਹੈ। ਇਸ ਤਰ੍ਹਾਂ ਹਾਦਸੇ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਚੰਡੀਗੜ੍ਹ, ਸ੍ਰੀ ਅੰਮ੍ਰਿਤਸਰ, ਜਲੰਧਰ ਅਤੇ ਚੰਡੀਗੜ੍ਹ, ਲੁਧਿਆਣਾ, ਫਿਰੋਜ਼ਪੁਰ ਵਾਲੀਆਂ ਪ੍ਰਾਈਵੇਟ ਬੱਸਾਂ ਖਰੜ ਬੱਸ ਅੱਡੇ ਤੋਂ ਭਾਵੇਂ ਸਵਾਰੀਆਂ ਚੁੱਕਦੀਆਂ ਹਨ ਪਰ ਜਦੋਂ ਉਹ ਇਨ੍ਹਾਂ ਰੂਟਾਂ ਤੋਂ ਚੰਡੀਗੜ੍ਹ ਵੱਲ ਆਉਂਦੀਆਂ ਹਨ ਤਾਂ ਖਰੜ ਬੱਸ ਅੱਡੇ ਉੱਤੇ ਸਵਾਰੀਆਂ ਉਤਾਰਨ ਦੀ ਬਜਾਏ ਕਟਾਣੀ ਢਾਬੇ ਵਾਲੇ ਓਵਰਬ੍ਰਿਜ ਉੱਤੇ ਹੀ ਜਾਮ ਦਾ ਬਹਾਨਾ ਬਣਾ ਕੇ ਉਤਾਰ ਦਿੰਦੀਆਂ ਦਿਖਾਈ ਦਿੰਦੀਆਂ ਹਨ। ਜਿਸ ਕਰਕੇ ਸਵਾਰੀਆਂ ਆਪਣਾ ਸਮਾਨ ਚੁੱਕ ਕੇ ਆਪਣੇ ਸਾਧਨਾਂ ਜਾਂ ਆਟੋ ਲੈ ਕੇ ਆਪੋ ਆਪਣੇ ਟਿਕਾਣਿਆਂ ਉੱਤੇ ਜਾਣ ਲਈ ਮਜਬੂਰ ਹੁੰਦੀਆਂ ਹਨ। ਜਿਸ ਦਾ ਸਥਾਨਕ ਸ਼ਹਿਰ ਦੇ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਪਰ ਪ੍ਰਸ਼ਾਸਨ ਇਸ ਬਾਰੇ ਬੇਖਬਰ ਦਿਖਾਈ ਦਿੰਦਾ ਹੈ। ਸੋਹਣ ਸਿੰਘ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਕੈਬਨਿਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਦੇ ਓ ਐੱਸ ਡੀ ਹਰਚਰਨ ਸਿੰਘ ਨੂੰ ਮਿਲ ਲੋਕਾਂ ਦੀ ਹੁੰਦੀ ਖੱਜਲ ਖੁਆਰੀ ਬਾਰੇ ਜਾਣਕਾਰੀ ਦੇ ਚੁੱਕੇ ਹਨ। ਪਰ ਹਾਲੇ ਤੱਕ ਕੋਈ ਪ੍ਰਭਾਵੀ ਕਦਮ ਨਹੀਂ ਚੁੱਕਿਆ ਜਾ ਸਕਿਆ। ਲੋਕਾਂ ਨੇ ਸਰਕਾਰੀ ਰੋਡਵੇਜ਼ ਦੇ ਮਲਾਜ਼ਮਾਂ ਅਤੇ ਨਿੱਜੀ ਬੱਸ ਅਪਰੇਟਰਾਂ ਦੀ ਮਿਲੀਭੁਗਤ ਦਾ ਵੀ ਦੋਸ਼ ਲਗਾਇਆ ਹੈ। ਸੋਹਣ ਸਿੰਘ ਨੇ ਪੰਜਾਬ ਵਿਕਾਸ ਕੌਂਸਲ ਖਰੜ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰੋਡਵੇਜ਼ ਅਮਲੇ ਨੂੰ ਨਿਰਦੇਸ਼ ਦੇ ਕੇ ਸਰਕਾਰੀ ਬੱਸ ਸਰਵਿਸ ਵਿੱਚ ਸੁਧਾਰ ਕੀਤਾ ਜਾਵੇ।

## ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ ਵਿਖੇ ਇੱਕ ਰੋਜ਼ਾ ਸੈਮੀਨਾਰ

**ਜਲੰਧਰ (ਇਕਬਾਲ ਸਿੰਘ ਉੱਭੀ)**-ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ, ਜਲੰਧਰ ਦੇ ਪੀ.ਜੀ. ਵਿਭਾਗ ਆਫ਼ ਕਾਸਮੈਟੋਲੋਜ਼ੀ ਜਲੰਧਰ ਨੇ ਐਕਸੋਟਿਕ ਇੰਸਟੀਚਿਊਟ ਆਫ ਬਿਊਟੀ ਜਲੰਧਰ ਦੇ ਨਾਲ ਇੱਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ। ਇਸ ਸੈਮੀਨਾਰ ਵਿਚ ਸੰਸਥਾ ਦੇ ਮਾਹਿਰਾਂ ਨੇ ਵਾਲ ਕਟਵਾਉਣ ਦੀ ਪ੍ਰਦਰਸ਼ਨੀ ਦਿੱਤੀ ਅਤੇ ਵਾਲਾਂ ਨੂੰ ਕੱਟਣ ਬਾਰੇ ਮੁੱਢਲੀ ਜਾਣਕਾਰੀ ਦਿੱਤੀ । ਇਸ ਮੌਕੇ ਪ੍ਰਿੰਸੀਪਲ ਡਾ. ਨਵਜੋਤ ਨੇ ਐਕਸੋਟਿਕ ਇੰਸਟੀਚਿਊਟ ਆਫ ਬਿਊਟੀ ਪ੍ਰਤੀ ਧੰਨਵਾਦ ਪ੍ਰਗਟ ਕੀਤਾ ਅਤੇ ਕਾਸਮੈਟੋਲੋਜ਼ੀ ਵਿਭਾਗ ਦੇ ਮੈਡਮ ਜੋਤੀ ਸਾਰਧਾ ਦੇ ਯਤਨਾਂ ਦੀ ਸ਼ਲਾਘਾ ਕੀਤੀ।

## 200 ਨਸ਼ੀਲੇ ਕੈਪਸੂਲਾਂ ਸਮੇਤ ਦੋ ਕਾਬੂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਥਾਣਾ ਮੁੱਖੀ ਗੜ੍ਹਸ਼ੰਕਰ ਇੰਸਪੈਕਟਰ ਕਰਨੈਲ ਸਿੰਘ ਨੇ ਦੱਸਿਆ ਕਿ ਏ. ਐਸ. ਆਈ ਉਂਕਾਰ ਸਿੰਘ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪੁਲ ਨਹਿਰ ਨਵਾਂਸ਼ਹਿਰ ਰੋਡ ਗੜ੍ਹਸ਼ੰਕਰ ਤੋਂ ਨਹਿਰ ਵਾਲੇ ਕੱਚੇ ਰਸਤੇ ਤੋਂ ਇੱਕ ਮੋਟਰਸਾਈਕਲ ਮਾਰਕਾ ਟੀ.ਵੀ.ਐਸ ਸਪੋਰਟਸ ਨੰਬਰੀ ਪੀ.ਬੀ-24-ਡੀ-3339 'ਤੇ ਸਵਾਰ ਹੋ ਕੇ ਆ ਰਹੇ ਦੋ ਵਿਅਕਤੀਆਂ ਗੁਰਪ੍ਰੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਸਦਰਪੁਰ ਥਾਣਾ ਗੜ੍ਹਸ਼ੰਕਰ ਅਤੇ ਪੰਕਜ ਕੁਮਾਰ ਉਰਫ ਲੰਬ ਪੁੱਤਰ ਰਜਿੰਦਰ ਸਿੰਘ ਵਾਸੀ ਭੱਟਾ ਮੁਹੱਲਾ ਵਾਰਡ ਨੰਬਰ 08 ਗੜ੍ਹਸ਼ੰਕਰ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ ਗੁਰਪ੍ਰੀਤ ਸਿੰਘ ਪਾਸੋਂ 110 ਨਸ਼ੀਲੇ ਕੈਪਸੂਲ ਅਤੇ ਪੰਕਜ ਕੁਮਾਰ ਪਾਸੋਂ 90 ਨਸ਼ੀਲੇ ਕੈਪਸੂਲ ਬਰਾਮਦ ਹੋਣ 'ਤੇ ਥਾਣਾ ਗੜ੍ਹਸ਼ੰਕਰ ਵਿਖੇ ਨਸ਼ਾ ਵਿਰੋਧੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ।

# ਪੰਜਾਬ ਨੂੰ ਪੰਜਾਬੀ ਹੀ ਵਿਕਾਸ ਦੇ ਰਾਹ ਤੋਰ ਸਕਦੇ, ਕੋਈ ਬਾਹਰਲੀ ਸ਼ਕਤੀ ਨਹੀਂ : ਡਾ. ਬਲਵਿੰਦਰ ਸਿੰਘ



**ਸ਼ਾਹਕੋਟ(ਗਿਆਨ ਸੈਦਪੁਰੀ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿੱਚ ਲੰਮਾ ਸਮਾਂ ਪੜ੍ਹਾਉਣ ਉਪਰੰਤ ਪਿਛਲੇ 25 ਸਾਲ ਤੋਂ ਟੋਰੰਟੋ(ਕੈਨੇਡਾ) ਵਿੱਚ ਰੇਡੀਓ ਸਮਾਗਮ ਦੇ ਸੰਚਾਲਕ ਡਾ. ਬਲਵਿੰਦਰ ਸਿੰਘ ਨੇ ਲੁਧਿਆਣਾ ਵਿੱਚ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਰੱਖੇ ਰੂ ਬ ਰੂ ਪ੍ਰੋਗ੍ਰਾਮ ਵਿੱਚ ਕਿਹਾ ਹੈ ਕਿ ਪੰਜਾਬ ਦੀ ਗੁਆਚੀ ਸ਼ਾਨ ਦੀ ਸਲਾਮਤੀ ਤੇ ਮੁੜ ਉਸਾਰੀ ਲਈ ਪੰਜਾਬੀਆਂ ਨੂੰ ਹੀ ਰਲ ਮਿਲ ਕੇ ਹੰਭਲਾ ਮਾਰਨਾ ਪਵੇਗਾ। ਕਿਸੇ ਬਾਹਰਲੀ ਸ਼ਕਤੀ ਦਾ ਆਸਰਾ ਲੱਭਣ ਦੀ ਥਾਂ ਆਪੋ ਆਪਣੀ ਜ਼ਿੰਮੇਵਾਰੀ ਓਟਣੀ ਪਵੇਗੀ। ਉਨ੍ਹਾਂ ਕਿਹਾ ਕਿ ਇਸ ਫੇਰੀ ਦੌਰਾਨ ਮੈਂ ਮਹਿਸੂਸ ਕੀਤਾ ਹੈ ਕਿ ਪੰਜਾਬ ਵਿੱਚ ਹੀ ਦੋ ਪੰਜਾਬ ਬਣ ਗਏ ਨੇ। ਇੱਕ ਪੰਜਾਬ ਵਿਆਹ ਸ਼ਾਦੀਆਂ ਤੇ ਹੋਰ ਗੈਰ ਉਪਜਾਊ ਕੰਮਾਂ 'ਤੇ ਰੱਜ ਕੇ ਫਜ਼ੂਲ ਖਰਚੀ ਕਰ ਰਿਹਾ ਹੈ ਤੇ ਦੂਜਾ ਪੰਜਾਬ ਸਿਰਫ ਜਿਉਂਦੇ ਰਹਿਣ ਦੀ ਲੜਾਈ ਲੜ ਰਿਹਾ ਹੈ। ਵਿਦੇਸ਼ਾਂ ਵੱਲ ਜਵਾਨੀ ਦਾ ਮੁਹਾਣ ਵਧਣ ਦਾ ਕਾਰਨ ਵੀ ਰੀਸ ਵਧੇਰੇ ਹੈ ਜਦ ਕਿ ਵਿਦੇਸ਼ਾਂ ਵਿੱਚ ਜਾ ਰਹੇ ਬੱਚਿਆਂ ਦਾ ਸੰਘਰਸ਼ ਬੇਹੱਦ ਕਠਿਨ ਤਪੱਸਿਆ ਵਰਗਾ ਹੈ। ਡਾ. ਬਲਵਿੰਦਰ ਸਿੰਘ ਨੇ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਨੂੰ ਆਈਲੈਟਸ ਸਿੱਖਿਆ ਨੂੰ ਪਹਿਲਾਂ ਸਥਾਪਿਤ ਕਾਲਜਾਂ ਯੂਨੀਵਰਸਿਟੀਆਂ ਰਾਹੀਂ ਨਿਯਮਤ ਕਰਨਾ ਚਾਹੀਦਾ ਹੈ। ਇਵੇਂ ਹੀ ਵਿਦੇਸ਼ ਜਾਣ ਵਾਲੇ ਬੱਚਿਆਂ ਨੂੰ ਸਬੰਧਿਤ ਵਿਧੀ ਵਿਧਾਨ ਤੇ ਸਮਾਜਿਕ ਤਾਣੇ ਬਾਣੇ ਦੀ ਸੋਝੀ ਵੀ ਲਾਜਮੀ ਕਰਨੀ ਚਾਹੀਦੀ ਹੈ ਤਾਂ ਜੋ ਉਥੇ ਗਏ ਬੱਚੇ ਸਭਿਆਚਾਰਕ ਝਟਕੇ ਕਾਰਨ ਉਦਾਸੀ ਦੇ ਆਲਮ 'ਚ ਨਾ ਡੁੱਬਣ। ਇਸ ਮੌਕੇ ਡਾ. ਬਲਵਿੰਦਰ ਸਿੰਘ ਨੂੰ ਦੋਸ਼ਾਲਾ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਵਿਦੇਸਾਂ ਵਿੱਚ ਪੰਜਾਬੀ ਸੰਚਾਰ ਮਾਧਿਅਮਾਂ ਨੇ ਉਥੇ ਵੱਸਦੇ ਪੰਜਾਬੀਆਂ ਦੀ ਮਾਨਸਿਕ ਸਿਹਤ ਦਾ ਸੰਤੁਲਨ ਰੱਖਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਮੀਡੀਆ ਵਿੱਚ ਸਭ ਤੋਂ ਵੱਧ ਪੜ੍ਹੇ ਲਿਖੇ ਸਿਖਿਅਤ ਪੱਤਰਕਾਰੀ ਅਧਿਆਪਕ ਡਾ. ਬਲਵਿੰਦਰ ਸਿੰਘ ਨੇ ਪੰਜਾਬੀ ਪੱਤਰਕਾਰੀ ਤੇ ਸੰਚਾਰ ਨੂੰ ਅਪਣਾਇਆ ਹੋਇਆ ਹੈ। ਇਸ ਮੌਕੇ ਪ੍ਰਸਿੱਧ ਪੰਜਾਬੀ ਖੋਜੀ ਇਤਿਹਾਸਕਾਰ ਕਰਮ ਸਿੰਘ ਹਿਸਟੋਰੀਅਨ ਦੇ ਪੋਤਰੇ ਗੁਰਜੀਤ ਸਿੰਘ ਢਿੱਲੋਂ ਤੇ ਹੋਰ ਹਸਤੀਆ ਹਾਜਰ ਸਨ।

# ਪਾਰਟੀ ਲਈ ਮਿਹਨਤ ਕਰਨ ਵਾਲਿਆਂ ਦਾ ਬਣਦਾ ਸਤਿਕਾਰ ਜ਼ਰੂਰ ਕੀਤਾ ਜਾਵੇਗਾ : ਕਰਨਵੀਰ ਸਿੱਧੂ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲਿਆਂ ਦਾ ਬਣਦਾ ਸਤਿਕਾਰ ਹਰ ਹੀਲੇ ਕੀਤਾ ਜਾਵੇਗਾ ਤਾਂ ਜੋ ਉਨਾਂ ਨੂੰ ਪਾਰਟੀ ਪ੍ਰਤੀ ਜੁਝਾਰੂ ਵਰਕਰਾਂ ਨੂੰ ਪਾਰਟੀ ਦੀ ਮਜਬੂਤੀ ਲਈ ਸ਼ਕਤੀ ਮਿਲ ਸਕੇ । ਉਪਰੋਕਤ ਸ਼ਬਦ ਸਾਬਕਾ ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਦੇ ਬੇਟੇ ਕਰਨਵੀਰ ਸਿੰਘ ਸਿੱਧੂ ਨੇ ਪਿੰਡ ਝਾਂਡੀਆਂ ਵਿਖੇ ਮਦਨ ਲਾਲ ਚੌਹਾਨ ਦੀਆ ਬੇਟੀਆਂ ਦੀ ਸ਼ਾਦੀ ਵਿੱਚ ਸ਼ਿਰਕਤ ਕਰਨ ਉਪਰੰਤ ਸੁਰੇਸ਼ ਭਾਟੀਆ ਨੂੰ ਉਨਾਂ ਦੇ ਨਿਵਾਸ ਸਥਾਨ ਪਿੰਡ ਝਾਡੀਆਂ ਵਿਖੇ ਭਾਜਪਾ ਹਾਈਕਮਾਂਡ ਵਲੋਂ ਓ ਬੀ ਸੀ ਮੋਰਚਾ ਦਾ ਜ਼ਿਲ੍ਹਾ ਪ੍ਰਧਾਨ ਬਣਾਉਣ ਤੇ ਮੁਬਾਰਕਬਾਦ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਆਪਣੇ ਵਰਕਰਾਂ ਨੂੰ ਵੱਖ-ਵੱਖ ਪਿੰਡਾਂ ਵਿੱਚ ਪਾਰਟੀ ਪ੍ਰਤੀ ਕੀਤੀ ਕਾਰਗੁਜਾਰੀ ਬਾਰੇ ਜਾਣੂ ਕਰਵਾ ਕੇ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਲਾਮਬੰਦ ਕੀਤਾ ਜਾ ਰਿਹਾ ਹੈ । ਇਸ ਮੌਕੇ ਜਿੱਥੇ ਸਿੱਧੂ ਨੇ ਸੁਰੇਸ਼ ਭਾਟੀਆ ਨੂੰ ਜ਼ਿਲ੍ਹਾ ਪ੍ਰਧਾਨ ਬਣਾਉਣ ਤੇ ਮੁਬਾਰਕਬਾਦ ਦਿੱਤੀ ਉੱਥੇ ਉਨਾਂ ਭਾਜਪਾ ਹਾਈਕਮਾਂਡ ਅਤੇ ਭਾਜਪਾ ਸੂਬਾ ਪਧਾਨ ਰਜਿੰਦਰ ਬਿੱਟਾ, ਜ਼ਿਲ੍ਹਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਦਾ ਵੀ ਧੰਨਵਾਦ ਕੀਤਾ ਗਿਆ। ਇਸ ਮੌਕੇ ਜੀਤ ਭਾਟੀਆ, ਸੀਤਾ ਰਾਮ, ਚਰਨਜੀਤ ਭੂੰਬਲਾ,ਭਜਨ ਮੀਲੂ, ਮਦਨ ਲਾਲ ਚੌਹਾਨ, ਜਗਦੀਸ਼ ਪੰਮਾ, ਰਾਜੂ ਠੇਕੇਦਾਰ, ਕਮਲ ਕਟਾਰੀਆ, ਬਿਸ਼ਨ ਦਾਸ ਸਰਪੰਚ,ਹਰਮੇਸ਼ ਚੰਦ, ਭਜਨ ਚੌਹਾਨ,ਰਾਧੇ, ਸੇਠੀ ਰੋਆੜੂਆਣਾ, ਕਮਲ ਚੌਧਰੀ,ਕੇਵਲ ਮੈਹਸੀ, ਚਮਨ ਲਾਲ ਟਰਾਂਸਪੋਰਟਰ, ਕਾਲਾ ਪ੍ਰਧਾਨ ਕੇ ਟੀ ਯੂ, ਨਰੇਸ਼ ਸ਼ਰਮਾ, ਆਸ਼ੂ, ਭੱਟੀ ਬਾਬੂ, ਰੋਸ਼ੀ ਭਾਟੀਆ, ਨਿਤਿਨ ਭਾਟੀਆ, ਦੀਪ ਸਰਪੰਚ, ਰੀਸ਼ੀ ਸਰਪੰਚ, ਰਮੇਸ਼ਵਰ ਸਰਪੰਚ, ਆਦਿ ਨੇ ਕਰਨਵੀਰ ਸਿੰਘ ਸਿੱਧੂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ।

# 'ਸਨੋ ਮੈਰਾਥਨ ਲਾਹੌਲ' ਦਾ ਦੂਜਾ ਐਡੀਸ਼ਨ 12 ਨੂੰ

**ਜਲੰਧਰ, (ਸੁਰਿੰਦਰ ਕੁਮਾਰ )** 'ਸਨੋ ਮੈਰਾਥਨ ਲਾਹੌਲ' ਦੇ ਪਹਿਲੇ ਐਡੀਸ਼ਨ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ ਇਸ ਦਾ ਦੂਜਾ ਐਡੀਸ਼ਨ 12 ਮਾਰਚ 2023 ਨੂੰ ਅਟਲ ਸੁਰੰਗ ਉੱਤਰੀ ਪੋਰਟਲ, ਜ਼ਿਲ੍ਹਾ ਲਾਹੌਲ ਅਤੇ ਸਪਿਤੀ ਨੇੜੇ ਸਿਸੂ ਵਿਖੇ ਕਰਵਾਇਆ ਜਾ ਰਿਹਾ ਹੈ। ਲਾਹੌਲ ਅਤੇ ਸਪਿਤੀ ਪ੍ਰਸ਼ਾਸਨ ਅਤੇ ਰੀਚ ਇੰਡੀਆ ਦੇ ਸਹਿਯੋਗ ਨਾਲ ਆਯੋਜਿਤ ਇਸ ਈਵੈਂਟ ਵਿੱਚ ਪੁਰਸ਼ਾਂ ਅਤੇ ਔਰਤਾਂ ਲਈ 42 ਕਿਲੋਮੀਟਰ ਫੁੱਲ ਮੈਰਾਥਨ, 21 ਕਿਲੋਮੀਟਰ ਹਾਫ ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਮੈਰਾਥਨ ਹੋਵੇਗੀ। ਇਸ ਸਮਾਗਮ ਨੂੰ ਫਿਟ ਇੰਡੀਆ ਮੂਵਮੈਂਟ, ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਹੈ। ਆਯੋਜਕ ਗੌਰਵ ਸਿਮਰ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਮੈਰਾਥਨ ਵਿੱਚ ਭਾਗ ਲੈਣਗੇ ਅਤੇ ਦੌੜਾਕਾਂ ਦੀ ਹੌਸਲਾ ਅਫਜਾਈ ਕਰਨਗੇ। ਭਾਰਤ ਦੁਨੀਆ ਦੀਆਂ ਦਸ ਸਨੋ ਮੈਰਾਥਨ ਵਿੱਚ ਸ਼ਾਮਲ ਹੈ ਜਿੱਥੇ ਇਹ ਸਾਹਸੀ ਖੇਡ ਆਯੋਜਿਤ ਕੀਤੀ ਜਾਂਦੀ ਹੈ। ਅਸਲ ਵਿੱਚ ਇਹ ਈਵੈਂਟ ਆਰਕਟਿਕ ਸਰਕਲ, ਉੱਤਰੀ ਧਰੁਵ ਸਥਾਨਾਂ ਜਿਵੇਂ ਕਿ ਸਾਇਬੇਰੀਆ, ਅੰਟਾਰਕਟਿਕਾ ਆਦਿ ਵਿੱਚ ਹੁੰਦਾ ਹੈ। ਪਿਛਲੇ ਸਾਲ 26 ਮਾਰਚ, 2022 ਨੂੰ ਦੇਸ਼ ਵਿੱਚ ਪਹਿਲੀ ਵਾਰ ਹਿਮਾਚਲ ਪ੍ਰਦੇਸ਼ ਦੇ ਲਾਹੌਲ ਅਤੇ ਸਪਿਤੀ ਨੇ ਲਗਭਗ 10 ਹਜਾਰ ਫੁੱਟ ਦੀ ਸਭ ਤੋਂ ਉੱਚੀ ਬਰਫ ਦੀ ਮੈਰਾਥਨ ਕਰਵਾਉਣ ਦਾ ਮਾਣ ਹਾਸਲ ਕੀਤਾ ਸੀ, ਜਿਸ ਦਾ ਆਯੋਜਨ ਇਸ ਸਾਲ ਵੀ ਕੀਤਾ ਜਾ ਰਿਹਾ ਹੈ। ਮੋਹਾਲੀ ਸਥਿਤ ਫੋਰਟਿਸ ਦੇ ਡਾਕਟਰਾਂ ਅਤੇ ਪੈਰਾ-ਮੈਡੀਕਲਾਂ ਦੀ ਟੀਮ ਸਾਰੇ ਦੌੜਾਕਾਂ ਨੂੰ ਕਿਸੇ ਵੀ ਸੱਟ ਜਾਂ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਈਵੈਂਟ ਤੋਂ ਇਕ ਦਿਨ ਪਹਿਲਾਂ ਅਤੇ ਦੌਰਾਨ ਦੋ ਆਧੁਨਿਕ ਜੀਵਨ ਸਹਾਇਤਾ ਐਂਬੂਲੈਂਸਾਂ ਨਾਲ ਮੈਡੀਕਲ ਸੁਰੱਖਿਆ ਪ੍ਰਦਾਨ ਕਰੇਗੀ। ਸਮਾਗਮ ਦੇ ਕਾਰਜਕਾਰੀ ਮੁਖੀ ਰਾਜੇਸ਼ ਚੰਦ ਦੇ ਅਨੁਸਾਰ, ਬਰਫ ਦੀ ਮੈਰਾਥਨ ਨੂੰ ਸੀਸੂ ਸਕੀਇੰਗ ਅਤੇ ਸਨੋਬੋਰਡਿੰਗ ਸੁਸਾਇਟੀ ਵਰਗੀਆਂ ਸੰਸਥਾਵਾਂ ਤੋਂ ਵੀ ਮਹੱਤਵਪੂਰਨ ਸਮਰਥਨ ਪ੍ਰਾਪਤ ਹੋਇਆ ਹੈ, ਜੋ ਇਸਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰਦੇ ਹਨ। ਬਰਫ ਦੀ ਮੈਰਾਥਨ ਦੇ ਮੁੱਖ ਸਲਾਹਕਾਰ ਕਰਨਲ ਅਰੁਣ ਨਟਰਾਜਨ, ਜੋ ਕਿ ਭਾਰਤੀ ਫੌਜ ਵਿੱਚ ਇੱਕ ਹਵਾਬਾਜੀ ਵੀ ਹੈ, ਦੇ ਅਨੁਸਾਰ, ਬਰਫ ਦੀ ਮੈਰਾਥਨ, ਅਲਟਰਾਰਨ, ਆਇਰਨਮੈਨ ਮੁਕਾਬਲਿਆਂ ਤੋਂ ਬਾਅਦ ਭਾਰਤ ਵਿੱਚ ਦੌੜ ਦੇ ਅਗਲੇ ਪੱਧਰ ਨੂੰ ਦਰਸਾਉਂਦੀ ਹੈ। ਮੈਰਾਥਨ ਦੇ ਆਯੋਜਕ ਰੀਚ ਇੰਡੀਆ ਦੇ ਸੀਈਓ ਰਾਜੀਵ ਕੁਮਾਰ ਨੇ ਦੱਸਿਆ ਕਿ ਇਸ ਸਾਲ ਇਹ ਸਮਾਗਮ ਜਾਨਵਰਾਂ ਦੀ ਭਲਾਈ 'ਤੇ ਕੇਂਦਰਿਤ ਹੈ, ਜਿਸ ਤਹਿਤ ਮਨਾਲੀ ਵਿੱਚ ਅਵਾਰਾ ਪਸ਼ੂਆਂ ਦੇ ਬਚਾਅ ਲਈ ਕੰਮ ਕਰ ਰਹੀ ਇੱਕ ਚੈਰਿਟੀ ਸੰਸਥਾ ਮਨਾਲੀ ਸਟ੍ਰੀਟਸ ਨੂੰ ਲਾਭ ਦਿੱਤਾ ਜਾਵੇਗਾ। ਲਾਹੌਲ ਅਤੇ ਸਪਿਤੀ ਦੇ ਡਿਪਟੀ ਕਮਿਸ਼ਨਰ ਸੁਮਿਤ ਖਿਮਟਾ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਸਮਾਗਮ ਅੰਤਰਰਾਸ਼ਟਰੀ ਰੂਪ ਲੈ ਸਕਦਾ ਹੈ। ਵਿੰਟਰ ਗੇਮਜ ਫੈਡਰੇਸਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਅਤੇ ਦੋ ਵਾਰ ਸੇਵਾ ਮੈਡਲ ਪ੍ਰਾਪਤ ਕਰਨ ਵਾਲੇ ਕਰਨਲ ਜੋਧ ਸਿੰਘ ਢਿੱਲੋਂ ਇਸ ਸਮਾਗਮ ਦੀ ਦੇਖ-ਰੇਖ ਕਰ ਰਹੇ ਹਨ।

# ਪੱਤਰਕਾਰਾਂ 'ਤੇ ਨਜਾਇਜ਼ ਹਮਲਿਆਂ ਸੰਬੰਧੀ ਜਰਨਲਿਸਟ ਪ੍ਰੈੱਸ ਕਲੱਬ ਦਾ ਵਫਦ ਐੱਸ ਐੱਸ ਪੀ ਨੂੰ ਮਿਲਿਆ



**ਕਪੂਰਥਲਾ (ਪ੍ਰੀਤ ਸੰਗੋਜਲਾ)** ਕਪੂਰਥਲਾ ਵਿਖੇ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ,ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ,ਜੇ ਐਸ ਸੰਧੂ ਸੂਬਾ ਸਰਪ੍ਰਸਤ , ਰਾਕੇਸ਼ ਖੰਨਾ ਸੂਬਾ ਚੇਅਰਮੈਨ,ਪ੍ਰਿਤਪਾਲ ਸਿੰਘ ਕੋਆਰਡੀਨੇਟਰ, ਰਾਕੇਸ਼ ਕਾਲੀਆ ਦੀ ਅਗਵਾਈ ਹੇਠ ਰਾਜਪਾਲ ਸਿੰਘ ਸੰਧੂ ਐਸ ਐਸ ਪੀ ਕਪੂਰਥਲਾ ਨੂੰ ਪਿਛਲੇ ਦਿਨੀਂ ਸੁਖਵਿੰਦਰ ਸੋਹੀ ਜ਼ਿਲ੍ਹਾ ਜਨਰਲ ਸਕੱਤਰ ਕਪੂਰਥਲਾ ਤੇ ਉਸ ਦੇ ਭਰਾ ਉਪਰ ਜਾਨੋ ਮਾਰਨ ਕੋਸ਼ਿਸ਼ ਤੇ ਫਾਇਰਿੰਗ ਕਰਨ ਸਬੰਧੀ ਮਿਲਿਆ।

ਐਸ ਐਸ ਪੀ ਸੰਧੂ ਨੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਪੁਲਸ ਤੇ ਪ੍ਰੈਸ ਦਾ ਨਹੁੰ ਮਾਸ ਦਾ ਰਿਸ਼ਤਾ ਹੁੰਦਾ ਹੈ, ਇਸ ਰਿਸ਼ਤੇ ਨੂੰ ਖਰਾਬ ਨਹੀਂ ਹੋਣ ਦਿੱਤਾ ਜਾਵੇਗਾ। ਪੱਤਰਕਾਰਾਂ ਨੂੰ ਫੀਲਡ ਵਿਚ ਕੰਮ ਕਰਦੇ ਸਮੇਂ ਆ ਰਹੀਆਂ ਮੁਸ਼ਕਿਲਾਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਜੋਗਿੰਦਰ ਸਿੰਘ ਜਾਤੀਕੇ ਚੈਅਰਮੈਨ ਕਪੂਰਥਲਾ ਦੇ ਖਿਲਾਫ ਵੀ ਇੱਕ ਥਾਣਾ ਸਿਟੀ ਕਪੂਰਥਲਾ ਵਿਖੇ ਨਜਾਇਜੜ ਪਰਚਾ ਦਰਜ ਕੀਤਾ ਗਿਆ ਸੀ ਤੇ ਇਸੇ ਤਰ੍ਹਾਂ ਹੀ ਤਰਲੋਚਨ ਸਿੰਘ ਚਾਹਲ ਦਾ ਇਕ ਨਿਜੀ ਮਸਲਾ ਐਸ ਡੀ ਐਮ ਕਪੂਰਥਲਾ ਦੇ ਵਿਚਾਰ ਅਧੀਨ ਹੈ। ਮਾਨ ਤੇ ਸੰਗੋਜਲਾ ਨੇ ਪੁਲਸ ਪ੍ਰਸ਼ਾਸਨ ਤੇ ਸਿਵਲ ਪ੍ਰਸ਼ਾਸਨ ਨੂੰ ਵੀ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਦੋਸ਼ੀਆ ਦੇ ਖਿਲਾਫ ਜਲਦੀ ਬਣਦੀ ਕਾਰਵਾਈ ਨਾ ਕੀਤੀ ਤਾਂ ਜਰਨਲਿਸਟ ਪ੍ਰੈੱਸ ਕੱਲਬ ਰਜਿ ਪੰਜਾਬ ਤੇ ਹੋਰ ਲੋਕ ਹਿੱਤੂ ਜੱਥੇਬੰਦੀਆਂ ਨੂੰ ਨਾਲ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਤਰਲੋਚਨ ਸਿੰਘ ਚਾਹਲ , ਗੋਰਵ ਮੜੀਆ, ਬਰਿੰਦਰ ਸਿੰਘ ਚਾਨਾ, ਮਨਜੀਤ ਕੌਰ ਥਿੰਦ, ਹਰਪ੍ਰੀਤ ਸਿੰਘ ,ਸੁਰਜੀਤ ਸਿੰਘ ਗੋਰਾ, ਸੁਰਿੰਦਰ ਸਭਰਵਾਲ ਤੇ ਸਮੂਹ ਪੱਤਰਕਾਰ ਭਾਈਚਾਰਾ ਹਾਜਰ ਸੀ।

3-MAR-PAGE-1.qxd 3/2/2023 10:19 PM Page 2



## ਖੇਡਾਂ ਜ਼ਿੰਦਗੀ ਦੀ ਬਗੀਚੀ 'ਚ ਅਨੇਕ ਭਾਂਤ ਦੇ ਫੁੱਲ ਖਿੜਾ ਦਿੰਦੀਆਂ ਹਨ : ਧਾਲੀਵਾਲ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਖੇਡਾਂ ਜ਼ਿੰਦਗੀ ਦੀ ਬਗੀਚੀ ਵਿੱਚ ਅਨੇਕ ਭਾਂਤ ਦੇ ਫੁੱਲ ਖਿੜਾ ਦਿੰਦੀਆਂ ਹਨ। ਖਿਡਾਰੀ ਨੂੰ ਖੇਡਾਂ ਰਾਹੀਂ ਆਇਆ ਪਸੀਨਾ ਅਤਰ ਫੁਲੇਲ ਬਣ ਕੇ ਉਸ ਦੀ ਮਹਿਕ ਨੂੰ ਬਹੁਤ ਦੂਰ ਤਕ ਖਿੰਡਾ ਦਿੰਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਾਬਾ ਸੈਦੂ ਸ਼ਾਹ ਮੇਲਾ 2023 ਦੌਰਾਨ ਹੈਂਡਬਾਲ -14 ਅਤੇ -19 ਟੂਰਨਾਮੈਂਟ ਦਾ ਉਦਘਾਟਨ ਕਰਨ ਉਪਰੰਤ ਪੀ ਆਰ ਓ ਮਨਪ੍ਰੀਤ ਸਿੰਘ ਧਾਲੀਵਾਲ ਅਤੇ ਜ਼ਿਲ੍ਹਾ ਯੂਥ ਪ੍ਰਧਾਨ ਸੁਖਵੰਤ ਸਿੰਘ ਪੱਕਾ ਵੱਲੋਂ ਸਾਂਝੇ ਤੌਰ 'ਤੇ ਆਪਣੇ ਸੰਬੋਧਨ ਵਿੱਚ ਕੀਤਾ। ਆਯੋਜਿਤ ਸਮਾਗਮ ਨੂੰ ਸੰਬੋਧਿਤ ਹੋਏ ਉਨ੍ਹਾ ਕਿਹਾ ਕਿ ਜਿਵੇਂ ਖੇਡਾਂ ਖੇਡਣ ਲਈ ਹਰ ਖਿਡਾਰੀ ਨੂੰ ਨਿਸਚਤ ਸਮਾਂ ਮਿਲਦਾ ਹੈ, ਉਸੇ ਤਰ੍ਹਾਂ ਇਨਸਾਨ ਕੋਲ ਵੀ ਇਸ ਧਰਤੀ ਉੱਤੇ ਜ਼ਿੰਦਗੀ ਦੀ ਖੇਡ ਖੇਡਣ ਲਈ ਨਿਸਚਤ ਸਮਾਂ ਹੈ। ਫਰਕ ਸਿਰਫ ਏਨਾ ਹੈ ਕਿ ਖਿਡਾਰੀ ਨੂੰ ਪਹਿਲਾਂ ਹੀ ਸਮੇਂ ਬਾਰੇ ਪਤਾ ਹੁੰਦਾ ਹੈ ਜਦੋਂ ਕਿ ਇਨਸਾਨ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਸ ਕੋਲ ਕਿੰਨਾ ਸਮਾਂ ਹੈ, ਪਰ ਇਸ ਗੱਲ ਦਾ ਅਹਿਸਾਸ ਜ਼ਰੂਰ ਹੁੰਦਾ ਹੈ ਕਿ ਉਸ ਕੋਲ ਜਿੰਨਾ ਵੀ ਸਮਾਂ ਹੈ, ਉਹ ਨਿਸਚਤ ਹੈ। ਉਨ੍ਹਾ ਨੇ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰ ਖੇਡਾਂ ਵੱਲ ਆਪਣਾ ਧਿਆਨ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਸੰਦੀਪ ਬਰਾੜ ਕੰਮੇਆਣਾ, ਬੱਬੂ ਪੱਕਾ, ਹਰਜਿੰਦਰ ਸਿੰਘ, ਮਨਜੀਤ ਸਿੰਘ ਗਿੱਲ, ਨਾਇਬ ਸਿੰਘ ਗਿੱਲ, ਸਾਬਕਾ ਸਰਪੰਚ ਗੁਰਮੀਤ ਸਿੰਘ ਕੋਚ ਦਰਸ਼ਨ ਪਾਲ ਸ਼ਰਮਾ ਸਮੇਤ ਭਾਰੀ ਸੰਖਿਆ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ।

## ਪੱਤਰਕਾਰ ਬਹਾਦਰ ਸਿੰਘ ਟਿਵਾਣਾ ਬਣੇ ਇਲੈਕਟ੍ਰਾਨਿਕ ਮੀਡੀਆ ਦੇ ਜ਼ਿਲ੍ਹਾ ਪ੍ਰਧਾਨ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਹੋਈ ਇੱਕ ਮੀਟਿੰਗ 'ਚ ਇਲੈਕਟ੍ਰਾਨਿਕ ਮੀਡੀਆ ਕਰਮੀਆਂ ਵੱਲੋਂ ਬਹਾਦਰ ਸਿੰਘ ਟਿਵਾਣਾ ਨੂੰ ਸਰਬਸੰਮਤੀ ਨਾਲ ਆਪਣੀ ਜਥੇਬੰਦੀ ਦਾ ਪ੍ਰਧਾਨ ਚੁਣ ਲਿਆ ਗਿਆ। ਚੋਣ ਉਪਰੰਤ ਬਹਾਦਰ ਸਿੰਘ ਟਿਵਾਣਾ ਨੂੰ ਮੁਬਾਰਕਬਾਦ ਦਿੰਦੇ ਹੋਏ ਮੀਟਿੰਗ 'ਚ ਹਾਜ਼ਰ ਪੱਤਰਕਾਰਾਂ ਨੇ ਕਿਹਾ ਕਿ ਉਨ੍ਹਾਂ ਦੇ ਲੰਮੇ ਤਜਰਬੇ ਨਾਲ ਜਥੇਬੰਦੀ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨਾਂ 'ਚ ਪ੍ਰਗਟਾਏ ਗਏ ਭਰੋਸੇ ਲਈ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਸੀਨੀਅਰ ਪੱਤਰਕਾਰ ਬਹਾਦਰ ਸਿੰਘ ਟਿਵਾਣਾ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਉਹ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਮਹਿਕ, ਜਤਿੰਦਰ ਸਿੰਘ ਰਾਠੌਰ, ਦੀਪਕ ਸੂਦ, ਰਜਿੰਦਰ ਸਿੰਘ ਭੱਟ, ਭੂਸ਼ਨਸੂਦ, ਰਣਬੀਰ ਕੁਮਾਰ ਜੱਜੀ, ਗੁਰਬੇਜ ਰਾਜੂ, ਗੁਰਦੀਪ ਸਿੰਘ, ਜਗਮੀਤ ਸਿੰਘ, ਸੁਰੇਸ਼ ਕਾਮਰਾ, ਇਕਬਾਲ ਸਿੰਘ ਥਾਬਲਾਂ, ਅਮਿਤ ਕੁਮਾਰ ਗੰਭੀਰ, ਅਮਿਤ ਸ਼ਰਮਾ ਅਤੇ ਵਿਪਨ ਭਾਰਦਵਾਜ ਆਦਿ ਪੱਤਰਕਾਰ ਵੀ ਮੌਜੂਦ ਸਨ।

## ਪਾਵਰਕਾਮ ਗਰਿਡ ਵਿਖੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਾਵਰਕਾਮ 220 ਕੇ ਵੀ ਗਰਿਡ ਦੇ ਸਮੂਹ ਸਟਾਫ ਵੱਲੋਂ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਕਰਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਭਾਈ ਜਗਸੀਰ ਸਿੰਘ ਖਾਲਸਾ ਮਹਿਲ ਕਲਾਂ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਅਨੁਸਾਰ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ। ਪਾਵਰਕਾਮ ਐਸ ਡੀ ਓ ਜਸਵਿੰਦਰ ਸਿੰਘ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਪਾਵਰਕਾਮ ਸਰਕਲ ਬਰਨਾਲਾ ਨਿਗਰਾਨ ਇੰਜਨੀਅਰ ਸ੍ਰੀ ਤੇਜ ਬਾਂਸਲ, ਵਧੀਕ ਨਿਗਰਾਨ ਇੰਜੀਨੀਅਰ ਅਰਸਦੀਪ ਸਿੰਘ ਸ਼ਹਿਰੀ ਮੰਡਲ ਬਰਨਾਲਾ, ਇੰਜ: ਪ੍ਰੀਤ ਮਹਿੰਦਰ ਸਿੰਘ ਦਿਹਾਤੀ ਮੰਡਲ ਬਰਨਾਲਾ, ਇੰਜ: ਗਗਨਦੀਪ ਸਿੰਘ ਗਰਿਡ ਪ੍ਰੋਟੈਕਸ਼ਨ ਬਰਨਾਲਾ, ਇੰਜ: ਵਿਕਾਸ ਸਿੰਗਲਾ ਐਸ ਡੀ ਓ ਸ਼ਹਿਰੀ ਬਰਨਾਲਾ, ਇੰਜ: ਇੰਦਰਜੀਤ ਸਿੰਘ ਐਸ ਡੀ ਓ ਠੁੱਲੀਵਾਲ, ਇੰਜ: ਨਿਤਿਨ ਕੁਮਾਰ ਐਸ ਡੀ ਓ, ਇੰਜ: ਮੈਡਮ ਸੰਜੂ ਬਾਲਾ ਐਸ ਡੀ ਓ ਧਨੌਲਾ, ਇੰਜ: ਹਰਮਨਜੋਤ ਸਿੰਘ ਐਸ ਡੀ ਓ ਗਰਿਡ ਮਹਿਲ ਕਲਾਂ ਤੋਂ ਇਲਾਵਾ ਵੱਖ-ਵੱਖ ਕਿਸਾਨ ਜਥੇਬੰਦੀਆਂ, ਪ੍ਰੈੱਸ ਕਲੱਬ, ਸ਼ੈਲਰ ਐਸੋਸੀਏਸ਼ਨ, ਦੁਕਾਨਦਾਰ ਯੂਨੀਅਨ, ਇੰਜ: ਕੁਲਵੀਰ ਸਿੰਘ ਔਲਖ, ਨਿਰਮਲ ਸਿੰਘ ਹਰਦਾਸਪੁਰਾ , ਜਸਵਿੰਦਰ ਸਿੰਘ ਚੰਨਣਵਾਲ, ਇੰਜ: ਬਲਜੀਤ ਸਿੰਘ ਆਦਿ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

## ਜੰਗਲਾਤ ਮਹਿਕਮੇ 'ਚੋਂ ਕੱਢੇ ਵਰਕਰਾਂ ਨੂੰ ਵਾਪਸ ਕੀਤਾ ਜਾਵੇ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਪੀਡਬਲਯੂਡੀ ਵਰਕਰਜ਼ ਯੂਨੀਅਨ ਵੱਲੋਂ ਜੰਗਲਾਤ ਮਹਿਕਮੇ ਮੰਡਲ ਵੱਲੋਂ ਮਹਿਕਮੇ ਵਿਚ ਕੰਮ ਕਰਦਿਆਂ ਤਕਰੀਬਨ 30 ਮੁਲਾਜ਼ਮਾਂ ਨੂੰ ਬਿਨਾਂ ਕਿਸੇ ਕਾਰਨ ਨੌਕਰੀ ਤੋਂ ਵੱਖ ਕਰ ਦਿੱਤਾ ਗਿਆ ਹੈ, ਦੀ ਸਖਤ ਸ਼ਬਦਾਂ ਵਿਚ ਨਿਖਧੀ ਕੀਤੀ। ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਰਾਮ, ਚੇਅਰਮੈਨ ਸੂਬਾ ਸਿੰਘ, ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਮਲਕੀਤ ਸਿੰਘ, ਕਾਲਾ ਸਿੰਘ ਜ਼ਿਲ੍ਹਾ ਚੇਅਰਮੈਨ, ਗੁਰਦੀਪ ਸਿੰਘ ਵਰਕਿੰਗ ਪ੍ਰਧਾਨ ਫਿਰੋਜ਼ਪੁਰ ਨੇ ਦੱਸਿਆ ਕਿ ਜੰਗਲਾਤ ਮਹਿਕਮੇ ਵੱਲੋਂ ਮਨਮਰਜ਼ੀ ਕਰਕੇ ਚਹੇਤਿਆਂ ਨੂੰ ਨੌਕਰੀ 'ਤੇ ਰੱਖ ਕੇ ਦੂਜੇ ਮੁਲਾਜ਼ਮਾ ਨਾਲ ਧੱਕਾ ਕੀਤਾ ਗਿਆ ਹੈ। ਇਸ ਸੰਬਧੀ ਸੂਬਾ ਪ੍ਰਧਾਨ ਰੁਲਦੂ ਰਾਮ ਨੇ ਮਹਿਕਮੇ ਨੂੰ ਅਪੀਲ ਕੀਤੀ ਹੈ ਕਿ ਕੱਢੇ ਹੋਏ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ ਤੇ ਮਹਿਕਮੇ ਵਿਚ ਵਾਪਸ ਲਿਆ ਕੇ ਵਰਕਰਾਂ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਇਨਸਾਫ ਕੀਤਾ ਜਾਵੇ, ਨਹੀਂ ਤਾਂ ਯੂਨੀਅਨ ਵੱਲੋਂ ਫ਼ਿਰੋਜ਼ਪੁਰ ਵਿਖੇ ਰੋਸ ਰੈਲੀ ਕੀਤੀ ਜਾਵੇਗੀ। ਇਸ ਮੌਕੇ ਕੁਲਵੰਤ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਵੀਰ ਸਿੰਘ ਖਜ਼ਾਨਚੀ, ਕਰਨੈਲ ਸਿੰਘ ਐਡੀਟਰ ਵੀ ਹਾਜ਼ਰ ਸਨ।

## ਮਾਡਰਨ ਕਾਲਜ 'ਚ ਵਿਗਿਆਨ ਦਿਵਸ ਮੌਕੇ ਸਮਾਗਮ




**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮੌਕੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਹੇਠ ਸਮਾਗਮ ਕਰਾਇਆ ਗਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 1986 ਤੋਂ ਬਾਅਦ ਹਰ ਸਾਲ 28 ਫਰਵਰੀ ਨੂੰ ਨੈਸ਼ਨਲ ਸਾਇੰਸ ਡੇਅ ਮਨਾਇਆ ਜਾਂਦਾ ਹੈ। ਇਹ ਦੇਸ਼ ਦੇ ਮਹਾਨ ਵਿਗਿਆਨਿਕ ਸੀ.ਵੀ. ਰਮਨ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜਿਨ੍ਹਾਂ ਨੂੰ 1930 ਵਿੱਚ ਫਿਜ਼ਿਕਸ ਵਿਸ਼ੇ ਵਿੱਚ ਆਵਿਸ਼ਕਾਰ ਬਦਲੇ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। ਹਰ ਸਾਲ ਲੋਕਾਂ ਵਿੱਚ ਵਿਗਿਆਨ 'ਚ ਰੁਚੀ ਵਧਾਉਣ ਅਤੇ ਜਾਗਰੂਕਤਾ ਪੈਦਾ ਕਰਨਾ ਇਸ ਦਿਵਸ ਦਾ ਮੁੱਖ ਉਦੇਸ਼ ਹੈ। ਇਸਦੇ ਨਾਲ ਹੀ ਦੇਸ਼ ਵਿੱਚ ਪਰਮਾਣੂ ਉਰਜਾ ਦੇ ਪ੍ਰਤੀ ਲੋਕਾਂ ਦੇ ਡਰ ਨੂੰ ਦੂਰ ਕਰਨਾ ਵੀ ਹੈ। ਇਸ ਮੌਕੇ ਵਿਦਿਆਰਥੀਆਂ ਨੇ ਸਾਇੰਸ ਵਿਸ਼ੇ ਨਾਲ ਸਬੰਧਤ ਚਾਰਟ ਬਣਾਏ। ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਵਿਗਿਆਨ ਦਿਵਸ ਰੋਜ਼ਾਨਾ ਜੀਵਨ ਵਿੱਚ ਸਾਇੰਸ ਦੇ ਮਹੱਤਵ ਬਾਰੇ ਜਾਗਰੂਕ ਕਰਨਾ ਹੀ ਇਸ ਦਿਵਸ ਮਨਾਉਣ ਦਾ ਮੁੱਖ ਕਾਰਨ ਹੈ।

## ਡਾ. ਬਖ਼ਸ਼ੀ ਤੀਰਥ ਸਿੰਘ ਦੀ ਬਰਸੀ ਮੌਕੇ ਦੰਦਾਂ ਦਾ ਕੈਂਪ ਲਾਇਆ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੋਸ਼ਲ ਵੈਲਫੇਅਰ ਯੂਨਿਟ ਵੱਲੋਂ ਪੱਤਰਕਾਰ ਤੇ ਕਾਂਗਰਸੀ ਆਗੂ ਡਾਕਟਰ ਬਖ਼ਸ਼ੀ ਤੀਰਥ ਸਿੰਘ ਦੀ 32ਵੀਂ ਬਰਸੀ ਦੇ ਮੌਕੇ 'ਤੇ ਉਨ੍ਹਾਂ ਦੀ ਯਾਦ ਵਿੱਚ ਗੁਰੂਕੁਲ ਕਾਨਵੈਂਟ ਸਕੂਲ ਵਿਖੇ ਦੰਦਾਂ ਦਾ ਮੁਫ਼ਤ ਕੈਂਪ ਆਯੋਜਤ ਕੀਤਾ ਗਿਆ। ਕੈਂਪ ਵਿੱਚ ਦੰਦਾਂ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਮੀਨਾ ਸ਼ਰਮਾ ਵੱਲੋਂ ਸਕੂਲ ਦੇ ਛੇਵੀਂ ਸੱਤਵੀਂ ਤੇ ਨੌਵੀਂ ਜਮਾਤ ਦੇ 110 ਵਿਦਿਆਰਥੀਆਂ ਨੂੰ ਜਿੱਥੇ ਦੰਦਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਕੀਤਾ ਹੈ, ਉੱਥੇ ਉਨ੍ਹਾਂ ਦੰਦਾਂ ਦੀ ਸਫ਼ਾਈ ਲਈ ਬੁਰਸ਼ ਕਰਨ ਦੀ ਸਹੀ ਵਿਧੀ ਤੋਂ ਵੀ ਜਾਣੂ ਕਰਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਇਹ ਗੱਲ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਜ਼ਰੂਰ ਕੀਤਾ ਜਾਵੇ। ਵਿਦਿਆਰਥੀਆਂ ਨੂੰ ਮੁਫਤ ਬੁਰਸ਼ ਅਤੇ ਪੇਸਟ ਸੋਸ਼ਲ ਵੈਲਫੇਅਰ ਯੂਨਿਟ ਦੇ ਮੈਂਬਰ ਰਾਜ ਕੁਮਾਰ ਸਿੰਗਲਾ ਵੱਲੋਂ ਭੇਟ ਕੀਤੇ ਗਏ। ਸੋਸ਼ਲ ਵੈਲਫੇਅਰ ਯੂਨਿਟ ਦੇ ਚੇਅਰਮੈਨ ਮਲਕੀਤ ਸਿੰਘ ਚਾਂਗਲੀ ਤੇ ਪ੍ਰਧਾਨ ਸਤੀਸ਼ ਚੰਦਰ ਅਰੋੜਾ ਦੀ ਯੋਗ ਅਗਵਾਈ ਹੇਠ ਕੈਂਪ ਦਾ ਲਾਹਾ ਲੈਣ ਲਈ ਸਕੂਲ ਦੇ ਪ੍ਰਿੰਸੀਪਲ ਕਮਲੇਸ਼ ਬਖ਼ਸ਼ੀ ਤੇ ਵਾਈਸ ਪ੍ਰਿੰਸੀਪਲ ਸਾਲਵੀ ਬਖ਼ਸ਼ੀ ਨੇ ਇਸ ਕੈਂਪ ਦਾ ਸਹੀ ਲਾਹਾ ਲੈਣ ਲਈ ਵਿਦਿਆਰਥੀਆਂ ਨੂੰ ਘਰ ਜਾ ਕੇ ਪ੍ਰੇਰਤ ਕਰਨ ਲਈ ਕਿਹਾ।

## ਪਨਸਪ ਦੇ ਮੁਲਾਜ਼ਮਾਂ 'ਚ ਵਿੱਤ ਵਿਭਾਗ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੋਂ ਕੋਰੀ ਨਾਂਹ ਕਰਨ 'ਤੇ ਭਾਰੀ ਰੋਸ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ 'ਤੇ 5 ਜੁਲਾਈ 2021 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ 1 ਜਨਵਰੀ 2016 ਤੋਂ ਲਾਗੂ ਕਰ ਦਿੱਤੀਆਂ ਹਨ ਹਨ, ਪਰ ਅਫਸੋਸ ਕਿ ਪੰਜਾਬ ਸਟੇਟ ਸਿਵਲ ਸਪਲਾਈ ਕਾਰਪੋਰੇਸ਼ਨ ਲਿਮਟਿਡ ਦੇ ਮੁਲਾਜ਼ਮਾਂ 'ਤੇ ਇਹ ਸਿਫ਼ਾਰਸ਼ਾਂ ਅਜੇ ਤੱਕ ਲਾਗੂ ਨਹੀਂ ਕੀਤੀਆਂ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫਤਰ 1680/22-ਬੀ ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਪਨਸਪ ਦੀਆਂ ਹੋਰਨਾਂ ਮੁਲਾਜ਼ਮ ਕੈਟਾਗਰੀਆਂ ਦੇ ਨਾਲ ਚੌਥਾ ਦਰਜਾ ਮੁਲਾਜ਼ਮਾਂ 'ਤੇ ਵੀ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਨਹੀਂ ਕੀਤੀਆਂ ਗਈਆਂ। ਆਗੂਆਂ ਨੇ ਦੱਸਿਆ ਕਿ ਮਾਨਯੋਗ ਉੱਚ ਅਦਾਲਤ ਦੇ ਹੁਕਮਾਂ ਸਨਮੁੱਖ ਦਰਜਾ ਚਾਰ ਦਾ ਮੁੱਢਲਾ ਸਕੇਲ 6950/- ਰੁਪੈ ਲੈ ਰਹੇ ਕਰਮਚਾਰੀਆਂ ਨੂੰ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ 18000/- ਰੁਪੈ ਦਾ ਸਕੇਲ ਵੀ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਪਨਸਪ ਦੇ ਇੱਕ ਪੱਤਰ ਰਾਹੀਂ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਸਬੰਧੀ ਪੰਜਾਬ ਸਰਕਾਰ ਨੂੰ ਭੇਜੀ ਤਜਵੀਜ਼/ਏਜੰਡੇ ਨੂੰ ਆਪਣੇ ਪੱਤਰ ਨੰਬਰ 1227 ਮਿਤੀ 28/2/2023 ਰਾਹੀਂ ਅਸਹਿਮਤੀ ਪ੍ਰਗਟ ਕਰਦਿਆਂ ਛੇਵਾਂ ਤਨਖਾਹ ਕਮਿਸ਼ਨ ਪਨਸਪ ਦੇ ਮੁਲਾਜ਼ਮਾਂ 'ਤੇ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਹੈ। ਪੱਤਰ ਵਿੱਚ ਇਹ ਜ਼ਿਕਰ ਹੈ ਕਿ ਇਹ ਪੱਤਰ ਵਿੱਤ ਮੰਤਰੀ ਪੰਜਾਬ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ। ਇਸ ਮੁਲਾਜ਼ਮ ਵਿਰੋਧੀ ਫੈਸਲੇ ਕਾਰਨ ਸਮੂਹ ਪਨਸਪ ਮੁਲਾਜ਼ਮਾਂ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਹੈ। ਮੁਲਾਜ਼ਮ ਆਗੂਆਂ ਦਰਸ਼ਨ ਸਿੰਘ ਲੁਬਾਨਾ ਤੇ ਰਣਜੀਤ ਸਿੰਘ ਰਾਣਵਾਂ ਨੇ ਦੱਸਿਆ ਕਿ ਪਨਸਪ ਵਿੱਚ ਦਰਜਾ ਚਾਰ ਮੁਲਾਜ਼ਮਾਂ ਦੀਆਂ ਖਾਲੀ ਅਸਾਮੀਆਂ ਹੋਣ ਦੇ ਬਾਵਜੂਦ 10-20 ਸਾਲ ਦੀ ਸਰਵਿਸ ਦੇ ਦਿਹਾੜੀਦਾਰ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਰਿਹਾ। ਪੰਜਾਬ ਸਰਕਾਰ ਦੇ ਇਸ ਮੁਲਾਜ਼ਮ ਮਾਰੂ ਫੈਸਲੇ ਵਿਰੁੱਧ ਪਨਸਪ ਦੇ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ 'ਤੇ ਸੰਘਰਸ਼ ਅਰੰਭ ਕੀਤਾ ਜਾਵੇਗਾ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਇਸ ਹੱਕੀ ਸੰਘਰਸ਼ ਦੀ ਪੂਰਨ ਹਮਾਇਤ ਕਰੇਗੀ।

## ਰੋਟਰੀ ਕਲੱਬ ਵੱਲੋਂ ਅੱਖਾਂ ਦੀ ਮੁਫਤ ਜਾਂਚ ਤੇ ਆਪ੍ਰੇਸ਼ਨ ਕੈਂਪ



**ਨਾਭਾ (ਵਰਿੰਦਰ ਵਰਮਾ)**

ਸਵ. ਸੁੰਦਰ ਸਿੰਘ ਤੇ ਸਵ. ਮਾਨਸ ਕੌਰ ਅਤੇ ਸਵ. ਬੀ ਐੱਸ ਬੀਰ ਤੇ ਸਵ. ਗੁਰਮੀਤ ਕੌਰ ਦੀ ਨਿੱਘੀ ਯਾਦ ਵਿੱਚ ਰੋਟਰੀ ਕਲੱਬ ਨਾਭਾ ਪ੍ਰਧਾਨ ਐਡਵੋਕੇਟ ਭਾਰਤ ਭੂਸ਼ਨ ਜੈਨ (ਨਿਤਿਨ) ਦੀ ਅਗਵਾਈ ਹੇਠ ਅੱਖਾਂ ਦਾ ਮੁਫਤ ਜਾਂਚ ਤੇ ਆਪ੍ਰੇਸ਼ਨ ਕੈਂਪ ਰੋਟਰੀ ਭਵਨ ਪਟਿਆਲਾ ਗੇਟ ਨਾਭਾ ਵਿਖੇ ਲਗਾਇਆ ਗਿਆ। ਕੈਂਪ ਵਿੱਚ ਪ੍ਰੋਜੈਕਟ ਚੇਅਰਮੈਨ ਦਲਜੀਤ ਸਿੰਘ ਸੰਧੂ, ਪ੍ਰਧਾ ਨ ਨਿਤਿਨ ਜੈਨ ਤੇ ਜਨਰਲ ਸਕੱਤਰ ਰਵਨੀਸ਼ ਗੋਇਲ, ਸਾਬਕਾ ਸਿਵਲ ਸਰਜਨ ਡਾ. ਆਈ ਡੀ ਗੋਇਲ ਤੇ ਸਮੂਹ ਮੈਂਬਰਾਂ ਨੇ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਕੈਂਪ ਵਿੱਚ ਡਾਕਟਰ ਡਾ. ਅਤੁਲ ਕੱਕੜ (ਅੱਖਾਂ ਦੇ ਮਾਹਰ) ਕੱਕੜ ਆਈ ਹਸਪਤਾਲ ਪਟਿਆਲਾ ਤੇ ਡਾ. ਐੱਚ ਐੱਸ ਰੰਧਾਵਾ ਨੇ ਆਪਣੀ ਟੀਮ ਨਾਲ 460 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਤੇ 100 ਦੇ ਕਰੀਬ ਮਰੀਜ਼ਾਂ ਦੇ ਆਪ੍ਰੇਸ਼ਨ ਕੀਤੇ ਜਾਣਗੇ। ਇਸ ਮੌਕੇ ਡਾ. ਅਤੁਲ ਕੱਕੜ ਨੇ ਮਰੀਜ਼ਾਂ ਨੂੰ ਅੱਖਾਂ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕੀਤਾ। ਮਰੀਜ਼ਾਂ ਨੂੰ ਦਵਾਈਆਂ ਕਲੱਬ ਵੱਲੋਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਜਸਪਾਲ ਜੁਨੇਜਾ, ਜੀਵਨ ਪ੍ਰਕਾਸ਼ ਬਾਂਸਲ, ਵੇਦ ਪ੍ਰਕਾਸ਼ ਡੱਲਾ, ਰਾਮ ਕ੍ਰਿਸ਼ਨ ਭੱਲਾ, ਦਰਸ਼ਨ ਅਰੋੜਾ, ਵਿਨਾਇਕ ਮਲਹੋਤਰਾ, ਰਾਜ ਕੁਮਾਰ ਜੇਟਵਾਨੀ, ਡਾਕਟਰ ਜੇ ਪੀ ਨਰੂਲਾ, ਅਨਿਲ ਰਾਣਾ, ਨਿਤਿਨ ਗੁਪਤਾ ਆਦਿ ਹਾਜ਼ਰ ਸਨ।

## ਜ਼ਿਲ੍ਹਾ ਤੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੇਵਾਮੁਕਤ



**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਜ਼ਿਲ੍ਹਾ ਬਰਨਾਲਾ ਵਿਖੇ ਤਾਇਨਾਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰੇਨੂੰ ਬਾਲਾ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਹਰਕੰਵਲਜੀਤ ਕੌਰ ਵਿਭਾਗ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਮਗਰੋਂ ਸੇਵਾਮੁਕਤ ਹੋ ਗਏ ਹਨ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਸਰਬਜੀਤ ਸਿੰਘ ਤੂਰ ਤੇ ਡਿਪਟੀ ਡੀ ਈ ਓ ਮੈਡਮ ਵਸੁੰਧਰਾ ਕਪਿਲਾ ਦੀ ਅਗਵਾਈ 'ਚ ਦਫ਼ਤਰ ਕਰਮਚਾਰੀਆਂ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਜ਼ਿਲ੍ਹਾ ਸਿੱਖਿਆ ਅਫ਼ਸਰ ਸਰਬਜੀਤ ਸਿੰਘ ਤੂਰ ਨੇ ਕਿਹਾ ਕਿ ਡੀ ਈ ਓ ਮੈਡਮ ਰੇਨੂੰ ਬਾਲਾ ਤੇ ਡਿਪਟੀ ਡੀ ਈ ਓ ਮੈਡਮ ਹਰਕੰਵਲਜੀਤ ਕੌਰ ਵੱਲੋਂ ਬਹੁਤ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਵੱਖ ਵੱਖ ਅਹੁਦਿਆਂ 'ਤੇ ਰਹਿੰਦੇ ਹੋਏ ਸਿੱਖਿਆ ਵਿਭਾਗ 'ਚ ਸੇਵਾ ਕੀਤੀ ਹੈ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਵਸੁੰਧਰਾ ਕਪਿਲਾ ਨੇ ਕਿਹਾ ਕਿ ਦੋਵੇਂ ਅਧਿਕਾਰੀ ਸੇਵਾਮੁਕਤ ਹੋ ਰਹੇ ਹਨ, ਪਰ ਉਨ੍ਹਾਂ ਵੱਲੋਂ ਕੀਤੀਆਂ ਸੇਵਾਵਾਂ ਦੀ ਕਮੀ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ।

ਜ਼ਿਲ੍ਹਾ ਮੁਲਾਂਕਣ ਤੇ ਸਮਰਥਨ ਟੀਮ ਇੰਚਾਰਜ ਪ੍ਰਿੰਸੀਪਲ ਬਰਜਿੰਦਰਪਾਲ ਸਿੰਘ ਨੇ ਸੇਵਾਮੁਕਤੀ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਸੇਵਾਮੁਕਤ ਜ਼ਿੰਦਗੀ ਦਾ ਇੱਕ ਨਵਾਂ ਪੜਾਅ ਹੈ। ਇਸ ਮੌਕੇ ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲ, ਬਲਾਕ ਨੋਡਲ ਅਫ਼ਸਰ, ਜ਼ਿਲ੍ਹਾ ਸਿੱਖਿਆ ਦਫ਼ਤਰ ਦੇ ਕਰਮਚਾਰੀਆਂ ਵੱਲੋਂ ਸੇਵਾਮੁਕਤ ਅਧਿਕਾਰੀਆਂ ਨੂੰ ਸਨਮਾਨਤ ਕੀਤਾ ਗਿਆ।

## ਦੰਦਾਂ ਦੇ ਮੁਫ਼ਤ ਪੰਦਰਵਾੜੇ ਦੀ ਸਮਾਪਤੀ ਮੌਕੇ ਮੁਫ਼ਤ ਬੀੜ ਵੰਡੇ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਾਕਟਰ ਰਾਜਿੰਦਰ ਪਾਲ ਸਿਵਲ ਸਰਜਨ ਫ਼ਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾਕਟਰ ਸੰਦੀਪ ਬੁਬਰੀਆ ਜ਼ਿਲ੍ਹਾ ਡੈਂਟਲ ਸਿਹਤ ਅਫਸਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਵਨੀਤਾ ਭੁੱਲਰ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਦੰਦਾਂ ਦੇ ਮੁਫ਼ਤ ਪੰਦਰਵਾੜੇ ਦੀ ਸਮਾਪਤੀ ਮੌਕੇ ਮੁਫ਼ਤ ਬੀੜ ਵੰਡੇ ਗਏ। ਇਹ ਪੰਦਰਵਾੜਾ 16 ਫਰਵਰੀ 2023 ਤੋਂ 2 ਮਾਰਚ 2023 ਤੱਕ ਸਿਵਲ ਹਸਪਤਾਲ ਦੇ ਦੰਦਾਂ ਦੇ ਵਿਭਾਗ ਅੰਦਰ ਚੱਲ ਰਿਹਾ ਸੀ।ਇਸ ਦੌਰਾਨ ਦੰਦਾਂ ਦੇ ਡਾ. ਪੰਕਜ ਗੁਪਤਾ ਨੇ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ ਲਗਭਗ 575 ਮਰੀਜ਼ਾਂ ਦੇ ਦੰਦਾਂ ਦੇ ਚੈੱਕਅੱਪ ਕਰਕੇ ਉਨ੍ਹਾਂ ਦਾ ਬਣਦਾ ਇਲਾਜ ਕੀਤਾ ਗਿਆ।ਉਨ੍ਹਾਂ ਜਾਣਕਾਰੀ ਦਿੰਦਿਆਂ ਆਖਿਆ ਕਿ ਜਿਹੜੇ ਮਰੀਜ਼ਾਂ ਦੇ ਦੰਦਾਂ ਦੇ ਟੁੱਟ ਜਾਣ ਤੋਂ ਬਾਅਦ ਉਹ ਖਾਣਾ ਖਾਣ ਤੋਂ ਅਸਮਰੱਥ ਸਨ, ਉਨ੍ਹਾਂ ਮਰੀਜ਼ਾਂ ਨੂੰ ਮੁਫ਼ਤ ਦੰਦਾਂ ਦੇ ਦਸ ਬੀੜ ਲਗਾਏ ਗਏ। ਇਸ ਕੈਂਪ ਦੌਰਾਨ 200 ਦੇ ਕਰੀਬ ਸਕੂਲੀ ਬੱਚਿਆਂ ਦਾ ਵੀ ਇਲਾਜ ਕਰਕੇ ਉਨ੍ਹਾਂ ਨੂੰ ਦੰਦਾਂ ਦੀਆਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗ੍ਰਿਤ ਕੀਤਾ ਗਿਆ।ਇਸ ਕੈਂਪ ਦੌਰਾਨ ਡਾ. ਅੰਜਲੀ ਸ਼ੁਕਲਾ ਨੇ ਮਰੀਜ਼ਾਂ ਦੇ ਚੈੱਕਅੱਪ ਵਿੱਚ ਪੂਰਨ ਸਹਿਯੋਗ ਦਿੱਤਾ।ਇਸ ਵਿੱਚ ਹੋਰਨਾਂ ਤੋਂ ਇਲਾਵਾ ਡਾਕਟਰ ਨਵੀਂਨ ਸੇਠੀ, ਡਾ. ਜਤਿੰਦਰ ਕੋਛੜ, ਡਾਕਟਰ ਆਕਾਸ਼ ਅਗਰਵਾਲ, ਡਾਕਟਰ ਸੌਰਭ, ਨਰਿੰਦਰ ਸ਼ਰਮਾ ਆਦਿ ਹਾਜ਼ਰ ਸਨ।

## ...ਸ.ਫ਼ਾ 3 ਦੇ ਬਾਕੀ

### ਉੱਘੇ ਸਾਹਿਤਕਾਰ ਜਨਕ...

ਕਿਸੇ ਇੱਕ ਦਾ ਵੀ ਬਿਆਨ ਦਰਜ ਨਾ ਕਰਦਿਆਂ ਮੌਕੇ ਤੋਂ ਹਿਰਾਸਤ ਵਿੱਚ 'ਲਏ ਜਾਂ ਲੈਣੇ ਪੈ ਗਏ' ਕੁਝ ਲੋਕਾਂ ਖਿਲਾਫ ਕੇਵਲ 107/51 ਦੀ ਕਾਰਵਾਈ ਕਰਕੇ ਕਥਿਤ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਤੋਂ ਪੱਲਾ ਝਾੜ ਦਿੱਤਾ ਗਿਆ। ਸਿਰੇ ਦੀ ਇਸ ਵਹਿਸ਼ੀ ਘਟਨਾ ਦੇ ਸੰਬੰਧ ਵਿੱਚ ਪੁਲਸ ਦਾ ਪੱਖ ਜਾਨਣ ਲਈ ਜਦੋਂ ਐੱਸ ਐੱਚ ਓ ਥਾਣਾ ਤਲਵੰਡੀ ਸਾਬੋ ਨਾਲ ਉਨ੍ਹਾਂ ਦੇ ਫੋਨ ਨੰਬਰ 75080-18116 ਉਪਰ ਸੰਪਰਕ ਕੀਤਾ ਗਿਆ ਤਾਂ ਇਸ ਘਟਨਾ ਪ੍ਰਤੀ ਉਨ੍ਹਾਂ ਕੁਝ ਵੀ ਕਹਿਣ ਜਾਂ ਦੱਸਣ ਤੋਂ ਨਾਂਹ ਕਰ ਦਿੱਤੀ। ਉਧਰ ਇਸ ਮਾਮਲੇ ਨੂੰ ਲੈ ਕੇ ਸੋਸ਼ਲ ਮੀਡੀਆ ਉੱਪਰ ਤੇਜ਼ੀ ਨਾਲ ਵਾਇਰਲ ਹੋ ਰਹੀ ਇੱਕ ਖ਼ਬਰ ਦਾ ਹੀ ਇਹ ਨਤੀਜਾ ਸੀ ਕਿ ਫੌਜਦਾਰੀ ਜ਼ਾਬਤੇ ਦੀ ਧਾਰਾ 107/51 ਵਿੱਚ ਪਾਬੰਦ ਕਰਵਾ ਕੇ ਕਥਿਤ ਦੋਸ਼ੀਆਂ ਨੂੰ ਰਿਹਾਅ ਕਰਨ ਵਾਲੀ ਸਥਾਨਕ ਪੁਲਸ ਨੂੰ ਖੜ੍ਹੇ ਪੈਰ ਹੀ ਉਨ੍ਹਾਂ ਖਿਲਾਫ ਮੁਕੱਦਮਾ ਨੰਬਰ 41 ਮਿਤੀ 1-3-2023 ਅਧੀਨ ਧਾਰਾ 452, 323, 34 ਆਈ ਪੀ ਸੀ ਦਰਜ ਕਰਨ ਲਈ ਮਜਬੂਰ ਹੋਣਾ ਪੈ ਗਿਆ। ਉਕਤ ਮੁਕੱਦਮੇ ਵਿੱਚ ਕਥਿਤ ਦੋਸ਼ੀਆਂ ਵਜੋਂ ਵਿਖਾਏ ਗਏ ਲੋਕਾਂ ਵਿਚ ਮੁਨੀਸ਼ ਗਰਗ ਪਰਸ ਰਾਮ ਨਗਰ ਬਠਿੰਡਾ ਅਤੇ ਅਮਨਦੀਪ ਪੁੱਤਰ ਅਵਤਾਰ ਸਿੰਘ ਵਾਸੀ ਸਿਵੀਆਂ ਤੋਂ ਇਲਾਵਾ ਇੱਕ ਲੜਕੀ ਕੋਮਲ ਪੁੱਤਰੀ ਵਿਨੋਦ ਕੁਮਾਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਦੀ ਮੁਕੱਦਮੇ ਵਿੱਚ ਰਿਹਾਇਸ਼ ਕੁਆਰਟਰ ਨੰਬਰ 8 ਪੁਲਸ ਲਾਈਨ ਬਠਿੰਡਾ ਦਰਜ ਕੀਤੀ ਗਈ ਹੈ। ਉਕਤ ਜਵਾਨ-ਜਹਾਨ ਲੜਕੀ ਕੀ ਕੋਈ ਪੁਲਸ ਮੁਲਾਜ਼ਮ ਹੈ? ਇਹ ਤਾਂ ਪਤਾ ਨਹੀਂ, ਪਰ ਇਥੇ ਹੋਏ ਕਥਿਤ ਖੂਨ-ਖਰਾਬੇ (ਝਗੜੇ) ਦੇ ਵਕਤ ਉਹ ਕਿਵੇਂ, ਕਿਉਂ ਤੇ ਕਿਹੜੀਆਂ ਹਾਲਤਾਂ ਵਿੱਚ ਉਥੇ ਹਾਜ਼ਰ ਸੀ, ਹਾਲੇ ਭੇਦ ਬਣਿਆ ਹੋਇਆ ਹੈ, ਜਾਂਚ-ਪੜਤਾਲ ਦਾ ਵਿਸ਼ਾ ਹੈ।

## ਆਈ ਜੀ ਸਕਿਉਰਟੀ ਤੇ ਐੱਸ ਐੱਸ ਪੀ ਵੱਲੋਂ ਐੱਮ ਟੀ ਸੈਕਸ਼ਨ, ਐੱਮ ਐੱਸ ਕੇ ਤੇ ਥਾਣੇ ਦੀ ਚੈਕਿੰਗ

### ਪੁਲਸ ਦੇ ਕੰਮ-ਕਾਜ ਨੂੰ ਸਰਬਉੱਤਮ ਢੰਗ ਨਾਲ ਚਲਾਉਣਾ ਸਾਡੀ ਜ਼ਿੰਮੇਵਾਰੀ : ਹਰਮਨਬੀਰ ਸਿੰਘ ਗਿੱਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਮਾਨਯੋਗ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਗੌਰਵ ਯਾਦਵ ਆਈ.ਪੀ.ਐੱਸ. ਡੀ.ਜੀ.ਪੀ. ਪੰਜਾਬ ਵੱਲੋਂ ਸੂਬੇ ਵਿੱਚ ਪੁਲਸ ਕਾਰਜ ਪ੍ਰਣਾਲੀ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਦਿੱਤੇ ਆਦੇਸ਼ਾਂ ਤਹਿਤ ਅੱਜ ਸ਼ਿਵੇ ਕੁਮਾਰ ਵਰਮਾ ਆਈ.ਜੀ.ਪੀ. ਸਕਿਉਰਟੀ ਪੰਜਾਬ ਚੰਡੀਗੜ੍ਹ ਤੇ ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੁਲਸ ਲਾਈਨ ਵਿਖੇ ਐੱਮ ਟੀ ਸੈਕਸ਼ਨ, ਐੱਮ ਐੱਸ ਕੇ ਦਫਤਰ ਤੇ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿੱਥੇ ਪੁਲਸ ਦੇ ਕੰਮ ਕਾਜ ਦਾ ਜਾਇਜ਼ਾ ਲਿਆ, ਨਾਲ ਹੀ ਡਿਊਟੀ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਮੌਕੇ ਸ਼੍ਰੀ ਕੁਲਵੰਤ ਰਾਏ ਐੱਸ ਪੀ (ਐੱਚ), ਸ੍ਰ. ਅਵਤਾਰ ਸਿੰਘ ਡੀ.ਐੱਸ.ਪ. (ਐੱਚ) ਹਾਜ਼ਰ ਸਨ।

ਇਸ ਮੌਕੇ ਐੱਸ.ਐੱਸ.ਪੀ. ਸ੍ਰ. ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਹਰ ਰੋਜ਼ ਹੀ ਜ਼ਿਲ੍ਹੇ ਅੰਦਰ ਇੱਕ ਥਾਣਾ ਤੇ ਇੱਕ ਚੌਕੀ ਨੂੰ ਚੁਣ ਕੇ ਉੱਥੇ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਥਾਣਿਆਂ ਵਿੱਚ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ ਅਤੇ ਕੋਈ ਡਿਊਟੀ ਵਿੱਚ ਕਮੀ ਨਾ ਆਵੇ, ਇਸ ਲਈ ਥਾਣਿਆਂ ਅੰਦਰ 55% ਪੁਲਸ ਫੋਰਸ ਦੀ ਡਿਊਟੀ ਲਗਾਈ ਗਈ ਹੈ। ਇਨ੍ਹਾਂ ਪੁਲਸ ਮੁਲਾਜ਼ਮਾਂ ਦੀ ਹਾਜ਼ਰੀ ਚੈੱਕ ਕੀਤੀ ਜਾ ਰਹੀ ਹੈ ਕਿ ਕਿਤੇ ਕੋਈ ਮੁਲਾਜ਼ਮ ਬਿਨਾਂ ਕਿਸੇ ਆਡਰਾਂ ਤੋਂ ਕੋਈ ਬਾਹਰਲੀ ਡਿਊਟੀ ਤਾਂ ਨਹੀਂ ਕਰ ਰਿਹਾ ਜਾਂ ਥਾਣਿਆਂ ਵਿੱਚ ਪੁਲਸ ਫੋਰਸ ਤੋਂ ਕੋਈ ਹੋਰ ਕੰਮ ਤਾਂ ਨਹੀਂ ਲਿਆ ਜਾ ਰਿਹਾ। ਉਨ੍ਹਾ ਕਿਹਾ ਕਿ ਥਾਣਿਆਂ ਅੰਦਰ ਇੱਕ ਸਾਲ ਤੋਂ ਪੁਰਾਣੀਆ ਦਰਖਾਸਤਾਂ ਤੇ ਪੈਂਡਿੰਗ ਮੁਕੱਦਿਆਂ, ਮਰਗਾਂ 174 ਦਾ ਨਿਪਟਰਾ ਕਰਨ ਬਾਰੇ ਚੈਕਿੰਗ ਕੀਤੀ ਜਾ ਰਹੀ ਹੈ। ਇਨ੍ਹਾਂ ਦਾ ਛੇਤੀ ਤੋਂ ਛੇਤੀ ਨਿਪਟਾਰਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਇਨਸਾਫ ਮਿਲ ਸਕੇ। ਉਨ੍ਹਾ ਦੱਸਿਆ ਕਿ ਸ੍ਰੀ ਸ਼ਿਵ ਕੁਮਾਰ ਵਰਮਾ ਆਈ.ਪੀ.ਐੱਸ. ਵੱਲੋਂ ਅੱਜ ਪੁਲਸ ਲਾਈਨ ਵਿਖੇ ਐੱਮ ਟੀ ਸੈਕਸ਼ਨ, ਐੱਮ.ਐੱਸ.ਕੇ. ਦਫਤਰਾਂ ਵਿੱਚ ਐਂਟੀ. ਰਾਈਟ, ਸਾਜ਼ੋ ਸਾਮਾਨ, ਕੈਨ ਸ਼ੀਲਡਾਂ, ਲਾਠੀਆਂ, ਬਾਡੀ ਪਰੋਟੈਕਟਰ, ਮਿਗਾ ਸਿਸਟਮ, ਸਰਚ ਲਾਈਟ ਤੇ ਉਨ੍ਹਾਂ ਦੇ ਰਜਿਸਟਰਾਂ ਮੁਤਬਾਕ ਤਿਆਰ ਕੀਤੀਆਂ ਲਿਸਟਾਂ ਦੀ ਚੈਕਿੰਗ ਕੀਤੀ ਗਈ ਤੇ ਐੱਮ.ਐੱਸ.ਕੇ. ਸਟਾਫ ਤੋਂ ਜ਼ਰੂਰਤ ਸਮੇਂ ਇਨ੍ਹਾਂ ਦੀ ਵਰਤੋਂ ਕਰਨ ਬਾਰੇ ਜਾਣਕਾਰੀ ਹਾਸਲ ਕੀਤੀ ਗਈ।

## ਸੁਪਰੀਮ ਕੋਰਟ ਪਹੁੰਚਿਆ ਡੇਰਾ ਮੁਖੀ ਦੇ ਅਸਲੀ-ਨਕਲੀ ਦਾ ਰੱਫੜ

### *ਸੁਣਵਾਈ 13 ਮਾਰਚ ਨੂੰ, ਕੇਂਦਰ ਤੇ ਹਰਿਆਣਾ ਸਰਕਾਰ ਨੂੰ ਬਣਾਇਆ ਧਿਰ*

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹੁਣ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਦੇ ਅਸਲੀ-ਨਕਲੀ ਹੋਣ ਦੇ ਦਾਅਵੇ ਦਾ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ ਹੈ।ਡੇਰਾ ਪੈਰੋਕਾਰ ਡਾਕਟਰ ਮੋਹਿਤ ਇੰਸਾ ਨੇ ਸੁਪਰੀਮ ਕੋਰਟ ਵਿੱਚ ਰਿੱਟ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ 13 ਮਾਰਚ ਨੂੰ ਹੋਵੇਗੀ।ਇਸ ਵਿੱਚ ਕੇਂਦਰ ਤੇ ਹਰਿਆਣਾ ਸਰਕਾਰ ਨੂੰ ਧਿਰ ਬਣਾਇਆ ਗਿਆ ਹੈ।ਰਿੱਟ ਨੂੰ ਸਵੀਕਾਰ ਕਰਦਿਆਂ ਸੁਪਰੀਮ ਕੋਰਟ ਨੇ 13 ਮਾਰਚ ਨੂੰ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ।ਇਸ ਤੋਂ ਪਹਿਲਾਂ ਵੀ ਜੁਲਾਈ 2022 'ਚ ਡੇਰਾ ਮੁਖੀ ਦੀ ਪੈਰੋਲ ਦੇ ਸਮੇਂ ਮੋਹਿਤ ਇੰਸਾ ਤੇ 19 ਹੋਰਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਸ ਮਾਮਲੇ 'ਤੇ ਪੀ ਐੱਲ ਏ ਦਾਇਰ ਕੀਤੀ ਸੀ, ਪਰ ਹਾਈ ਕੋਰਟ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਦੂਜੇ ਪਾਸੇ ਡੇਰਾ ਟਰੱਸਟੀ ਨੇ ਵੀ ਮੋਹਿਤ ਇੰਸਾ ਖ਼ਿਲਾਫ਼ ਦਿੱਲੀ ਦੀ ਤੀਸ ਹਜ਼ਾਰੀ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੈ ਤੇ ਨਾਲ ਹੀ ਮੋਹਿਤ ਇੰਸਾ ਖਿਲਾਫ ਸਿਰਸਾ ਦੀ ਅਦਾਲਤ 'ਚ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਮਾਮਲਾ ਦਰਜ ਹੋਇਆ ਤਾਂ ਉਸ ਨੂੰ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਹੈ।ਇਥੇ ਇਹ ਦੱਸ ਦੇਈਏ ਕਿ ਡੇਰਾ ਪ੍ਰੇਮੀਆਂ ਦਾ ਇੱਕ ਵਰਗ ਡੇਰਾ ਪ੍ਰਬੰਧਨ ਖਿਲਾਫ ਲਗਾਤਾਰ ਭੁਗਤ ਰਿਹਾ ਹੈ। ਇਸ ਧੜੇ ਨੇ ਡੇਰਾ ਮੁਖੀ ਦੇ ਦੰਦਾਂ ਦੇ ਨਕਲੀ ਹੋਣ ਦਾ ਦਾਅਵਾ ਵੀ ਕੀਤਾ ਹੈ।ਮੋਹਿਤ ਇੰਸਾ ਖੁਦ ਦੰਦਾਂ ਦੇ ਡਾਕਟਰ ਹਨ। ਹੁਣ ਡੇਰਾ ਮੁਖੀ ਪੈਰੋਲ ਖ਼ਤਮ ਹੋਣ ਤੇ ਰੋਹਤਕ ਤੀ ਸੁਨਾਰੀਆਂ ਜੇਲ੍ਹ ਵਿੱਚ ਵਾਪਸੀ ਕਰੇਗਾ।

## ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ 5 ਨੂੰ

**ਜਗਰਾਉਂ (ਅਮਿਤ ਖੰਨਾ)**-ਸਵ: ਜਗਜੀਤ ਸਿੰਘ ਭੰਡਾਰੀ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ (ਰਜਿ:) ਵੱਲੋਂ ਸੀ.ਐੱਮ.ਸੀ ਹਸਪਤਾਲ ਦੇ ਸਹਿਯੋਗ ਨਾਲ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ 5 ਮਾਰਚ ਨੂੰ ਸਵੇਰੇ 10:00 ਵਜੇ ਤੋਂ 2:00 ਵਜੇ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਸਾਹਮਣੇ ਰੇਲਵੇ ਸਟੇਸ਼ਨ ਵਿਖੇ ਲਾਇਆ ਜਾਵੇਗਾ।

ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ, ਕੈਸ਼ੀਅਰ ਸੁਨੀਲ ਬਜਾਜ ਅਤੇ ਪ੍ਰੋਜੈਕਟ ਚੇਅਰਮੈਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੇ ਦੱਸਿਆ ਕਿ ਕੈਂਪ ਵਿੱਚ ਡਾ. ਗੁਰਭੇਜ ਸਿੰਘ ਦਿਲ ਦੀਆਂ ਬਿਮਾਰੀਆਂ ਦੇ ਮਾਹਿਰ ਸੀ ਐੱਮ ਸੀ ਹਸਪਤਾਲ ਲੁਧਿਆਣਾ ਮਰੀਜ਼ਾਂ ਦਾ ਚੈੱਕਅਪ ਕਰਕੇ ਦਵਾਈਆਂ ਮੁਫ਼ਤ ਦੇਣਗੇ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਈ ਸੀ ਜੀ ਮੁਫ਼ਤ ਕੀਤੀ ਜਾਵੇਗੀ ਤੇ ਸੁਸਾਇਟੀ ਵੱਲੋਂ ਭੇਜੇ ਮਰੀਜ਼ਾਂ ਨੂੰ ਹਸਪਤਾਲ ਵਿਖੇ ਖ਼ਾਸ ਡਿਸਕਾਊਂਟ ਦਿੱਤਾ ਜਾਵੇਗਾ। ਉਨ੍ਹਾਂ ਮਰੀਜ਼ਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ।

**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 18.1.2023 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫ਼ਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਓ ਡੀ ਟੀ ਲਿਮਟ ਅਤੇ ਡਬਲਯੂ ਸੀ ਟੀ ਐੱਲ ਈ ਸੀ ਜੀ ਐੱਲ ਐੱਸ 'ਚ ਕਰਜ਼ਦਾਰ) : ਮੈਸ. ਨੇਹਲ ਬੁਟੀਕ ਦੁਕਾਨ ਨੰ: 21, ਸਾਈ ਮਾਰਕਿਟ, ਪਹਿਲੀ ਮੰਜ਼ਲ, ਕ੍ਰਿਸ਼ਨਾ ਨਗਰ ਚੌਕ, ਖੰਨਾ, ਜ਼ਿਲ੍ਹਾ ਲੁਧਿਆਣਾ 'ਚ ਸਥਿਤ ਰਾਹੀਂ ਇਸ ਦੇ ਹਿੱਸੇਦਾਰ : ਸ੍ਰੀਮਤੀ ਰਿਤੂ ਲਾਂਬਾ ਪਤਨੀ ਬਬਲੂ ਲਾਂਬਾ ਵਾਸੀ ਗਲੀ ਨੰ: 1, ਸਾਹਮਣੇ ਪਰਮ ਹੰਸ ਸਕੂਲ, ਕਰਤਾਰ ਨਗਰ, ਖੰਨਾ, ਜ਼ਿਲ੍ਹਾ ਲੁਧਿਆਣਾ-141401
2. (ਹਾਊਸਿੰਗ ਲੋਨ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀਮਤੀ ਰਿਤੂ ਲਾਂਬਾ ਪਤਨੀ ਬਬਲੂ ਲਾਂਬਾ ਵਾਸੀ ਗਲੀ ਨੰ: 1, ਸਾਹਮਣੇ ਪਰਮ ਹੰਸ ਸਕੂਲ, ਕਰਤਾਰ ਨਗਰ, ਖੰਨਾ, ਜ਼ਿਲ੍ਹਾ ਲੁਧਿਆਣਾ-141401
3. (ਹਾਊਸਿੰਗ ਲੋਨ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਬਬਲੂ ਲਾਂਬਾ ਪੁੱਤਰ ਦਰਸ਼ਨ ਲਾਲ ਵਾਸੀ ਗਲੀ ਨੰ: 1, ਸਾਹਮਣੇ ਪਰਮ ਹੰਸ ਸਕੂਲ, ਕਰਤਾਰ ਨਗਰ, ਖੰਨਾ, ਜ਼ਿਲ੍ਹਾ ਲੁਧਿਆਣਾ-141401 ਇਹ ਵੀ : ਸ੍ਰੀ ਬਬਲੂ ਲਾਂਬਾ ਪੁੱਤਰ ਦਰਸ਼ਨ ਲਾਲ ਵਾਸੀ ਮਕਾਨ ਨੰ: ਐੱਫ-3, ਜਗਤ ਕਾਲੋਨੀ, ਗਲੀ ਨੰ: 1 ਤੋਂ 6, ਖੰਨਾ, ਜ਼ਿਲ੍ਹਾ ਲੁਧਿਆਣਾ-141401
4. (ਓ ਡੀ ਲਿਮਟ, ਐੱਲ ਏ ਪੀ, ਹਾਊਸਿੰਗ ਲੋਨ ਅਤੇ ਡਬਲਯੂ ਸੀ ਟੀ ਐੱਲ ਈ ਸੀ ਜੀ ਐੱਲ ਐੱਸ 'ਚ ਗਰੰਟਰ) : ਸ੍ਰੀ ਨਰੇਸ਼ ਕੁਮਾਰ ਵਿਜ ਪੁੱਤਰ ਰੁਲੀਆ ਰਾਮ ਵਿਜ, ਵਾਸੀ ਮਕਾਨ ਨੰ: 1235, ਗਲੀ ਨੰ: 1, ਨੇੜੇ ਬਾਬਾ ਬਾਲਕ ਨਾਥ ਮੰਦਰ, ਕ੍ਰਿਸ਼ਨਾ ਨਗਰ, ਖੰਨਾ, ਲੁਧਿਆਣਾ-141401
5. (ਓ ਡੀ ਟੀ ਲਿਮਟ ਅਤੇ ਡਬਲਯੂ ਸੀ ਟੀ ਐੱਲ ਈ ਸੀ ਜੀ ਐੱਲ ਐੱਸ 'ਚ ਗਰੰਟਰ) : ਸ੍ਰੀ ਬਬਲੂ ਲਾਂਬਾ ਪੁੱਤਰ ਦਰਸ਼ਨ ਲਾਲ ਵਾਸੀ ਗਲੀ ਨੰ: 1, ਸਾਹਮਣੇ ਪਰਮ ਹੰਸ ਸਕੂਲ, ਕਰਤਾਰ ਨਗਰ, ਖੰਨਾ, ਜ਼ਿਲ੍ਹਾ ਲੁਧਿਆਣਾ-141401, ਇਹ ਵੀ : ਸ੍ਰੀ ਬਬਲੂ ਲਾਂਬਾ ਪੁੱਤਰ ਦਰਸ਼ਨ ਲਾਲ ਵਾਸੀ ਮਕਾਨ ਨੰ: ਐੱਫ-3, ਜਗਤ ਕਲੋਨੀ, ਗਲੀ ਨੰ: 1 ਤੋਂ 6, ਖੰਨਾ, ਜ਼ਿਲ੍ਹਾ ਲੁਧਿਆਣਾ-141401

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.1.2023 ਤੋਂ ਬਿਨ੍ਹਾ ਵਿਆਜ) |
|---|---|---|
| ODT/038400000008 | Rs. 5,00,000/- | Rs. 5,24,124/- |
| HL/038611000001 | Rs. 5,50,000/- | Rs. 3,29,404/- |
| LAP/038602000038 | Rs. 11,50,000/- | Rs. 10,78,164/- |
| WCTL ECGLS/038612000010 | Rs. 90,000/- | Rs. 64,737/- |

ਓ ਡੀ ਟੀ ਲਿਮਟ, ਹਾਊਸਿੰਗ ਲੋਨ ਅਤੇ ਡਬਲਯੂ ਸੀ ਟੀ ਐੱਲ ਈ ਸੀ ਜੀ ਐੱਲ ਐੱਸ 'ਚ ਪ੍ਰਾਇਮਰੀ ਸਕਿਉਰਿਟੀ :
(ਏ) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸ੍ਰੀ ਬਬਲੂ ਲਾਂਬਾ ਪੁੱਤਰ ਦਰਸ਼ਨ ਲਾਲ ਅਤੇ ਸ੍ਰੀਮਤੀ ਰਿਤੂ ਲਾਂਬਾ ਉਰਫ ਰਿਤੂ ਪੁਰੀ ਪਤਨੀ ਸ੍ਰੀ ਬਬਲੂ ਲਾਂਬਾ ਦੇ ਨਾਂਅ ਜਾਇਦਾਦ ਨਾਲ ਸੰਬੰਧਤ ਸਭ ਕੁਝ। ਪੈਮਾਇਸ਼ 4-3/4 ਮਰਲਾ ਵਾਕਿਆ ਰਕਬਾ ਖੰਨਾ ਖੁਰਦ, ਤਹਿ: ਖੰਨਾ, ਜ਼ਿਲ੍ਹਾ ਲੁਧਿਆਣਾ, ਵਿਕਰੀ ਡੀਡ ਦਾ ਵਸੀਕਾ ਨੰ: 33 ਮਿਤੀ 2.4.2008
ਐੱਲ ਏ ਪੀ 'ਚ ਪ੍ਰਾਇਮਰੀ ਸਕਿਉਰਿਟੀ :
(ਬੀ) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸ੍ਰੀਮਤੀ ਰਿਤੂ ਲਾਂਬੂ ਪਤਨੀ ਸ੍ਰੀ ਬਬਲੂ ਲਾਂਬਾ ਦੇ ਨਾਂਅ ਜਾਇਦਾਦ ਨਾਲ ਸੰਬੰਧਤ ਸਭ ਕੁਝ। ਦੁਕਾਨ ਦੀ ਪੈਮਾਇਸ਼ 1 ਮਰਲਾ, ਦੁਕਾਨ ਨੰ: 1 ਏ ਵਿਖੇ ਸਥਿਤ, ਬਿਨਾਂ ਛੱਤ ਪਹਿਲੀ ਮੰਜ਼ਲ, ਸਾਈ ਮਾਰਕਿਟ, ਖੰਨਾ ਕਲਾਂ, ਤਹਿ: ਖੰਨਾ, ਜ਼ਿਲ੍ਹਾ ਲੁਧਿਆਣਾ ਵਿਕਰੀ ਡੀਡ ਦਾ ਦਸਤਾਵੇਜ਼ ਨੰ: 2018-19/107/1/909 ਮਿਤੀ 17.10.2018
ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਖੰਨਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: (ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 22.2.2023 ਸਥਾਨ : ਜਲੰਧਰ (ਅਧਿਕਾਰਤ ਅਫਸਰ)

**Capital Small Finance Bank Ltd.**
HO Office : MIDAS Corporate Park, 3rd Floor, 37, G.T. Road, Jalandhar-144001, Punjab, India.

**ਕਬਜ਼ਾ ਨੋਟਿਸ** (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ (ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸ : ਰੱਤੜਾ ਇਲੈਕਟ੍ਰੀਕਲਜ਼ ਅਤੇ ਹੋਮ ਡੇਕਰ ਮੁੱਖ ਅੱਡਾ ਬਸਤੀ ਦਾਨਿਸ਼ਮੰਦਾ, ਜਲੰਧਰ ਵਿਖੇ ਸਥਿਤ ਰਾਹੀਂ ਇਸ ਦੇ ਪ੍ਰੋਪਰਾਇਟਰ : ਸ੍ਰੀ ਦੀਪਕ ਰੱਤੜਾ ਪੁੱਤਰ ਕਿਸ਼ੋਰੀ ਲਾਲ ਵਾਸੀ ਮਕਾਨ ਨੰ: ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾ, ਜਲੰਧਰ (2) ਸ੍ਰੀਮਤੀ ਰਾਸ਼ੀ ਰੱਤੜਾ ਪਤਨੀ ਰਮਨ ਰੱਤੜਾ ਵਾਸੀ ਮਕਾਨ ਨੰ: ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾ, ਬਸਤੀ ਗੁਜ਼ਾਂ, ਜਲੰਧਰ (3) ਸ੍ਰੀਮਤੀ ਨੇਹਾ ਪਤਨੀ ਦੀਪਕ ਰੱਤੜਾ ਵਾਸੀ ਮਕਾਨ ਨੰ: ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾ, ਜਲੰਧਰ (4) ਸ੍ਰੀ ਰਮਨ ਰੱਤੜਾ ਪੁੱਤਰ ਕਿਸ਼ੋਰੀ ਲਾਲ ਵਾਸੀ ਮਕਾਨ ਨੰ: 93, ਅੱਡਾ ਬਸਤੀ ਦਾਨਿਸ਼ਮੰਦਾ, ਬਸਤੀ ਗੁਜ਼ਾਂ, ਜਲੰਧਰ (5) ਸ੍ਰੀ ਦੀਪਕ ਰੱਤੜਾ ਪੁੱਤਰ ਕਿਸ਼ੋਰੀ ਲਾਲ ਵਾਸੀ ਮਕਾਨ ਨੰ: ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾ, ਜਲੰਧਰ (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਅਤੇ ਗਰੰਟਰ ਅਰਥਾਤ (6) ਸ੍ਰੀ ਪ੍ਰਵੀਨ ਕੁਮਾਰ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ. 395-ਏ, ਗੁਰੂ ਰਾਮਦਾਸ ਇਨਕਲੇਵ, ਸ਼ੇਰ ਸਿੰਘ ਕਾਲੋਨੀ ਜਲੰਧਰ। ਦੂਸਰਾ ਪਤਾ : ਸ੍ਰੀ ਪ੍ਰਵੀਨ ਕੁਮਾਰ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ. 110-ਬੀ, ਬਸਤੀ ਦਾਨਿਸ਼ਮੰਦਾਂ, ਨਿਊ ਰਸੀਲਾ ਨਗਰ, ਜਲੰਧਰ (7) ਸ੍ਰੀਮਤੀ ਰਾਸ਼ੀ ਰੱਤੜਾ ਪਤਨੀ ਰਮਨ ਰੱਤੜਾ ਵਾਸੀ ਮਕਾਨ ਨੰ. ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾਂ, ਬਸਤੀ ਗੁਜ਼ਾਂ, ਜਲੰਧਰ (8) ਸ੍ਰੀਮਤੀ ਨੇਹਾ ਪਤਨੀ ਦੀਪਕ ਰੱਤੜਾ ਵਾਸੀ ਮਕਾਨ ਨੰ. ਡਬਲਯੂ ਐੱਨ 93, ਅੱਡਾ ਬਸਤੀ ਦਾਨਿਸ਼ਮੰਦਾਂ, ਜਲੰਧਰ (ਇਸ ਤੋਂ ਬਾਅਦ 'ਗਰੰਟਰ' ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਜਾਇਦਾਦ 'ਤੇ ਕਰਜ਼ ਰਕਮ ਰੁਪਏ 17,95,020/- ਅਤੇ ਓ ਡੀ ਟੀ 'ਚ ਬਕਾਇਆ ਰਕਮ ਰੁਪਏ 7,90,813/- ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਾਉਣ ਲਈ 9.12.2022 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ ਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ 17,95,020/- ਰੁਪਏ ਅਤੇ ਓ ਡੀ ਟੀ 'ਚ ਬਕਾਇਆ ਰਕਮ ਰੁਪਏ 7,90,813/- ਜਾਇਦਾਦ 'ਤੇ ਕਰਜ਼ਾ ਖਾਤਾ ਵਿੱਚ ਬਕਾਇਆ ਰਕਮ ਮਿਤੀ 01.12.2022 ਤੋਂ ਵਿਆਜ ਸਮੇਤ ਵਸੂਲੀ ਜਾਵੇਗੀ। (ਮਨਫੀ ਵਸੂਲੀ ਜੇਕਰ ਕੋਈ ਹੈ)

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸ੍ਰੀਮਤੀ ਰਾਸ਼ੀ ਰੱਤੜਾ ਪਤਨੀ ਰਮਨ ਰੱਤੜਾ ਅਤੇ ਸ੍ਰੀਮਤੀ ਨੇਹਾ ਪਤਨੀ ਦੀਪਕ ਰੱਤੜਾ ਦੇ ਨਾਂਅ 'ਤੇ ਦੁਕਾਨ ਜਿਸ ਦੀ ਪੈਮਾਇਸ਼ 3 ਮਰਲਾ 123 ਵਰਗ ਫੁੱਟ ਜੋ ਮਕਾਨ ਨੰ: ਡਬਲਯੂ ਓ-2 ਦਾ ਹਿੱਸਾ, ਬਸਤੀ ਦਾਨਿਸ਼ਮੰਦਾ, ਤਹਿ: ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ, ਨਾਲ ਸੰਬੰਧਤ ਸਭ ਕੁਝ। ਵਿਕਰੀ ਡੀਡ ਵਸੀਕਾ ਨੰ: 6669 ਮਿਤੀ 27.11.2017.

ਸਥਾਨ : ਜਲੰਧਰ ਮਿਤੀ 1.03.2023 (ਅਧਿਕਾਰਤ ਅਫਸਰ)

**Fullerton India Credit Company Limited**
Fullerton India — Rishta Sammaan Ka
ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨਸ ਪਾਰਕ, ਮੰਜ਼ਲ 5 ਅਤੇ 6, ਬੀ ਵਿੰਗ, ਪੋਵਾਈ, ਮੁੰਬਈ 400076

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)
(ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੁਨਾਮਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਪਰੀਮ ਸਿਟੀ ਲੇਕ ਕੈਸਲ ਦੇ ਪਿੱਛੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54), ਤਹਿਤ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ (1) ਰਜਿੰਦਰ ਸਿੰਘ (2) ਕੰਵਲਪ੍ਰੀਤ ਕੌਰ (3) ਭਵਜੋਤ ਸਿੰਘ, ਕਰਜ਼ਾ ਖਾਤਾ ਨੰ. # 197620910551142 ਅਤੇ 197620910730022 ਤਹਿਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਰੁਪਏ 40,54,380.92 (ਚਾਲੀ ਲੱਖ ਚੁਰੰਜਾ ਹਜ਼ਾਰ ਤਿੰਨ ਸੌ ਅੱਸੀ ਰੁਪਏ ਅਤੇ ਬਾਨਵੇਂ ਪੈਸੇ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 19.07.2022 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 2 ਮਾਰਚ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 40,54,380.92 (ਚਾਲੀ ਲੱਖ ਚੁਰੰਜਾ ਹਜ਼ਾਰ ਤਿੰਨ ਸੌ ਅੱਸੀ ਰੁਪਏ ਅਤੇ ਬੰਨਵੇਂ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਅਚੱਲ ਜਾਇਦਾਦ ਐੱਮ ਸੀ ਨੰ. B-XI-73 (ਪੁਰਾਣਾ) B-XI-674/1 ਜਾਇਦਾਦ ਰਕਬਾ 154 ਵਰਗ ਗਜ਼, ਸੰਤ ਆਈਸ ਫੈਕਟਰੀ ਸਟਰੀਟ, ਨੇੜੇ ਕੂਚਾ ਅਨਾਇਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141001 ਹੱਦਾਂ : ਪੂਰਬ : ਹਸਪਤਾਲ ਸਾਈਡ 23-6", ਪੱਛਮ : ਗਲੀ, ਉੱਤਰ : ਕਰਨਲ ਚਰਨਜੀਤ ਸਿੰਘ, ਦੱਖਣ : ਮਕਾਨ ਨੰ. 674, ਦਲੀਪ ਕੌਰ।

ਸਥਾਨ : ਲੁਧਿਆਣਾ ਸਹੀ/-ਅਧਿਕਾਰਤ ਅਫਸਰ
ਮਿਤੀ : 03.03.2023 ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ

**ਅਦਾਲਤੀ ਇਸ਼ਤਿਹਾਰ**

ਬਾ ਅਦਾਲਤ-ਸ੍ਰੀ ਤਪਨ ਭਨੋਟ ਤਹਿਸੀਲਦਾਰ-ਕਮ-ਏ ਸੀ ਫਸਟ ਗ੍ਰੇਡ ਗੜ੍ਹਸ਼ੰਕਰ

ਅਨੁਵਾਨ ਕੇਸ : ਇੰਤਕਾਲ ਨੰ: 16770 ਵਰਾਸਤ ਅਵਤਾਰ ਸਿੰਘ ਬਾਹੱਕ ਜਗਜੀਤ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਮਾਹਿਲਪੁਰ/308 ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਸੰਬੰਧੀ।

ਨੋਟਿਸ ਟੂ : 1. ਰਛਪਾਲ ਕੌਰ ਵਿਧਵਾ ਨਿਰਮਲ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 2. ਹਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 3. ਪਰਮਜੀਤ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 4. ਗੁਰਮੇਜ ਕੌਰ ਵਿਧਵਾ ਜਸਵੀਰ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 5. ਕਿਰਨ ਪੁੱਤਰੀ ਜਸਵੀਰ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 6. ਕਮਲ ਪੁੱਤਰੀ ਜਸਵੀਰ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 7. ਅਮਰਦੀਪ ਸਿੰਘ ਪੁੱਤਰ ਜਸਵੀਰ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 8. ਕੁਲਦੀਪ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਮਾਹਿਲਪੁਰ, ਤਹਿ: ਗੜ੍ਹਸ਼ੰਕਰ 9. ਜਨਰਲ ਪਬਲਿਕ

ਕਿਉਂ ਜੋ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉੱਤਰਵਾਦੀ ਧਿਰਾਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਹ ਪਬਲਿਕ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਇਤਰਾਜ਼ ਮਿਤੀ 15.3.2023 ਤੱਕ ਅਸਾਲਤਨ ਜਾਂ ਵਕਾਲਤਨ ਇਸ ਦਫਤਰ ਵਿੱਚ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤਾ ਜਾਵੇਗਾ।

ਤਹਿਸੀਲਦਾਰ-ਕਮ-ਅਸਿਸਟੈਂਟ ਕੁਲੈਕਟਰ ਦਰਜਾ-1, ਗੜ੍ਹਸ਼ੰਕਰ
ਨੰ: 251/ਆਰ-1/5/ਮਿਤੀ 28.2.2023

ਪੰਜਾਬ ਮੰਡੀ ਬੋਰਡ

**ਪੰਜਾਬ ਮੰਡੀ ਬੋਰਡ**

**ਈ-ਟੈਂਡਰਿੰਗ ਨੋਟਿਸ ਨੰ: 05 ਮਿਤੀ 2.3.2023**

ਦਫਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਮਾਰਕਿਟ ਕਮੇਟੀ ਤਰਨ ਤਾਰਨ ਅਧੀਨ ਪੈਂਦੀ ਲਿੰਕ ਸੜਕ ਕੱਲੇ ਤੋਂ ਦੁਲਚੀਪੁਰ ਵਾਇਆ ਬਹਿਕਾਂ ਦੀ ਨਵੀਂ ਉਸਾਰੀ ਅਤੇ ਮੰਡੀ ਖੇਮਕਰਨ, ਅਲਗੋ ਕਲਾਂ, ਮਾੜੀ ਮੇਘਾ ਅਤੇ ਝਬਾਲ ਵਿੱਚ ਵੱਖ-ਵੱਖ ਸਾਈਜ਼ ਦੇ ਸਟੀਲ ਕਵਰ ਸ਼ੈੱਡਾਂ ਦੀ ਉਸਾਰੀ ਦੇ ਕੰਮਾਂ ਨੂੰ ਕਰਨ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ : ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ (ਸ),
ਪੰਜਾਬ ਮੰਡੀ ਬੋਰਡ, ਤਰਨ ਤਾਰਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

3March-2023-page-11-Majha.qxd 3/2/2023 10:32 PM Page 1



## ਗੈਸ ਸਿਲੰਡਰ ਦੀ ਕੀਮਤ 'ਚ ਕੀਤੇ ਵਾਧੇ 'ਤੇ ਕੇਂਦਰ ਸਰਕਾਰ ਦਾ ਕੀਤਾ ਪਿੱਟ ਸਿਆਪਾ



ਪਟਿਆਲਾ : (ਨਵਾਂ ਜ਼ਮਾਨਾ ਸਰਵਿਸ) ਇੱਥੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਚੌਥਾ ਦਰਜਾ, ਕੰਟਰੈਕਟ, ਆਊਟ ਸੋਰਸ ਸਮੇਤ ਡੇਲੀਵੇਜਿਜ਼ ਚੌਥਾ ਦਰਜਾ ਕਰਮਚਾਰੀਆਂ ਨੇ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਤੇਲ ਕੰਪਨਿਆਂ ਨੇ ਘਰੇਲੂ ਖਪਤ ਵਾਲੀ ਗੈਸ ਸਿਲੰਡਰ ਦੀ ਕੀਮਤ 'ਚ ਕੀਤੇ ਪੰਜਾਹ ਰੁਪਏ ਪ੍ਰਤੀ ਸਿਲੰਡਰ ਵਾਧੇ ਦਾ ਸਖ਼ਤ ਵਿਰੋਧ ਕੀਤਾ।

ਰਾਜਪੁਰਾ ਕਾਲੋਨੀ ਵਿਖੇ ਕਾਰਜਕਾਰੀ ਇੰਜੀਨੀਅਰ (ਬਾਗਬਾਨੀ) ਲੋਕ ਨਿਰਮਾਣ ਮੰਗਾਂ ਦਫਤਰ ਅੱਗੇ ਮੁਲਾਜ਼ਮ ਆਗੂਆਂ ਨੇ ਇਕੱਤਰ ਹੋ ਕੇ ਜਿੱਥੇ ਕੰਟਰੈਕਟ / ਆਊਟ ਸੋਰਸ ਚੌਥਾ ਦਰਜਾ ਕਰਮਚਾਰੀਆਂ ਦੀਆਂ ਮੰਗਾਂ ਸੰਬੰਧੀ ਪਹਿਲਾ ਗੇਟ ਰੈਲੀ ਕੀਤੀ ਤੇ ਕਰਮੀਆਂ ਨਾਲ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਵਿਤਕਰੇ ਤਨਖਾਹਾਂ ਸਮੇਂ ਪਰ ਜਾਰੀ ਨਾ ਕਰਨ ਵਰਗੇ ਇਸ਼ੂ ਜੋ ਮੁੱਖ ਇੰਜੀਨੀਅਰ ਨਾਲ ਤਿੰਨ ਜਨਵਰੀ ਨੂੰ ਵਿਚਾਰੇ ਗਏ ਸਨ ਨੂੰ ਇੰਨ ਬਿੰਨ ਲਾਗੂ ਕਰਨ ਦੀ ਮੰਗ ਕੀਤੀ।

ਮੁਲਾਜਮ ਆਗੂਆਂ ਨੇ ਰਸੋਈ ਗੈਸ ਸਿਲੰਡਰ ਵਿੱਚ ਵਾਧੇ ਲਈ ਕੇਂਦਰ ਸਰਕਾਰ ਦਾ ਜੋਰਦਾਰ ਪਿੱਟ ਸਿਆਪਾ ਰਾਜਪੁਰਾ ਕਾਲੋਨੀ ਦੀ ਮੇਨ ਸੜਕ 'ਤੇ ਰੱਖਕੇ ਕੀਤਾ ਤੇ ਮੰਗ ਕੀਤੀ ਕਿ ਵਾਧੇ ਨੂੰ ਵਾਪਸ ਲਿਆ ਜਾਵੇ। ਮੁਲਾਜਮ ਆਗੂਆਂ ਨੇ ਕਿਹਾ ਕਿ ਜੇਕਰ ਮਹਿੰਗਾਈ ਤੇ ਠਲ ਨਾ ਪਾਈ ਗਈ ਤਾਂ ਉਹ ਸੰਘਰਸ਼ ਕਰਨਗੇ।

ਇਸ ਮੌਕੇ ਦਰਸ਼ਨ ਸਿੰਘ ਲੁਬਾਣਾ ਸਮੇਤ ਦੀਪ ਚੰਦ ਹੰਸ, ਬਲਜਿੰਦਰ ਸਿੰਘ, ਜਗਮੋਹਨ ਨੋਲੱਖਾ, ਗੁਰਦਰਸ਼ਨ ਸਿੰਘ, ਸੁਰਜ ਪਾਲ, ਪ੍ਰੀਤਮ ਚੰਦ, ਰਾਮ ਲਾਲ ਰਾਮਾ, ਪ੍ਰਕਾਸ਼ ਲੁਬਾਣਾ, ਅਮਰਨਾਥ ਨਰੜੂ, ਬਲਬੀਰ ਸਿੰਘ, ਸਤਨਾਮ ਸਿੰਘ, ਰਾਜੇਸ਼ ਕੁਮਾਰ, ਪ੍ਰਵੀਨ ਕੁਮਾਰ, ਇੰਦਰ ਪਾਲ, ਹਰਦੇਵ ਸਿੰਘ, ਤਰਲੋਚਨ ਮਾੜੂ, ਤਰਲੋਚਨ ਮੰਡੋਲੀ, ਹਰਦੀਪ ਸਿੰਘ, ਕਾਕਾ ਸਿੰਘ, ਬਲਜੀਤ ਸਿੰਘ, ਕਮਲੇਸ਼ ਗੋਨੀ, ਮੁਮਤਾਜ, ਬਿੰਦਰ ਕੌਰ, ਗੁਰਵਿੰਦਰ ਆਦਿ ਹਾਜ਼ਰ ਸਨ।

## ਕਸਬਾ ਝਬਾਲ 'ਚ ਚੋਰਾਂ ਦੇ ਹੌਸਲੇ ਬੁਲੰਦ, ਦਿਨ-ਦਿਹਾੜੇ ਇੱਕ ਲੱਖ ਚੋਰੀ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕਸਬਾ ਝਬਾਲ 'ਚ ਚੋਰਾਂ ਦੇ ਹੌਸਲੇ ਬੁਲੰਦ ਹਨ। ਦਿਨ-ਦਿਹਾੜੇ ਭਿੱਖੀਵਿੰਡ ਰੋਡ ਤੇ ਸਥਿਤ ਕਿਸਾਨ ਇਲੈਕਟ੍ਰਾਨਿਕ ਦੀ ਦੁਕਾਨ ਵਿਚੋਂ ਦੋ ਲੁਟੇਰੇ ਇੱਕ ਲੱਖ ਰੁਪਏ ਲੈ ਕੇ ਫਰਾਰ ਹੋ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਦੇ ਮਾਲਕ ਪਲਵਿੰਦਰ ਸਿੰਘ ਮੁਨਸ਼ੀ ਪੁੱਤਰ ਦਿਆਲ ਸਿੰਘ ਵਾਸੀ ਭੋਜੀਆਂ ਨੇ ਦੱਸਿਆ ਕਿ ਉਹ ਕਿਸੇ ਕੰਮ ਬਾਹਰ ਗਿਆ ਸੀ। ਭਿੱਖੀਵਿੰਡ ਰੋਡ ਵਾਲੇ ਪਾਸਿਓਂ ਦੋ ਵਿਅਕਤੀ ਪੈਦਲ ਚੱਲ ਕੇ ਆਏ ਅਤੇ ਗੱਲੇ 'ਚੋਂ ਇੱਕ ਲੱਖ ਰੁਪਏ ਕੱਢ ਕੇ ਫਰਾਰ ਹੋ ਗਏ। ਫਰਾਰ ਹੋਏ ਲੁਟੇਰੇ ਨੇੜਲੇ ਸੀਸੀਟੀਵੀ ਕੈਮਰਿਆਂ 'ਚ ਕੈਦ ਹੋ ਗਏ।

ਇਸ ਸੰਬਧੀ ਉਨ੍ਹਾਂ ਵਲੋਂ ਸਬੰਧਿਤ ਥਾਣਾ ਝਬਾਲ ਵਿਖੇ ਰਪਟ ਦਰਜ ਕਰਵਾ ਦਿੱਤੀ ਗਈ ਹੈ। ਇਕ ਹੋਰ ਤਾਜ਼ਾ ਉਦਾਹਰਣ ਵਜੋਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਨੇੜਿਓਂ ਮੋਟਰਸਾਈਕਲ ਸਵਾਰ ਲੁਟੇਰੇ ਦਿਨ-ਦਿਹਾੜੇ ਵਾਈਸ ਪ੍ਰਿੰਸੀਪਲ ਦਾ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਡਮ ਜਸਵਿੰਦਰ ਕੌਰ ਨੇ ਦੱਸਿਆ ਕਿ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਧਰਮ ਚੰਦ ਕਲਾਂ ਵਿਖੇ ਬਤੌਰ ਵਾਈਸ ਪ੍ਰਿੰਸੀਪਲ ਦੇ ਅਹੁਦੇ 'ਤੇ ਤਾਇਨਾਤ ਹੈ ਅਤੇ ਇਸ ਸਮੇਂ ਬੋਰਡ ਵਲੋਂ ਲਈਆਂ ਜਾ ਰਹੀਆਂ ਪ੍ਰੀਖਿਆਵਾਂ 'ਚ ਬਤੌਰ ਆਬਜ਼ਰਵਰ ਦੀ ਡਿਊਟੀ ਕਰ ਰਹੀ ਹੈ। ਜਦ ਉਹ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਤੋਂ ਨਤਮਸਤਕ ਹੋ ਕੇ ਵਾਪਸ ਪੈਦਲ ਘਰ ਜਾ ਰਹੀ ਸੀ ਤਾਂ ਪਿਛੋਂ ਆਏ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੇ ਝਪਟ ਮਾਰ ਕੇ ਉਸ ਦਾ ਮੋਬਾਇਲ ਫੋਨ ਖੋਹ ਲਿਆ ਅਤੇ ਫਰਾਰ ਹੋ ਗਏ।

## ਔਰਤ ਦਿਵਸ ਨਰੇਗਾ ਕੰਮ 'ਚ ਹੋਈ ਘਪਲੇਬਾਜ਼ੀ ਵਿਰੁੱਧ ਹੋਵੇਗਾ : ਮਾੜੀਮੇਘਾ



ਭਿੱਖੀਵਿੰਡ (ਨ ਜ਼ ਸ) ਸੀ ਪੀ ਆਈ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਭਿੱਖੀਵਿੰਡ ਵਿਖੇ ਹੋਈ। ਜਿਸ ਵਿੱਚ ਸੁਖਦੇਵ ਸਿੰਘ ਕਾਲਾ, ਰਛਪਾਲ ਸਿੰਘ ਬਾਠ, ਟਹਿਲ ਸਿੰਘ ਲੱਧੂ, ਬਲਦੇਵ ਰਾਜ ਭਿੱਖੀਵਿੰਡ ਤੇ ਡਾਕਟਰ ਰਸਾਲ ਸਿੰਘ ਪਹੂਵਿੰਡ ਸਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸੀ ਪੀ ਆਈ ਦੀ ਕੌਮੀ ਕੌਂਸਲ ਦੀ ਪਾਂਡੀਚਰੀ ਵਿਖੇ ਹੋਈ। ਜਿਸ 'ਚ ਫੈਸਲਾ ਹੋਇਆ ਕਿ ਭਾਜਪਾ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਭਾਂਜ ਦੇਣ ਵਾਸਤੇ ਦੇਸ਼ ਭਰ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਤੇ ਗਲੀਆਂ ਮੁਹੱਲਿਆਂ ਵਿੱਚ ਬਣੀਆਂ ਪਾਰਟੀ ਬਰਾਂਚਾਂ ਨੂੰ ਸਰਗਰਮ ਕੀਤਾ ਜਾਵੇਗਾ ਅਤੇ ਫੰਡ ਕੰਪੇਨ ਮੁਹਿੰਮ ਆਰੰਭੀ ਜਾਵੇਗੀ। ਅੱਤ ਦੀ ਮਹਿੰਗਾਈ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਕੌਮੀ ਪੱਧਰ 'ਤੇ ਫੈਸਲਾ ਹੋਇਆ ਕਿ ਨਰੇਗਾ ਕਾਨੂੰਨ ਅਧੀਨ ਕਾਮਿਆਂ ਨੂੰ ਕੰਮ ਦਿਵਾਉਣ, ਕੀਤੇ ਕੰਮ ਦੇ ਬਕਾਏ ਲੈਣ ਅਤੇ ਇਸ 'ਚ ਹੋ ਘਪਲੇਬਾਜ਼ੀ ਵਿਰੁੱਧ ਲਾਮਬੰਦੀ ਹੋਵੇਗੀ। ਮਾੜੀਮੇਘਾ ਨੇ ਕਿਹਾ ਕਿ ਪੰਜਾਬ ਇਸਤਰੀ ਸਭਾ ਨੇ ਇਸ ਵਾਰ ਔਰਤ ਦਿਹਾੜਾ 8 ਮਾਰਚ ਦੀ ਥਾਂ 9 ਨੂੰ ਅਲਗੋਂ ਕੋਠੀ ਵਿਖੇ ਜਿਲ੍ਹਾ ਪੱਧਰੀ ਮਨਾਉਣਾ ਹੈ। ਸੀ ਪੀ ਆਈ ਦੀ ਮੀਟਿੰਗ 'ਚ ਫੈਸਲਾ ਹੋਇਆ ਕਿ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਪਾਰਟੀ ਤਨਦੇਹੀ ਨਾਲ ਇਸਤਰੀ ਸਭਾ ਦਾ ਸਾਥ ਦੇਵੇਗੀ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਜਿਹੜੀ ਰੈਲੀ 10 ਮਾਰਚ ਨੂੰ 8 ਕਮਿਊਨਿਸਟ ਪਾਰਟੀਆਂ ਦੇ ਬਣੇ ਫਾਂਸੀ ਹਮਲੇ ਵਿਰੋਧੀ ਫਰੰਟ ਵੱਲੋਂ ਹੋ ਰਹੀ ਹੈ ਇਸ ਵਿੱਚ ਵੀ ਹੁੰਮ ਹੁਮਾ ਕੇ ਸ਼ਮੂਲੀਅਤ ਕੀਤੀ ਜਾਵੇਗੀ।

## ਸੁਸਾਇਟੀ ਵੱਲੋਂ ਲੋੜਵੰਦ ਮਰੀਜ਼ਾਂ ਦੇ ਇਲਾਜ ਲਈ ਆਰਥਕ ਸਹਾਇਤਾ



**ਪੱਟੀ,(ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਮਾਨਵਤਾ ਦੀ ਸੇਵਾ 'ਚ ਵਿਲੱਖਣ ਪਹਿਚਾਣ ਬਣਾਉਣ ਵਾਲੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਪੱਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮਿਸਾਲੀ ਕਾਰਜ ਕੀਤੇ ਜਾ ਰਹੇ ਹਨ। ਜਿਸਨੂੰ ਅੱਗੇ ਤੋਰਦਿਆਂ ਅਰਸ਼ਦੀਪ ਸਿੰਘ ਵਾਸੀ ਪੱਟੀ ਜੋ ਕਿ ਛਾਤੀ 'ਚ ਇੰਫੈਕਸ਼ਨ ਤੋਂ ਪੀੜਤ ਹੈ, ਤਰਨ ਤਾਰਨ ਸ਼ਹਿਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਜੇਰੇ ਇਲਾਜ ਹੈ। ਸੁਸਾਇਟੀ ਵੱਲੋਂ ਇਲਾਜ ਲਈ 5 ਹਜ਼ਾਰ ਰੁਪਏ ਦੀ ਇਮਦਾਦ ਕੀਤੀ ਗਈ ਅਤੇ ਨਿਸ਼ਾਨ ਸਿੰਘ ਵਾਸੀ ਕੈਰੋਂ ਜੋ ਪੇਟ 'ਚ ਇੰਫੈਕਸ਼ਨ ਦੇ ਚਲਦਿਆਂ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਜੇਰੇ ਇਲਾਜ ਹੈ। ਪਰਵਾਰ ਆਰਥਿਕ ਤੌਰ 'ਤੇ ਗਰੀਬ ਹੋਣ ਕਾਰਨ ਸੁਸਾਇਟੀ ਵੱਲੋਂ ਇਲਾਜ ਲਈ 5 ਹਜ਼ਾਰ ਰੁਪਏ ਦੀ ਇਮਦਾਦ ਕੀਤੀ ਗਈ। ਇਸ ਮੌਕੇ ਖਜ਼ਾਨਚੀ ਅਮਿਤ ਜੈਨ ਨੇ ਕਿਹਾ ਕਿ ਸਮਾਜ ਦੀ ਅਜੋਕੀ ਤ੍ਰਾਸਦੀ ਹੈ ਕਿ ਜੋ ਲੋਕ ਆਰਥਿਕ ਪੱਖੋਂ ਸੇਵਾ ਕਰਨ ਦੇ ਸਮਰੱਥ ਹਨ ਉਹਨਾਂ ਆਪਣਾ ਦਾਇਰਾ ਛੋਟਾ ਕਰ ਲਿਆ ਹੈ, ਉਹ ਆਪਣੇ ਦਾਇਰੇ ਤੋਂ ਬਾਹਰ ਲੋੜਾਂ, ਥੋੜਾਂ ਦੇ ਮਾਰੇ ਲੋੜਵੰਦਾਂ ਪ੍ਰਤੀ ਸੰਵੇਦਨਹੀਣ ਹੋ ਗਏ ਹਨ। ਕੁਦਰਤ ਨੇ ਜੇ ਸਾਨੂੰ ਸਮਰੱਥ ਬਣਾਇਆ ਹੈ ਕਿ ਅਸੀਂ ਕਿਸੇ ਲੋੜਵੰਦ ਦੀ ਇਮਦਾਦ ਕਰ, ਸਕਦੇ ਹਾਂ ਤਾਂ ਸਾਨੂੰ ਲੋੜਵੰਦ ਦੀ ਸਹਾਇਤਾ ਕਰ ਕੁਦਰਤ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਇਸ ਮੌਕੇ ਡਾਕਟਰ ਸਰਬਪ੍ਰੀਤ ਸਿੰਘ ਜਰਨਲ ਸਕੱਤਰ, ਡਾਕਟਰ ਇੰਦਰਪ੍ਰੀਤ ਸਿੰਘ ਧਾਮੀ, ਸਰਬਜੀਤ ਸਿੰਘ ਸੀਂਹ,ਸੰਜੀਵ ਸੂਦ, ਰਾਜਦੀਪ ਸਿੰਘ ਸਰਾਫ, ਹਰਜਿੰਦਰ ਸਿੰਘ ਪੱਪੂ ਸਰਾਫ, ਵਿਸ਼ਾਲ ਸੂਦ, ਹਰੀਸ਼ ਧਵਨ, ਸੁਖਦੀਪ ਸਿੰਘ ਸੂਰੀ, ਸੋਭਾ ਸਿੰਘ, ਮਾਸਟਰ ਗੇਜਾ ਸਿੰਘ, ਵਿਕਰਮਜੀਤ ਸਿੰਘ ਸਰਾਫ, ਸਤਨਾਮ ਸਿੰਘ ਹਾਜ਼ਰ ਸਨ।

## ਸਿੱਖ ਨੈਸ਼ਨਲ ਕਾਲਜ 'ਚ ਰਾਸ਼ਟਰੀ ਵਿਗਿਆਨ ਦਿਵਸ ਮੌਕੇ ਵਿਦਿਆਰਥੀਆਂ ਦੇ ਮੁਕਾਬਲੇ




ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)- ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਕਾਲਜ ਦੀ ਸਾਇੰਸ ਸੁਸਾਇਟੀ ਵੱਲੋਂ ਰਾਸ਼ਟਰੀ ਵਿਗਿਆਨ ਦਿਹਾੜਾ ਕਾਲਜ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਅਤੇ ਸਾਇੰਸ ਸੁਸਾਇਟੀ ਦੇ ਸਰਪ੍ਰਸਤ ਪ੍ਰੋਫੈਸਰ ਕੁਲਵਿੰਦਰ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਸਾਇੰਸ ਗਰੁੱਪ ਦੇ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਦੇ ਸਾਇੰਸ ਨਾਲ ਸਬੰਧਿਤ ਪੋਸਟਰ ਤੇ ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥਣ ਮੁਸਕਾਨ, ਨਵਜੋਤ ਕੌਰ, ਅਮਨਦੀਪ ਕੌਰ, ਅਮਨਪ੍ਰੀਤ ਕੌਰ, ਪਦਮਨੀ, ਅਨੂ , ਨੇਹਾ, ਪਰਮਿੰਦਰ ਸਿੰਘ, ਅਮਰੀਕ ਸਿੰਘ, ਸਾਹਿਲ , ਮਨਜੋਤ ਕੌਰ, ਪ੍ਰਾਂਚਲ, ਅਨਮੋਲ ਕੌਰ, ਜੋਤ ਸਰੂਪ ਕੌਰ, ਸਿਮਰਜੋਤ ਕੌਰ, ਚਾਂਦਪ੍ਰੀਤ ਕੌਰ ਨੇ ਸ਼ਾਨਦਾਰ ਕਾਰਗੁਜ਼ਾਰੀ ਵਿਖਾਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਹੁੰਦਲ ਤੇ ਸਾਇੰਸ ਸੁਸਾਇਟੀ ਦੇ ਸਰਪ੍ਰਸਤ ਪ੍ਰੋਫੈਸਰ ਕੁਲਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਮਹਾਨ ਸਾਇੰਸਦਾਨਾਂ ਨੂੰ ਯਾਦ ਰੱਖਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋ. ਕੁਲਵਿੰਦਰ ਸਿੰਘ ਨੇ ਕਿਹਾ ਕਿ ਰਾਸ਼ਟਰੀ ਵਿਗਿਆਨ ਦਿਵਸ ਹਰ ਸਾਲ 28 ਫਰਵਰੀ ਨੂੰ ਪ੍ਰਸਿੱਧ ਭੌਤਿਕ ਵਿਗਿਆਨੀ ਸੀ ਵੀ ਰਮਨ ਨੂੰ ਸਮਰਪਿਤ ਕਰਕੇ ਮਨਾਇਆ ਜਾਂਦਾ ਹੈ ਜਿੰਨਾ ਨੇ 28 ਫਰਵਰੀ 1928 ਨੂੰ ਆਪਣੀ ਖੋਜ ਨੂੰ ਦੁਨੀਆਂ ਸਾਹਮਣੇ ਰੱਖਿਆ ਸੀ। ਇਸ ਮਹਾਨ ਵਿਗਿਆਨੀ ਨੂੰ ਨੋਬਲ ਪੁਰਸਕਾਰ ਪ੍ਰਾਪਤ ਹੋਇਆ ਸੀ। ਇਸ ਮੌਕੇ ਕਾਲਜ ਦੀ ਸਾਇੰਸ ਸੁਸਾਇਟੀ ਦੇ ਅਧਿਆਪਕਾਂ ਵਿੱਚ ਪ੍ਰੋ. ਰਾਕੇਸ਼ ਕੁਮਾਰ, ਪ੍ਰੋ. ਮਿਤਾਲੀ, ਪ੍ਰੋ. ਨੀਰੂ ਬਾਲਾ ਹਾਜ਼ਰ ਸਨ।

## ਕਲਾਨੌਰ ਪੁਲਸ ਪੂਰੀ ਤਰ੍ਹਾਂ ਮੁਸਤੈਦ, ਕੱਟੇ 65 ਚਲਾਨ



ਕਲਾਨੌਰ (ਮਨਦੀਪ ਕੋਹਲੀ)-ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਅਤੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਐਸ ਐਸ ਪੀ ਦਯਾਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੁਲਸ ਥਾਣਾ ਕਲਾਨੌਰ ਦੇ ਐਸ ਐਚ ਓ ਮਨਜੀਤ ਸਿੰਘ ਦੀ ਹਾਜ਼ਰੀ ਵਿੱਚ ਕਲਾਨੌਰ ਪੁਲਸ ਪੂਰੀ ਤਰ੍ਹਾਂ ਐਕਸ਼ਨ ਵਿੱਚ ਨਜ਼ਰ ਆ ਰਹੀ ਹੈ। ਬੁਲਟ 'ਤੇ ਪਟਾਕੇ ਪਾਉਣ ਵਾਲੇ ਜਾਂ ਟਰੈਕਟਰ ਜਾਂ ਹੋਰ ਵਾਹਨਾਂ 'ਤੇ ਉੱਚੀ ਅਵਾਜ਼ ਵਿੱਚ ਲਾਊਡ ਸਪੀਕਰ ਲਗਾਉਣ ਵਾਲੇ ਕਿਸੇ ਨੂੰ ਵੀ ਕਲਾਨੌਰ ਪੁਲਸ ਵੱਲੋਂ ਨਹੀਂ ਬਖਸ਼ਿਆ ਜਾ ਰਿਹਾ ਅਤੇ ਉਨ੍ਹਾਂ ਦੇ ਚਲਾਨ ਕੱਟੇ ਜਾ ਰਹੇ ਹਨ। ਬੀਤੇ ਕੁਝ ਦਿਨਾਂ ਵਿੱਚ ਕਲਾਨੌਰ ਪੁਲਸ ਵੱਲੋਂ ਐਸ ਐਚ ਓ ਮਨਜੀਤ ਸਿੰਘ ਦੀ ਹਾਜ਼ਰੀ ਵਿਚ 65 ਦੇ ਕਰੀਬ ਚਲਾਨ ਕੱਟੇ ਗਏ ਹਨ ਜਿਨ੍ਹਾਂ ਵਿੱਚ ਕਈ ਗੱਡੀਆਂ ਦੇ ਕਾਗਜ਼ਾਤ ਪੂਰੇ ਨਹੀਂ ਸਨ ਜਾਂ ਕਿਸੇ ਵਾਹਨ ਚਾਲਕਾਂ ਨੇ ਕਾਨੂੰਨ ਦੀ ਉਲੰਘਣਾ ਕੀਤੀ ਸੀ, ਇਸ ਦੇ ਨਾਲ ਹੀ ਮੋਟਰ ਸਾਈਕਲ 'ਤੇ ਤਿੰਨ ਸਵਾਰੀਆਂ ਅਤੇ ਬੁਲਟ ਮੋਟਰਸਾਈਕਲਾਂ ਦੇ ਚਲਾਨ ਕੱਟੇ ਗਏ ਹਨ। ਬੁਲਟ ਮੋਟਰਸਾਈਕਲਾਂ ਦੇ ਸਾਈਲੈਂਸਰ ਵੀ ਉਤਾਰੇ ਗਏ ਹਨ।

ਕਲਾਨੌਰ ਦੇ ਐਸ ਐਚ ਓ ਮਨਜੀਤ ਸਿੰਘ ਨੇ ਕਿਹਾ ਕਿ ਮਾਣਯੋਗ ਐਸ ਐਸ ਪੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵੱਖ ਵੱਖ ਟਾਇਮਾਂ 'ਤੇ ਨਾਕੇ ਲਗਾ ਕੇ ਹਰ ਇੱਕ ਆਉਣ ਜਾਣ ਵਾਲੇ ਵਾਹਨ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾ ਦੇ ਨਾਲ ਏ ਐਸ ਆਈ ਵੈਸ਼ਨੋ ਦਾਸ, ਸੁਨੀਲ ਕੁਮਾਰ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਸਿਪਾਹੀ ਹਰਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।

## ਨਗਰ ਕੌਂਸਲ ਦੇ 20 ਕੱਚੇ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਨਗਰ ਕੌਂਸਲ ਡੇਰਾ ਬਾਬਾ ਨਾਨਕ ਵਿੱਚ ਪਿਛਲੇ ਲੰਮੇ ਸਮੇਂ ਤੋਂ ਆਊਟਸੋਰਸ ਰਾਹੀਂ ਭਰਤੀ ਕੀਤੇ 20 ਕੱਚੇ ਮੁਲਾਜ਼ਮਾਂ ਨੂੰ ਅੱਜ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਡੇਰਾ ਬਾਬਾ ਨਾਨਕ ਦੇ ਐਸ ਡੀ ਐਮ ਬਲਵਿੰਦਰ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਯੁਕਤੀ ਪੱਤਰ ਵੰਡੇ ਗਏ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ ਡੀ ਐਮ ਬਲਵਿੰਦਰ ਸਿੰਘ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਨਗਰ ਕੌਂਸਲ ਵੱਲੋਂ ਇਹ ਮੁਲਾਜ਼ਮ ਆਊਟਸੋਰਸ ਰਾਹੀਂ ਭਰਤੀ ਕੀਤੇ ਗਏ ਸਨ । ਇਨ੍ਹਾਂ ਮੁਲਾਜ਼ਮਾਂ ਦੀਆਂ ਵਧੀਆ ਸੇਵਾਵਾਂ ਨੂੰ ਦੇਖਦੇ ਹੋਏ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਸਿਫਾਰਸ਼ 'ਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ ਕੰਟਰੈਕਟ ਬੇਸ 'ਤੇ ਕੀਤਾ ਗਿਆ ਹੈ । ਉਕਤ ਮੁਲਾਜ਼ਮਾਂ ਨੂੰ ਅੱਜ ਨਿਯੁਕਤੀ ਪੱਤਰ ਵੰਡੇ ਗਏ ਹਨ ਤੇ ਆਸ ਕਰਦਾ ਹਾਂ ਕਿ ਇਹ ਮੁਲਾਜ਼ਮ ਅਗਾਂਹ ਵੀ ਨਗਰ ਕੌਂਸਲ ਨੂੰ ਵਧੀਆ ਸੇਵਾਵਾਂ ਦਿੰਦੇ ਰਹਿਣਗੇ । ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਅੱਤ ਦੀ ਮਹਿੰਗਾਈ ਹੋਣ ਦੇ ਬਾਵਜੂਦ ਇਹ ਮੁਲਾਜ਼ਮ ਘੱਟ ਤਨਖਾਹ 'ਤੇ ਡੇਰਾ ਬਾਬਾ ਨਾਨਕ ਦੇ ਲੋਕਾਂ ਨੂੰ ਵਧੀਆ ਸੇਵਾਵਾਂ ਦਿੰਦੇ ਆ ਰਹੇ ਸਨ ,ਅੱਜ ਇਨ੍ਹਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਹਨ। ਪੰਜਾਬ ਸਰਕਾਰ ਦਾ ਇਹ ਫੈਸਲਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਹੁਣ ਆਪਣੇ ਪਰਵਾਰਾਂ ਦਾ ਪਾਲਣ-ਪੋਸ਼ਣ ਚੰਗੀ ਤਰ੍ਹਾਂ ਕਰ ਸਕਣਗੇ । ਇਸ ਮੌਕੇ ਸਮੂਹ ਮੁਲਾਜ਼ਮਾਂ ਨੇ ਗੁਰਦੀਪ ਸਿੰਘ ਰੰਧਾਵਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ । ਇਸ ਮੌਕੇ ਬਾਬਾ ਸੁਖਦੀਪ ਸਿੰਘ ਬੇਦੀ, ਕਾਰਜਸਾਧਕ ਅਫਸਰ ਜਤਿੰਦਰ ਮਹਾਜਨ , ਜੇ ਈ ਮਨਪ੍ਰੀਤ ਸਿੰਘ ਬੰਦੇਸ਼ਾ, ਰਾਜੇਸ਼ ਕੁਮਾਰ ਬਿੱਟਾ ਮਹਾਜਨ , ਹਰਜੀਤ ਸਿੰਘ ਠੇਠਰਕੇ , ਮੋਹਿੰਦਰ ਸਿੰਘ ਨਿਕੋਸਰਾ , ਸਤਪਾਲ ਸ਼ੌਂਕੀ, ਰਤਨ ਪਾਲ ਮੈਨੇਜਰ, ਹਰਿੰਦਰ ਸਿੰਘ, ਜਗਜੀਤ ਸਿੰਘ ਸ਼ਾਹਪੁਰ , ਮੇਜਰ ਸਿੰਘ ਠੇਠਰਕੇ , ਭੁਪਿੰਦਰ ਸਿੰਘ ਡੇਰਾ , ਬਲਜਿੰਦਰ ਸਿੰਘ ਕਲਰਕ, ਟਹਿਲ ਸਿੰਘ ਕਲਰਕ, ਹੈਪੀ ਬੇਦੀ ਤੇ ਰਾਮ ਨਾਥ ਆਦਿ ਹਾਜ਼ਰ ਸਨ ।

## ਸ੍ਰੀ ਚੋਲਾ ਸਾਹਿਬ ਦੇ ਜੋੜ ਮੇਲੇ ਮੌਕੇ ਸੰਗਤਾਂ ਲਈ ਲੰਗਰ ਤੇ ਰਿਹਾਇਸ਼ ਦੇ ਪ੍ਰਬੰਧ ਮੁਕੰਮਲ : ਬਾਬਾ ਸਾਹਿਬ ਸਿੰਘ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਾਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਜੋ 3 ਮਾਰਚ ਤੋਂ ਲੈ ਕੇ 8 ਮਾਰਚ ਤੱਕ ਲੱਗੇਗਾ।

ਇਸ ਮੇਲੇ ਮੌਕੇ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦਿਆਂ ਹੋਇਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਲੰਗਰ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਾਰ ਸੇਵਾ ਵਾਲੇ ਬਾਬਾ ਸਾਹਿਬ ਸਿੰਘ, ਬਾਬਾ ਬਿਸਨ ਸਿੰਘ ਪੱਪੂ, ਬਾਬਾ ਨਿਰਮਲ ਸਿੰਘ ਨੇ ਦੱਸਿਆ ਕਿ ਕਾਰ ਸੇਵਾ ਵਾਲੇ ਮਹਾਂਪੁਰਖ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਇਸ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮੌਕੇ ਆਉਣ ਵਾਲੀਆਂ ਸੰਗਤਾਂ ਲਈ ਲੰਗਰ ਅਤੇ ਰਿਹਾਇਸ਼ ਦੇ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਆਉਣ ਵਾਲਿਆਂ ਨੂੰ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਬਾਬਾ ਅਜਿੱਤਾ ਰੰਧਾਵਾ ਦੇ ਇਤਿਹਾਸਕ ਖੂਹ ਨੂੰ ਪੁਰਾਤਨ ਦਿੱਖ ਦੇ ਕੇ ਸੰਗਤਾਂ ਨੂੰ ਸਮਰਪਿਤ ਕੀਤਾ ਗਿਆ ਹੈ, ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਇਸ ਇਤਿਹਾਸਕ ਖੂਹ ਦੇ ਦਰਸ਼ਨ ਦਿਦਾਰੇ ਕਰਕੇ ਗੁਰੂ-ਘਰ ਦੀਆਂ ਖੁਸੀਆਂ ਪ੍ਰਾਪਤ ਕਰ ਰਹੀਆਂ ਹਨ। ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ, ਬਾਬਾ ਬਲਬੀਰ ਸਿੰਘ, ਬਾਬਾ ਨਿਰਮਲ ਸਿੰਘ, ਬਾਬਾ ਸੁਖਦੇਵ ਸਿੰਘ, ਬਾਬਾ ਸਰਬਜੀਤ ਸਿੰਘ, ਬਾਬਾ ਕੁਲਜੀਤ ਸਿੰਘ, ਬਾਬਾ ਸੰਤੋਖ ਸਿੰਘ ਗੰਥੀ ਆਦਿ ਹਾਜ਼ਰ ਸਨ।

## ਕਸਬਾ ਬੁਤਾਲਾ ਵਿਖੇ ਸਮੂਹਿਕ ਅਨੰਦ ਕਾਰਜ



ਬੁਤਾਲਾ ( ਨਿਰਮਲ ਸਿੰਘ ਸੰਘਾ )- ਬਾਬਾ ਪੱਲ੍ਹਾ ਜੀ ਦੀ ਯਾਦ ਵਿੱਚ ਕਸਬਾ ਬੁਤਾਲਾ ਵਿਖੇ ਅਣਗਿਣਤ ਜ਼ਰੂਰਤਮੰਦ ਜੋੜਿਆਂ ਦੇ ਸਮੂਹਿਕ ਅਨੰਦ ਕਾਰਜ ਪੂਰਨ ਗੁਰ ਮਰਯਾਦਾ ਅਨੁਸਾਰ ਕਰਵਾਏ ਗਏ। ਬੁਤਾਲਾ ਦੀ ਦਾਣਾ ਮੰਡੀ 'ਚ ਸਜਾਏ ਗਏ ਵਿਸ਼ਾਲ ਪੰਡਾਲ 'ਚ ਰਾਗੀ, ਢਾਡੀ ਅਤੇ ਪ੍ਰਚਾਰਕਾਂ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਾਇਆ। ਐੱਨ ਆਰ ਆਈਜ਼ ਦੇ ਸਹਿਯੋਗ ਨਾਲ ਧੀਆਂ ਨੂੰ ਘਰੇਲੂ ਸਮਾਨ ਵੀ ਤਕਸੀਮ ਕੀਤਾ ਗਿਆ। ਮੁੱਖ ਪ੍ਰਬੰਧਕ ਤੇਜਵੰਤ ਸਿੰਘ ਬੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਰੂਰਤਮੰਦ ਜੋੜਿਆਂ ਦੇ ਸਾਲ ਭਰ ਅਨੰਦ ਕਾਰਜ ਕਰਵਾਏ ਜਾਣਗੇ। ਇਸ ਮੌਕੇ ਸਰਪੰਚ ਸਵਿੰਦਰ ਸਿੰਘ, ਬਲਵਿੰਦਰ ਸਿੰਘ ਸੇਠ, ਬਖਸ਼ੀ ਠਾਣੇਵਾਲ, ਗੁਰਪ੍ਰੀਤ ਬਾਬਾ ਬਕਾਲਾ, ਪ੍ਰਭਦਿਆਲ ਸਿੰਘ ਸ਼ਾਹ, ਸੁੱਖਾ ਸਿੰਘ ਜਰਮਨੀ, ਸੋਨਲ ਦਵੇਸਰ, ਮੋਹਪ੍ਰੀਤ ਸਿੰਘ ਬੱਲ, ਜਤਿੰਦਰ ਬੋਪਾਰਾਏ ਬੇਦਾਦਪੁਰ, ਹਰਮਨ ਭੱਟੀ ਕਨੇਡਾ, ਜੱਸ ਗਿੱਲ ਯੂ ਐਸ ਏ, ਬਿੰਦਾ ਦਿਆਲਪੁਰ ਯੂ ਐਸ ਏ, ਨਿੱਕਾ ਸਿਕੰਦਰਪੁਰੀਆ, ਮਨਦੀਪ ਬੱਲ ਕਨੇਡਾ, ਰਾਣਾ ਬੱਲ, ਕੁਲਵਿੰਦਰ ਬੱਲ, ਰਣਜੀਤ ਸਿੰਘ ਪ੍ਰਧਾਨ, ਪ੍ਰਭਜੀਤ ਸਿੰਘ, ਦਲਬੀਰ ਸਿੰਘ ਬੀਰਾ, ਗੁਰਦੇਵ ਸਿੰਘ ਜ਼ੈਲਦਾਰ, ਚਰਨਜੀਤ ਸਿੰਘ ਚੰਨਾ, ਗੁਰਮੁਖ ਸਿੰਘ, ਸਾਹਬ ਸਿੰਘ ਅਤੇ ਹਰਵਿੰਦਰ ਸਿੰਘ ਅਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਹਾਜ਼ਰੀ ਭਰੀ।

## ਸ਼੍ਰੋਮਣੀ ਕਮੇਟੀ ਦੀ ਉਚੇਚੀ ਇਕੱਤਰਤਾ ਦੀਆਂ ਤਿਆਰੀਆਂ ਮੁਕੰਮਲ : ਗਰੇਵਾਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 3 ਮਾਰਚ ਨੂੰ ਸਮੁੱਚੇ ਮੈਂਬਰਾਂ ਦੀ ਸੱਦੀ ਉਚੇਚੀ ਇਕੱਤਰਤਾ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਜਨਰਲ ਇਕੱਤਰਤਾ ਹਰਿਆਣਾ ਸਰਕਾਰ ਦੁਆਰਾ ਨਾਮਜ਼ਦ ਕੀਤੀ ਗਈ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰਿਆਂ ਦਾ ਪ੍ਰਬੰਧ ਜਬਰੀ ਹਥਿਆਉਣ ਅਤੇ ਗੁਰ-ਮਰਯਾਦਾ ਦੇ ਕੀਤੇ ਉਲੰਘਣ ਨੂੰ ਲੈ ਕੇ ਬੁਲਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਤਖ਼ਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਨੂੰ ਸੱਦਾ ਭੇਜਿਆ ਗਿਆ ਹੈ। ਜਨਰਲ ਇਕੱਤਰਤਾ ਦੁਪਹਿਰ ਇੱਕ ਵਜੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖੰਡਤ ਕਰਨ ਦੀਆਂ ਸਰਕਾਰੀ ਚਾਲਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਇਹ ਜਨਰਲ ਇਕੱਤਰਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤ੍ਰਿੰਗ ਕਮੇਟੀ ਦੇ ਫੈਸਲੇ ਮੁਤਾਬਿਕ ਬੁਲਾਈ ਗਈ ਹੈ, ਜਿਸ ਦੀਆਂ ਤਿਆਰੀਆਂ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਇਕੱਤਰਤਾ ਨੂੰ ਬੁਲਾਉਣ ਦਾ ਮੰਤਵ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਪਾਸੋਂ ਜਬਰੀ ਹਥਿਆਉਣ ਨੂੰ ਲੈ ਕੇ ਕਾਰਵਾਈ ਵਾਸਤੇ ਸਾਂਝੀ ਰਾਇ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਆਪਣੇ ਹਲਕੇ ਦੀਆਂ ਵੱਡੀ ਗਿਣਤੀ ਸੰਗਤਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਪੂਰੇ ਹਾਊਸ ਦੇ ਮੈਂਬਰ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਨਾਲ-ਨਾਲ ਨਾਮਜ਼ਦ ਮੈਂਬਰਾਂ ਵਜੋਂ ਪੂਰੇ ਭਾਰਤ ਦੀਆਂ ਸੰਗਤਾਂ ਦੀ ਅਵਾਜ਼ ਹਨ। ਜਨਰਲ ਇਕੱਤਰਤਾ ਦੌਰਾਨ ਮੈਂਬਰਾਂ ਦੀ ਰਾਇ ਜਾਣੀ ਜਾਵੇਗੀ, ਤਾਂ ਜੋ ਘੱਟਗਿਣਤੀ ਸਿੱਖਾਂ ਨਾਲ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਧੱਕੇ ਖਿਲਾਫ ਸਮੂਹਕ ਤੌਰ 'ਤੇ ਅਵਾਜ਼ ਬੁਲੰਦ ਕੀਤੀ ਜਾ ਸਕੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਜਨਰਲ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਮਾਣਯੋਗ ਜਥੇਦਾਰ ਸਾਹਿਬਾਨ, ਸਿੰਘ ਸਾਹਿਬਾਨ ਅਤੇ ਮੈਂਬਰਾਂ ਨੂੰ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ।

## ਦਸਮੇਸ਼ ਕੌਨਵੈਂਟ ਸਕੂਲ ਠੱਟਾ 'ਚ ਅੱਖਾਂ ਦਾ ਕੈਂਪ 6 ਨੂੰ

ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ) - ਪਿੰਡ ਠੱਟਾ ਵਿਖੇ ਦਸਮੇਸ਼ ਕੌਨਵੈਂਟ ਸੀਨੀਅਰ ਸਕੈਂਡਰੀ ਸਕੂਲ ਵਿਖੇ ਅੱਖਾਂ ਦੇ ਮੁਫਤ ਇਲਾਜ ਦਾ ਕੈਂਪ ਲਗਾਇਆ ਜਾ ਰਿਹਾ ਹੈ। ਬ੍ਰਹਮ ਗਿਆਨੀ ਬਾਬਾ ਜਵੰਦ ਸਿੰਘ ਵੱਲੋਂ ਆਰੰਭ ਕੀਤੇ ਗਏ ਹੋਲੇ-ਮਹੱਲੇ 'ਤੇ ਨਗਰ ਠੱਟਾ ਦੀ ਸੰਗਤ ਵੱਲੋਂ 6 ਮਾਰਚ ਨੂੰ ਮੁਫ਼ਤ ਅੱਖਾਂ ਦਾ ਕੈਂਪ ਬਾਬਾ ਜਵੰਦ ਸਿੰਘ ਮੈਮੋਰੀਅਲ ਦਸਮੇਸ਼ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਠੱਟਾ ਵਿਖੇ ਲਾਇਆ ਜਾ ਰਿਹਾ ਹੈ। ਸ੍ਰੀ ਹਜ਼ੂਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਅਤੇ ਬਾਬਾ ਗੁਰਦੇਵ ਸਿੰਘ ਨੇ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਇਲਾਕੇ ਦੇ ਮਰੀਜ਼ਾਂ ਨੂੰ 6 ਮਾਰਚ ਨੂੰ ਦਸ ਵਜੇ ਸਕੂਲ 'ਚ ਪੁੱਜਣ ਦੀ ਅਪੀਲ ਹੈ । ਇਸ ਸਮੇਂ ਚਾਹ ਅਤੇ ਗੁਰੂ ਕੇ ਲੰਗਰ ਦਾ ਪ੍ਰਬੰਧ ਸੰਗਤ ਵੱਲੋਂ ਕੀਤਾ ਗਿਆ ਹੈ। ਇਸ ਦਿਨ ਅੱਖਾਂ ਦਾ ਨਿਰੀਖਣ ਮਾਹਰ ਡਾਕਟਰਾਂ ਦੀ ਟੀਮ ਕਰੇਗੀ। ਜਿਹੜੇ ਮਰੀਜ਼ਾਂ ਨੂੰ ਡਾਕਟਰ ਅਪਰੇਸ਼ਨ ਲਈ ਚੁਣਨਗੇ ਉਨ੍ਹਾਂ ਦਾ ਮੁੜ ਨਿਰੀਖਣ ਮੈਡੀਸਨ ਮਾਹਰ ਡਾਕਟਰ ਵੱਲੋਂ ਕੀਤਾ ਜਾਵੇਗਾ ਤੇ ਸਾਰੇ ਟੈਸਟ ਮੁਫ਼ਤ ਹੋਣਗੇ। ਅਪਰੇਸ਼ਨ ਵੀ ਮੁਫ਼ਤ ਕੀਤੇ ਜਾਣਗੇ ।

## ਨਜਾਇਜ਼ ਸ਼ਰਾਬ ਨਾਲ ਦੋ ਵਿਅਕਤੀ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਥਾਣਾ ਕਾਹਨੂੰਵਾਨ ਦੇ ਏ ਐਸ ਆਈ ਰਮਨ ਕੁਮਾਰ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਪਿੰਡ ਜਾਗੋਵਾਲ ਬਾਂਗਲ ਵਿਖੇ ਮੁਖਬਰ ਦੀ ਇਤਲਾਹ 'ਤੇ ਇੱਕ ਮੋਟਰਸਾਈਕਲ ਰੋਕ ਕੇ ਉਸ 'ਤੇ ਸਵਾਰ ਦੋਸ਼ੀ ਸੁੱਖਾ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਕਠਾਨਾ ਤੇ ਹਰਜੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮੋਚਪੁਰ ਪਾਸੋਂ 33750 ਐਮ ਐਲ ਨਜਾਇਜ਼ ਸ਼ਰਾਬ ਬਰਾਮਦ ਕਰਕੇ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਜਾਇਜ਼ ਸ਼ਰਾਬ ਸਮੇਤ ਇੱਕ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਪੁਲਿਸ ਥਾਣਾ ਭੈਣੀ ਮੀਆਂ ਖਾਂ ਪੁਲਸ ਦੇ ਏ ਐਸ ਆਈ ਰਾਕੇਸ਼ ਕੁਮਾਰ ਸਮੇਤ ਪੁਲਸ ਪਾਰਟੀ ਮਾੜੇ ਅਨਸਰਾਂ ਦੀ ਤਾਲਾਸ਼ ਵਿੱਚ ਦਰਿਆ ਬਿਆਸ ਦੀ ਧੁੱਸੀ ਬੰਨ 'ਤੇ ਸਥਿਤ ਮੋਚਪੁਰ ਪੁੱਜੇ ਤਾਂ ਮੁਖਬਰ ਦੀ ਸੂਚਨਾ 'ਤੇ ਦਰਿਆ ਦੇ ਮੰਡ ਇਲਾਕੇ ਵਿੱਚ ਨਜਾਇਜ਼ ਸ਼ਰਾਬ ਕੱਢਦੇ ਗੁਰਮੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮੋਚਪੁਰ ਪਾਸੋਂ 1 ਹਜ਼ਾਰ ਐਮ ਐਲ ਲਾਹਣ ਬਰਾਮਦ ਕਰਕੇ ਉਸ ਖਿਲਾਫ਼ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ।

## ਸੈਵਲੋਨ ਸਵਸਥ ਇੰਡੀਆ ਨੇ ਸਚਿਨ ਤੇਂਦੁਲਕਰ ਨੂੰ ਬਣਾਇਆ ਹੈਡ ਅੰਬੈਸਡਰ

ਲੁਧਿਆਣਾ : ਸੈਵਲੋਨ ਸਵਸਥ ਇੰਡੀਆ ਮਿਸ਼ਨ ਨੇ ਇੱਕ ਵਿਲੱਖਣ ਕਦਮ ਉਠਾਉਂਦੇ ਹੋਏ ਵਿਸ਼ਵ ਦੇ ਮਹਾਨ ਕ੍ਰਿਕਟਰਾਂ ਵਿੱਚੋਂ ਇੱਕ ਸਚਿਨ ਤੇਂਦੁਲਕਰ ਨੂੰ ਦੁਨੀਆ ਦਾ ਪਹਿਲਾ ਹੈਂਡ ਅੰਬੈਸਡਰ ਬਣਾਉਣ ਦਾ ਐਲਾਨ ਕੀਤਾ ਹੈ। ਸਚਿਨ ਇੱਕ ਹੈਂਡ ਅੰਬੈਸਡਰ ਵਜੋਂ ਕਰੋੜਾਂ ਲੋਕਾਂ ਨੂੰ ਆਪਣੇ ਹੱਥਾਂ ਨੂੰ ਸਹੀ ਢੰਗ ਨਾਲ ਧੋਣ ਲਈ ਪ੍ਰੇਰਿਤ ਕਰਨਗੇ। ਆਈਟੀਸੀ ਦਾ ਸੈਵਲੋਨ ਸਵਸਥ ਇੰਡੀਆ ਮਿਸ਼ਨ ਨਵੇਂ-ਨਵੇਂ ਅਨੁਭਵਾਂ ਅਤੇ ਪਹਿਲਾਂ ਰਾਹੀਂ ਹੱਥਾਂ ਦੀ ਸਾਫ-ਸਫਾਈ ਦੀ ਦਿਸ਼ਾ ਵਿੱਚ ਵਿਵਹਾਰ ਵਿੱਚ ਤਬਦੀਲੀ ਲਿਆਉਣ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਰਿਹਾ ਹੈ। ਪਹਿਲੇ ਹੈਂਡ ਅੰਬੈਸਡਰ ਦੇ ਰੂਪ ਵਿੱਚ ਸਚਿਨ ਤੇਂਦੁਲਕਰ ਦੇ ਨਾਲ ਸੈਵਲੋਨ ਸਵਸਥ ਇੰਡੀਆ ਮਿਸ਼ਨ ਇੱਕ ਸਵਸਥ ਰਾਸ਼ਟਰ ਲਈ ਹੱਥਾਂ ਨੂੰ ਸਾਫ਼ ਰੱਖਣ ਦੀ ਸੰਸਕ੍ਰਿਤੀ ਨੂੰ ਵਿਕਸਤ ਕਰਨ ਦੀ ਆਪਣੀ ਯਾਤਰਾ ਵਿੱਚ ਅੱਗੇ ਵਧ ਰਿਹਾ ਹੈ।

## ਬਜਟ 'ਚ ਆਮ ਕਿਸਾਨ ਮਜ਼ਦੂਰ ਦੀਆਂ ਸਮੱਸਿਆਵਾਂ 'ਤੇ ਖਾਸ ਧਿਆਨ ਦੇਵੇ ਪੰਜਾਬ ਸਰਕਾਰ : ਪੰਨੂ, ਪੰਧੇਰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਅਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ ਨੇ ਕਿਹਾ ਕਿ ਜਲਦ ਪੰਜਬ ਦਾ ਬਜਟ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ, ਜਿਸ ਦੇ ਚਲਦੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਆਮ ਕਿਸਾਨ, ਮਜ਼ਦੂਰ, ਨੌਜਵਾਨ ਅਤੇ ਔਰਤ ਵਰਗ ਸੰਬੰਧੀ ਸਮੱਸਿਆਵਾਂ ਲਈ ਬਜਟ ਵਿੱਚ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਅਜਿਹਾ ਬਜਟ ਲਿਆਂਦਾ ਜਾਵੇ ਜਿਸ ਦਾ ਸਿੱਧਾ ਫਾਇਦਾ ਮਹਿੰਗਾਈ ਦੀ ਮਾਰ ਝੱਲ ਰਹੇ ਗਰੀਬ ਅਤੇ ਮੱਧ ਵਰਗ ਨੂੰ ਮਿਲੇ । ਉਨ੍ਹਾ ਕਿਹਾ ਕਿ ਖੇਤੀ ਅਧਾਰਤ ਸੂਬਾ ਹੋਣ ਕਰਕੇ, ਇਸ ਵਧੇ ਹੋਏ ਖਰਚਿਆਂ ਦੀ ਹੇਠ ਆਈ ਹੋਈ ਕਿਸਾਨੀ ਨੂੰ ਸਬਸਿਡੀਆਂ ਦੇਣ ਲਈ ਬਜਟ ਰੱਖਿਆ ਜਾਵੇ ਉਨ੍ਹਾ ਕਿਹਾ ਕਿ ਫ਼ਸਲੀ ਵਿਭਿੰਨਤਾ ਲਿਆਉਣ ਅਤੇ ਕਿਸਾਨ ਨੂੰ ਕਣਕ ਝੋਨੇ ਦੇ ਗੇੜ ਚੋਂ ਕੱਢਣ ਲਈ ਤੇਲ ਬੀਜਾਂ, ਦਾਲ ਬੀਜਾਂ ਅਤੇ ਹੋਰ ਫਸਲਾਂ ਲਈ ਰਾਖਵਾਂ ਬਜਟ ਰੱਖਿਆ ਜਾਵੇ। ਉਨ੍ਹਾ ਕਿਹਾ ਕਿਹਾ ਕਿ ਐਮ ਐਸ ਪੀ ਗਰੰਟੀ ਕਾਨੂੰਨ ਦੇਣ ਦੀ ਕਵਾਇਦ 'ਤੇ ਚਰਚਾ ਹੋਵੇ। ਉਨ੍ਹਾ ਕਿਹਾ ਕਿ ਦੇਖਣਾ ਹੋਵੇਗਾ ਕਿ ਕੀ ਪੰਜਾਬ ਦੇ ਪਾਣੀਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ, ਬਰਸਾਤੀ ਪਾਣੀ ਨੂੰ ਸਾਂਭਣ, ਨਹਿਰੀ ਪਾਣੀ ਸਾਰੇ ਖੇਤਾਂ ਤੱਕ ਪਹੁੰਚਾਉਣ ਲਈ ਸਰਕਾਰ ਕਿੰਨਾ ਪੈਸਾ ਬਜਟ ਵਿਚ ਰੱਖੇਗੀ ? ਉਨ੍ਹਾ ਕਿਹਾ ਕਿ ਮਜ਼ਦੂਰ ਵਰਗ ਨੂੰ ਮਨਰੇਗਾ ਤਹਿਤ ਵੱਧ ਤੋਂ ਵੱਧ ਰੁਜ਼ਗਾਰ ਦੇਣ ਲਈ ਪੰਜਾਬ ਸਰਕਾਰ ਰਾਖਵਾਂ ਬਜਟ ਰੱਖੇ। ਉਨ੍ਹਾ ਕਿਹਾ ਕਿ ਸਰਕਾਰ ਨੂੰ ਚੋਣ ਪ੍ਰਚਾਰ ਦੌਰਾਨ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਪਿਛਲੇ ਸਮੇਂ 'ਚ ਕੁਦਰਤੀ ਮਾਰ ਕਾਰਨ ਮਰੀਆਂ ਫਸਲਾਂ ਦੇ ਮੁਆਵਜ਼ੇ ਦੇਣ ਅਤੇ ਨਸ਼ੇ ਦੀ ਮਾਰ ਹੇਠ ਆਏ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਨ ਅਤੇ ਰੁਜ਼ਗਾਰ ਦੇਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਚੋਣ ਵਾਅਦੇ ਅਨੁਸਾਰ ਬੁਢਾਪਾ ਪੈਨਸ਼ਨ ਡਬਲ ਅਤੇ 18 ਸਾਲ ਦੀ ਉਮਰ ਤੋਂ ਉਪਰ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਪ੍ਰਬੰਧ ਕੀਤਾ ਜਾਵੇ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਸਿੱਖਿਆ ਦਾ ਮਿਆਰ ਸੁਧਾਰਨ ਲਈ ਵਿਸ਼ੇਸ਼ ਪੈਕੇਜ ਰੱਖੇ ਜਾਣ। ਐੱਸ ਸੀ, ਐੱਸ ਟੀ ਅਤੇ ਹੋਰ ਪਛੜੇ ਵਰਗਾਂ ਦੇ ਬੱਚਿਆਂ ਨੂੰ ਸਿੱਖਿਆ ਲਈ ਵਜ਼ੀਫਾ ਦੇਣ ਲਈ ਅਲੱਗ ਤੋਂ ਪੈਸੇ ਰੱਖੇ ਜਾਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਜ਼ਿਲ੍ਹਾ ਖਜ਼ਾਨਚੀ ਕੰਧਾਰ ਸਿੰਘ ਭੋਏਵਾਲ, ਜ਼ਿਲ੍ਹਾ ਆਗੂ ਜਰਮਨਜੀਤ ਸਿੰਘ ਬੰਡਾਲਾ, ਸਕੱਤਰ ਸਿੰਘ ਕੋਟਲਾ, ਬਾਜ਼ ਸਿੰਘ ਸਾਰੰਗੜਾ, ਲਖਵਿੰਦਰ ਸਿੰਘ ਡਾਲਾ, ਬਲਦੇਵ ਸਿੰਘ ਬੱਗਾ, ਅਮਰਦੀਪ ਸਿੰਘ ਗੋਪੀ, ਕੰਵਰਦਲੀਪ ਸੈਦੋਲੇਹਲ, ਸਵਿੰਦਰ ਸਿੰਘ ਰੂਪੋਵਾਲੀ, ਗੁਰਭੇਜ ਸਿੰਘ ਝੰਡੇ, ਕੁਲਜੀਤ ਸਿੰਘ ਕਾਲੇਘਣੂਪੁਰ, ਬਲਵਿੰਦਰ ਸਿੰਘ ਰੁਮਾਣਾ ਚੱਕ ਅਤੇ ਮੰਗਜੀਤ ਸਿੰਘ ਸਿੱਧਵਾਂ ਹਾਜ਼ਰ ਸਨ।

## ਮੰਗਾਂ ਨੂੰ ਲੈ ਕੇ ਕਰਮਚਾਰੀ ਦਲ ਵੱਲੋਂ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਵੱਲੋਂ ਪਾਵਰਕਾਮ ਉੱਪ ਮੰਡਲ ਦਫਤਰ ਧਾਰੀਵਾਲ ਵਿਖੇ ਮੰਡਲ ਪ੍ਰਧਾਨ ਜਸਵਿੰਦਰ ਸਿੰਘ ਗਿੱਲ ਅਤੇ ਸਬ ਡਵੀਜ਼ਨ ਪ੍ਰਧਾਨ ਦਵਿੰਦਰ ਸਿੰਘ ਵੜੈਚ ਦੀ ਪ੍ਰਧਾਨਗੀ ਹੇਠ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਰੋਸ ਰੈਲੀ ਕੀਤੀ ਅਤੇ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਕਰਮਚਾਰੀ ਦਲ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਦੇ ਨਿਰਦੇਸ਼ਾਂ ਤਹਿਤ ਹੋਈ ਇਸ ਰੈਲੀ ਦੌਰਾਨ ਆਗੂ ਬੁਲਾਰਿਆਂ ਨੇ ਪਾਵਰਕਾਮ ਵਿਭਾਗ ਦੇ ਸਰਕੂਲਰ ਨੰਬਰ 295/19 ਅਧੀਨ ਰੱਖੇ ਗਏ ਸਹਾਇਕ ਲਾਈਨਮੈਨਾਂ ਵਿੱਚੋਂ ਕੁੱਝ ਸਹਾਇਕ ਲਾਈਨਮੈਨਾਂ ਅਤੇ ਸੰਬੰਧਤ ਇਲੈਕਟਰੀਕਲ ਠੇਕੇਦਾਰਾਂ ਦੀ ਬੀਤੇ ਦਿਨੀਂ ਕੀਤੀ ਨਜਾਇਜ਼ ਗ੍ਰਿਫਤਾਰੀ ਦੀ ਘੋਰ ਨਿੰਦਾ ਕੀਤੀ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਗ੍ਰਿਫਤਾਰ ਕੀਤੇ ਸਹਾਇਕ ਲਾਈਨਮੈਨਾਂ ਅਤੇ ਸੰਬੰਧਤ ਇਲੈਕਟਰੀਕਲ ਠੇਕੇਦਾਰਾਂ ਨੂੰ ਤਰੁੰਤ ਰਿਹਾਅ ਕੀਤਾ ਜਾਵੇ ਅਤੇ ਬਿਜਲੀ ਮੁਲਾਜ਼ਮਾਂ ਦੀਆਂ ਡੀ ਏ ਦੀਆਂ ਬਕਾਇਆ ਕਿਸ਼ਤਾਂ ਨੂੰ ਜਲਦ ਜਾਰੀ ਕੀਤੀਆਂ ਜਾਣ ਅਤੇ ਹੋਰ ਜਾਇਜ਼ ਮੰਗਾਂ ਨੂੰ ਜਲਦ ਲਾਗੂ ਕੀਤਾ ਜਾਵੇ। ਇਸ ਮੌਕੇ ਬੁਲਾਰਿਆਂ ਨੇ ਕਿਹਾ ਜੇਕਰ ਪਾਵਰਕਾਮ/ਬਿਜਲੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਅਮਲ ਵਿੱਚ ਨਾ ਲਿਆਂਦਾ ਗਿਆ ਤਾਂ ਜਥੇਬੰਦੀ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਕਰਮਚਾਰੀ ਦਲ ਦੇ ਸਰਕਲ ਸਕੱਤਰ ਸੁਖਵਿੰਦਰ ਸਿੰਘ ਗਿੱਲ, ਮੰਡਲ ਧਾਰੀਵਾਲ ਦੇ ਪ੍ਰਧਾਨ ਜਸਵਿੰਦਰ ਸਿੰਘ ਗਿੱਲ, ਸਬ ਡਵੀਜ਼ਨ ਪ੍ਰਧਾਨ ਦਵਿੰਦਰ ਸਿੰਘ ਵੜੈਚ, ਕੰਵਲਦੀਪ ਸਿੰਘ ਸੇਵਕ, ਨਿਰਮਲ ਸਿੰਘ ਬਿਧੀਪੁਰ, ਜਤਿੰਦਰ ਸਿੰਘ, ਮਨਜੀਤ ਸਿੰਘ ਕਲੇਰ, ਜਵਾਹਰ ਸਿੰਘ ਕਲੇਰ, ਗੁਰਵਿੰਦਰ ਸਿੰਘ, ਦਲਵਿੰਦਰ ਸਿੰਘ ਵਾਹਲਾ, ਦਲਬੀਰ ਸਿੰਘ, ਪਰਮਜੀਤ ਐਮ ਆਰ, ਗੁਰਪ੍ਰੀਤ ਸੀ ਸੀ, ਬਲਵਿੰਦਰ ਸਿੰਘ, ਗੌਰਵ ਅੱਤਰੀ, ਅਨਿਲ ਕੁਮਾਰ, ਤਰਨਜੀਤ ਸਿੰਘ, ਮੈਡਮ ਰਾਜ, ਰਮਨਦੀਪ ਕੌਰ, ਸੁਖਵੰਤ ਕੌਰ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

## ਸ਼ੇਰੇ ਪੰਜਾਬ ਨੌਜਵਾਨ ਕਲੱਬ ਖੋਖਰ ਫੌਜੀਆਂ ਵੱਲੋਂ ਸੰਗ ਦੀਆਂ ਤਿਆਰੀਆਂ ਮੁਕੰਮਲ



ਨੌਸ਼ਹਿਰਾ ਮੱਝਾ ਸਿੰਘ ( ਸਤਨਾਮ ਸਿੰਘ ਕਿਰਤੀ)- ਪਿੰਡ ਖੰਡਿਆਲਾ ਸੈਣੀਆਂ ਜਿਲ੍ਹਾ ਹੁਸ਼ਿਆਰਪੁਰ ਤੋਂ ਸੰਗਤ ਰੂਪੀ ਸੰਗ ਜਿੱਥੇ ਅੱਜ ਪਿੰਡ ਖੋਖਰ ਫੌਜੀਆਂ ਵਿਖੇ ਪਹੁੰਚੇਗਾ ਉਥੇ ਹੀ ਪਿੰਡ ਦੀ ਸ਼ੇਰੇ ਪੰਜਾਬ ਨੌਜਵਾਨ ਕਲੱਬ ਵੱਲੋਂ ਪਿੰਡ ਵਿੱਚ ਸੰਗਤਾਂ ਦੇ ਸਵਾਗਤ ਲਈ ਤਿਆਰੀਆਂ ਮੁਕੰਮਲ ਕਰ ਦਿੱਤੀਆਂ ਹਨ । ਕਲੱਬ ਪ੍ਰਧਾਨ ਸਿਮਰਨਦੀਪ ਸਿੰਘ ਨੇ ਦੱਸਿਆ ਕਿ ਜਿੱਥੇ ਸੰਗ ਦੀ ਤਿਆਰੀ ਲਈ ਪੂਰੇ ਪਿੰਡ ਖੋਖਰ ਦੀ ਸਾਫ ਸਫਾਈ ਕਰਵਾਈ ਗਈ ਹੈ, ਉਥੇ ਹੀ ਸੰਗਤ ਰੂਪੀ ਸੰਗ ਲਈ ਵੱਖ ਵੱਖ ਤਰ੍ਹਾਂ ਦੇ ਲੰਗਰ ਦੇ ਨਾਲ ਨਾਲ ਨੌਜਵਾਨਾਂ ਲਈ ਮੁਫਤ ਦਸਤਾਰ ਕੈਂਪ ਵੀ ਲਗਾਇਆ ਜਾਵੇਗਾ ਤਾਂ ਜੋ ਨੌਜਵਾਨਾਂ ਦਾ ਸਿੱਖੀ ਸਰੂਪ ਵੱਲ ਰੁਝਾਨ ਹੋਰ ਵਧੇ। ਕਲੱਬ ਪ੍ਰਧਾਨ ਨੇ ਕਿਹਾ ਕਿ ਇਸ ਵਿੱਚ ਸਾਰੇ ਪਿੰਡ ਨੇ ਕਲੱਬ ਦਾ ਸਾਥ ਦਿੱਤਾ ਹੈ ਖਾਸ ਕਰ ਕੇ ਪਿੰਡ ਦਿਆਂ ਨੌਜਵਾਨ ਬੱਚਿਆਂ ਨੇ ਪਿੰਡ ਦੀ ਸਾਫ ਸਫਾਈ ਵਿੱਚ ਬਹੁਤ ਯੋਗਦਾਨ ਪਾਇਆ ਹੈ। ਉਨ੍ਹਾ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਪਿੰਡ ਦੇ ਬੱਚੇ ਸਮਾਜਕ ਗਤੀਵਿਧੀਆਂ ਵਿੱਚ ਅੱਗੇ ਵਧ ਕੇ ਹਿੱਸਾ ਲੈ ਰਹੇ ਹਨ। ਇਸ ਮੌਕੇ ਪ੍ਰਧਾਨ ਸਿਮਰਨਦੀਪ ਸਿੰਘ, ਪਲਵਿੰਦਰ ਸਿੰਘ ਪੰਨੂ, ਪਰਮਜੀਤ ਸਿੰਘ, ਪਰਵਿੰਦਰ ਸਿੰਘ ਅਠਵਾਲ, ਗੁਰਪ੍ਰੀਤ ਸਿੰਘ ਅਤੇ ਪਿੰਡ ਦੇ ਲੋਕ ਮੌਜੂਦ ਸਨ।

## ਵੱਖ ਵੱਖ ਭਰਾਤਰੀ ਜਥੇਬੰਦੀਆਂ ਵੱਲੋਂ ਐੱਸ ਡੀ ਐੱਮ ਦੇ ਦਫਤਰ ਦਾ ਘਿਰਾਓ



ਮਜੀਠਾ (ਸੋਇਮ ਆਨੰਦ)- ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਅਗਵਾਈ ਵਿੱਚ ਸਮੂਹ ਕਿਸਾਨ ਜਥੇਬੰਦੀਆਂ, ਸਮਾਜਸੇਵੀ ਜਥੇਬੰਦੀਆਂ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਨੰਬਰਦਾਰਾਂ ਵੱਲੋ ਸਾਂਝੇ ਰੂਪ ਵਿੱਚ ਐਸ ਡੀ ਐਮ ਦਫਤਰ ਮਜੀਠਾ ਵਿਖੇ ਇਲਾਕੇ ਦੀਆਂ ਪ੍ਰਮੁੱਖ ਮੰਗਾਂ ਮਨਵਾਉਣ ਲਈ ਮੁਜਾਹਰਾ ਕਰਨ ਉਪਰੰਤ ਧਰਨਾ ਲਗਾਇਆ ਗਿਆ। ਧਰਨਾਕਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਅੰਮ੍ਰਿਤਸਰ ਮਜੀਠਾ, ਮਜੀਠਾ ਫਤੇਹਗੜ੍ਹ ਚੂੜੀਆਂ ਮੁੱਖ ਸੜਕ ਵਿੱਚ ਪਏ ਵੱਡੇ ਵੱਡੇ ਖੱਡੇ ਅਤੇ ਸਾਰੀ ਟੁੱਟੀ ਹੋਈ ਸੜਕ ਜਿਸ ਕਾਰਨ ਹਰ ਰੋਜ਼ ਅਨੇਕਾਂ ਹਾਦਸੇ ਹੋ ਰਹੇ ਹਨ ਤੇ ਵਾਹਨਾਂ ਦੀ ਟੁੱਟ ਭੱਜ ਹੋ ਰਹੀ ਹੈ, ਇਸ ਸੜਕ ਨੂੰ ਪਹਿਲ ਦੇ ਅਧਾਰ 'ਤੇ ਬਣਾਇਆ ਜਾਵੇ, ਗੜੇਮਾਰੀ ਨਾਲ ਝੋਨੇ ਦੀ ਫਸਲ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਢੁਕਵਾਂ ਮੁਆਵਜ਼ਾ ਦੇਣਾ, ਮਜੀਠਾ ਅੰਮ੍ਰਿਤਸਰ ਰੇਲਵੇ ਫਾਟਕ ਦੀ ਸੜਕ ਉਚੀ ਨੀਵੀਂ ਹੋਣ ਨਾਲ ਦੋਪਹੀਆ ਵਾਹਨ ਹਾਦਸਾਗ੍ਰਸਤ ਹੋ ਰਹੇ ਹਨ ਤੇ ਆਵਾਜਾਈ ਵਿੱਚ ਵੱਡਾ ਵਿਘਨ ਪੈ ਰਿਹਾ ਹੈ, ਇਸ ਨੂੰ ਪਹਿਲ ਦੇ ਅਧਾਰ 'ਤੇ ਠੀਕ ਕੀਤਾ ਜਾਵੇ, ਪਿੰਡ ਵਡਾਲਾ ਵਿੱਚ ਦੋ ਮੀਟ ਦੇ ਕਾਰਖਾਨੇ ਲੱਗਣ ਨਾਲ ਵਾਤਾਵਰਣ ਖਰਾਬ ਹੋ ਰਿਹਾ ਹੈ, ਬਿਮਾਰੀਆਂ ਫੈਲਣ ਦਾ ਡਰ ਹੈ, ਇਸ ਦਾ ਤੁਰੰਤ ਹੱਲ ਕੱਢਿਆ ਜਾਵੇ, ਅੰਮ੍ਰਿਤਸਰ ਤੋਂ ਫਤੇਹਗੜ੍ਹ ਚੂੜੀਆਂ ਜਾਣ ਵਾਲੀ ਰਾਤ 8 ਵਜੇ ਵਾਲੀ ਪੰਜਾਬ ਰੋਡਵੇਜ਼ ਦੀ ਬੱਸ ਬੰਦ ਹੈ, ਇਸ ਨੂੰ ਤੁਰੰਤ ਚਾਲੂ ਕੀਤਾ ਜਾਵੇ, ਮਜੀਠਾ ਸ਼ਹਿਰ ਵਿੱਚ ਸੜਕ ਦੇ ਦੋਵੇਂ ਪਾਸੇ ਫੁੱਟਪਾਥਾਂ ਦੇ ਨਾਲ ਨਾਲ ਮਿੱਟੀ ਦੇ ਢੇਰ ਲੱਗੇ ਹਨ, ਨਜਾਇਜ਼ ਕਬਜੇ ਹੋਏ ਹਨ, ਸਟਰੀਟ ਲਾਈਟਾਂ ਬੰਦ ਹਨ, ਇਨ੍ਹਾਂ ਦਾ ਤੁਰੰਤ ਹੱਲ ਕੀਤਾ ਜਾਵੇ ਆਦਿ ਮੰਗਾਂ ਸਨ ਜਿਨ੍ਹਾਂ ਦਾ ਤੁਰੰਤ ਹੱਲ ਕਰਵਾਉਣ ਲਈ ਐਸ ਡੀ ਐਮ ਦਫਤਰ ਮਜੀਠਾ ਵਿਖੇ ਧਰਨਾ ਲਗਾਇਆ ਗਿਆ ਅਤੇ ਚਿਤਾਵਨੀ ਦਿੱਤੀ ਗਈ ਕਿ ਅਗਰ ਇਨ੍ਹਾਂ ਮੰਗਾਂ ਦਾ ਤੁਰੰਤ ਹੱਲ ਨਾ ਕੱਢਿਆ ਗਿਆ ਤਾਂ ਇਥੇ ਹੀ ਜਥੇਬੰਦੀਆਂ ਵੱਲੋਂ ਪੱਕਾ ਧਰਨਾ ਲਗਾ ਦਿੱਤਾ ਜਾਵੇਗਾ।

ਇਸ ਮੌਕੇ ਮੰਗਾਂ ਸੰਬੰਧੀ ਐਸ ਡੀ ਐਮ ਮਜੀਠਾ ਦੇ ਨਾਂਅ ਮੰਗ ਪੱਤਰ ਤਹਿਸੀਲਦਾਰ ਮਜੀਠਾ ਰਤਨਜੀਤ ਖੁੱਲਰ ਨੂੰ ਦਿੱਤਾ ਗਿਆ। ਤਹਿਸੀਲਦਾਰ ਮਜੀਠਾ ਨੇ ਧਰਨਾਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਇਹ ਮੰਗ ਪੱਤਰ ਐਸ.ਡੀ.ਐਮ ਮਜੀਠਾ ਸੌਂਪ ਦਿੱਤਾ ਜਾਵੇਗਾ। ਇਸ ਮੌਕੇ ਧਰਨਾਕਾਰੀਆਂ ਵਿੱਚ ਮਲਕੀਤ ਸਿੰਘ ਵਡਾਲਾ ਕਿਸਾਨ ਯੂਨੀਅਨ ਡੱਲੇਵਾਲ ਤੋਂ, ਰਣਜੀਤ ਸਿੰਘ ਭੋਮਾ ਪ੍ਰਧਾਨ ਸਮਾਜ ਸੁਧਾਰ ਸੰਸਥਾ ਪੰਜਾਬ, ਹਰਭਜਨ ਸਿੰਘ ਟਰਪਈ, ਰਣਬੀਰ ਸਿੰਘ ਮਜੀਠਾ ਜਮਹੂਰੀ ਕਿਸਾਨ ਯੂਨੀਅਨ, ਤਰਲੋਚਨ ਸਿੰਘ ਐਡਵੋਕੇਟ, ਗੁਰਨੇਕ ਸਿੰਘ ਸਰਪੰਚ ਭੋਮਾ, ਜਸਵੰਤ ਸਿੰਘ ਵੀਰਮ, ਹਰਜਿੰਦਰ ਸਿੰਘ ਵਡਾਲਾ, ਜਗਰੂਪ ਸਿੰਘ ਅਠਵਾਲ, ਜਤਿੰਦਰਪਾਲ ਸਿੰਘ ਹਮਜਾ, ਕੁਲਦੀਪ ਸਿੰਘ ਵਡਾਲਾ, ਆਵਿੰਦਰਜੀਤ ਸਿੰਘ ਭੋਮਾ, ਗੁਰਮੀਤ ਸਿੰਘ ਭੋਮਾ, ਗੁਰਦੀਪ ਸਿੰਘ ਭੋਮਾ, ਰਾਜਪਾਲ ਸਿੰਘ ਜਹਾਂਗੀਰ, ਸੁੱਚਾ ਸਿੰਘ ਭੋਮਾ, ਜਸਪਾਲ ਸਿੰਘ ਭੋਮਾ, ਸੁਖਵਿੰਦਰ ਸਿੰਘ ਭੋਮਾ, ਹਰਜੀਤ ਸਿੰਘ ਭੋਮਾ, ਸਿਮਰ ਸਿੰਘ ਅਠਵਾਲ, ਸੰਦੀਪ ਸਿੰਘ ਸ਼ੇਰਾ ਵਡਾਲਾ, ਨੰਬਰਦਾਰ ਪ੍ਰਤਾਪ ਸਿੰਘ ਹਮਜਾ, ਸੁਖਦੀਪ ਸਿੰਘ ਨਾਗ ਨਵੇ, ਪੰਜਾਬ ਸਿੰਘ ਮਜੀਠਾ ਆਦਿ ਹਾਜ਼ਰ ਸਨ।

## ਟੋਰਾਂਟੋ ਅਤੇ ਨਿਊਯਾਰਕ ਤੋਂ ਅੰਮ੍ਰਿਤਸਰ ਲਈ 6 ਅਪ੍ਰੈਲ ਤੋਂ ਸ਼ੁਰੂ ਹੋਣਗੀਆਂ ਨਿਓਸ ਏਅਰ ਦੀਆਂ ਉਡਾਣਾਂ : ਸਮੀਪ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਕੈਨੇਡਾ ਅਤੇ ਅਮਰੀਕਾ ਵਿੱਚ ਵਸਦੇ ਪ੍ਰਵਾਸੀ ਪੰਜਾਬੀ ਜਿਹੜੇ ਹਰ ਸਾਲ ਵੱਡੀ ਗਿਣਤੀ ਵਿੱਚ ਪੰਜਾਬ ਨੂੰ ਜਾਂਦੇ ਹਨ, ਉਨ੍ਹਾਂ ਲਈ ਹਵਾਈ ਸਫਰ ਹੁਣ ਸੁਖਾਲਾ ਹੋਣ ਜਾ ਰਿਹਾ ਹੈ। ਉਨ੍ਹਾਂ ਲਈ ਚੰਗੀ ਖ਼ਬਰ ਹੈ ਕਿ ਇਟਲੀ ਦੀ ਨਿਓਸ ਏਅਰ 6 ਅਪ੍ਰੈਲ ਤੋਂ ਅੰਮ੍ਰਿਤਸਰ ਨੂੰ ਕੈਨੇਡਾ ਦੇ ਟੋਰਾਂਟੋ ਅਤੇ ਅਮਰੀਕਾ ਦੇ ਨਿਊਯਾਰਕ ਤੱਕ ਮਿਲਾਨ ਦੇ ਮਾਲਪੈਂਸਾ ਹਵਾਈ ਅੱਡੇ ਰਾਹੀਂ ਜੋੜਨ ਜਾ ਰਹੀ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਨਿਓਸ ਏਅਰ ਦੁਆਰਾ ਟੋਰਾਂਟੋ ਨਾਲ ਜੋੜੇ ਜਾਣ ਦਾ ਸਵਾਗਤ ਕੀਤਾ ਹੈ। ਅੰਮ੍ਰਿਤਸਰ ਤੋਂ ਟੋਰਾਂਟੋ ਅਤੇ ਵੈਨਕੂਵਰ ਲਈ ਸਿੱਧੀਆਂ ਉਡਾਣਾਂ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਨਵੀ ਉਡਾਣ ਦੇ ਸ਼ੁਰੂ ਹੋਣ ਨਾਲ ਟੋਰਾਂਟੋ ਲਈ ਯਾਤਰੀਆਂ ਨੂੰ ਰਾਹਤ ਮਿਲੇਗੀ। ਗੁਮਟਾਲਾ ਨੇ ਦੱਸਿਆ, ਨਿਓਸ ਏਅਰ ਨੇ ਦਸੰਬਰ 2022 ਵਿੱਚ ਮਿਲਾਨ ਮਾਲਪੈਂਸਾ ਅਤੇ ਅੰਮ੍ਰਿਤਸਰ ਵਿਚਕਾਰ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਏਅਰਲਾਈਨ ਨੇ ਕੋਵਿਡ ਦੌਰਾਨ ਪਹਿਲੀ ਵਾਰ ਸਤੰਬਰ 2021 ਵਿੱਚ ਇਟਲੀ ਅਤੇ ਅੰਮ੍ਰਿਤਸਰ ਵਿਚਕਾਰ ਚਾਰਟਰ ਸੇਵਾਵਾਂ ਦਾ ਸੰਚਾਲਨ ਸ਼ੁਰੂ ਕੀਤਾ ਸੀ। ਨਾਲ ਹੀ ਅੰਮ੍ਰਿਤਸਰ ਤੋਂ ਮਿਲਾਨ ਦੇ ਬਰਗਾਮੋ ਅਤੇ ਰੋਮ ਏਅਰਪੋਰਟ ਤੱਕ ਸਪਾਈਸਜੈੱਟ ਨੇ ਵੀ ਚਾਰਟਰ ਉਡਾਣਾਂ ਦੇ ਸੰਚਾਲਨ ਤੋਂ ਬਾਅਦ ਪਿਛਲੇ ਸਾਲ ਨਵੰਬਰ ਵਿੱਚ ਨਿਰਧਾਰਤ ਉਡਾਣਾਂ ਸ਼ੁਰੂ ਕੀਤੀਆਂ ਸਨ। ਇਨ੍ਹਾਂ ਦੇ ਸੰਚਾਲਨ ਨਾਲ ਅੰਮ੍ਰਿਤਸਰ ਹੁਣ ਇਟਲੀ ਦੇ 3 ਹਵਾਈ ਅੱਡਿਆਂ ਨਾਲ ਜੁੜਿਆ ਹੈ। ਨਿਓਸ ਦੁਆਰਾ ਆਪਣੀ ਵੈਬਸਾਈਟ 'ਤੇ ਉਪਲਬਧ ਸਮਾਂ ਸੂਚੀ ਅਨੁਸਾਰ ਏਅਰਲਾਈਨ 6 ਅਪ੍ਰੈਲ ਤੋਂ ਅੰਮ੍ਰਿਤਸਰ ਤੋਂ ਟੋਰਾਂਟੋ ਅਤੇ ਨਿਊਯਾਰਕ ਲਈ ਹਫਤੇ ਵਿੱਚ ਇੱਕ ਦਿਨ ਉਡਾਣ ਦਾ ਸੰਚਾਲਨ ਕਰੇਗੀ। ਇਹ ਉਡਾਣ ਹਰ ਵੀਰਵਾਰ ਸਵੇਰੇ 3:15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਅਤੇ ਉਸੇ ਦਿਨ ਸਵੇਰੇ 8:20 ਵਜੇ ਮਿਲਾਨ ਪਹੁੰਚੇਗੀ। ਇੱਥੇ ਯਾਤਰੀ ਲਗਭਗ 4 ਘੰਟੇ 10 ਮਿੰਟ ਰੁਕਣਗੇ, ਫਿਰ ਉਡਾਣ ਮਿਲਾਨ ਤੋਂ ਦੁਪਹਿਰ 12:30 ਵਜੇ ਰਵਾਨਾ ਹੋ ਕੇ ਬਾਅਦ ਦੁਪਹਿਰ 3 ਵਜੇ ਟੋਰਾਂਟੋ ਪਹੁੰਚੇਗੀ। ਟੋਰਾਂਟੋ ਦੇ ਪੀਅਰਸਨ ਏਅਰਪੋਰਟ ਤੋਂ ਇਹ ਉਡਾਣ ਫਿਰ ਵਾਪਸੀ ਲਈ ਹਰ ਵੀਰਵਾਰ ਸ਼ਾਮ 5 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸ਼ੁੱਕਰਵਾਰ ਨੂੰ ਸਵੇਰੇ 6:50 ਵਜੇ ਮਿਲਾਨ ਪਹੁੰਚੇਗੀ। ਉੱਥੋਂ ਫਿਰ ਸਵੇਰੇ 10 ਵਜੇ ਰਵਾਨਾ ਹੋ ਕੇ ਉਸੇ ਦਿਨ ਸ਼ੁੱਕਰਵਾਰ ਰਾਤ 9:15 ਵਜੇ ਅੰਮ੍ਰਿਤਸਰ ਪਹੁੰਚੇਗੀ। ਯਾਤਰੀ ਮਿਲਾਨ ਵਿਖੇ 3 ਘੰਟੇ 10 ਮਿੰਟ ਲਈ ਰੁਕਣਗੇ। ਟੋਰਾਂਟੋ ਤੋਂ ਅੰਮ੍ਰਿਤਸਰ ਦਾ ਸਫਰ ਸਿਰਫ 18 ਘੰਟੇ 45 ਮਿੰਟ ਅਤੇ ਅੰਮ੍ਰਿਤਸਰ ਤੋਂ ਟੋਰਾਂਟੋ ਦੀ ਦੂਰੀ 21 ਘੰਟੇ 15 ਮਿੰਟ ਵਿੱਚ ਪੂਰੀ ਕੀਤੀ ਜਾਵੇਗੀ। ਏਅਰਲਾਈਨ ਇਨ੍ਹਾਂ ਉਡਾਣਾਂ ਲਈ ਆਪਣੇ 359 ਸੀਟਾਂ ਵਾਲੇ ਬੋਇੰਗ 787 ਡ੍ਰੀਮਲਾਈਨਰ ਜਹਾਜ਼ ਦੀ ਵਰਤੋਂ ਕਰੇਗੀ। ਜ਼ਿਕਰਯੋਗ ਹੈ ਕਿ ਜਨਵਰੀ 2022 ਵਿੱਚ ਸਰੀ ਕੈਨੇਡਾ ਤੋਂ ਇਨੀਸ਼ੀਏਟਿਵ ਦੇ ਕੋ-ਕਨਵੀਨਰ ਮੋਹਿਤ ਧੰਜੂ ਵੱਲੋਂ ਕੈਨੇਡਾ ਦੀ ਸੰਸਦ ਵਿੱਚ ਦਾਇਰ ਇੱਕ ਪਟੀਸ਼ਨ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਗੁਮਟਾਲਾ ਨੇ ਕਿਹਾ ਕਿ ਇਟਲੀ ਦੇ ਰਸਤੇ ਇਸ ਨਵੇਂ ਰੂਟ ਦੀ ਸ਼ੁਰੂਆਤ ਕੈਨੇਡਾ ਅਤੇ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਣਾਂ ਦੀ ਸੰਭਾਵਨਾ ਬਾਰੇ ਹੋਰ ਏਅਰਲਾਈਨਾਂ ਲਈ ਠੋਸ ਸਬੂਤ ਪ੍ਰਦਾਨ ਕਰੇਗੀ। ਵੈਨਕੂਵਰ ਅਤੇ ਅੰਮ੍ਰਿਤਸਰ ਤੋਂ ਇੱਕ ਸਾਂਝੇ ਬਿਆਨ ਵਿੱਚ ਕੈਨੇਡਾ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ ਅਤੇ ਅੰਮ੍ਰਿਤਸਰ ਤੋਂ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਤੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ ਪੜ੍ਹਾਈ ਲਈ ਕੈਨੇਡਾ ਆ ਰਹੇ ਹਨ, ਜਦੋਂ ਕਿ ਇਸ ਸਮੇਂ ਕੈਨੇਡਾ ਵਿੱਚ ਵਸਦੇ ਹਜ਼ਾਰਾਂ ਪ੍ਰਵਾਸੀ ਹਰ ਸਾਲ ਪੰਜਾਬ ਆਉਂਦੇ ਹਨ। ਉਨ੍ਹਾਂ ਦੇ ਮੌਜੂਦਾ ਵਿਕਲਪ ਅੰਮ੍ਰਿਤਸਰ ਤੋਂ ਦਿੱਲੀ ਰਾਹੀਂ ਉਡਾਣਾਂ, ਜਾਂ ਸੜਕ ਅਤੇ ਰੇਲ ਰਾਹੀਂ ਪੰਜਾਬ ਤੋਂ ਦਿੱਲੀ ਜਾ ਕੇ ਕੈਨੇਡਾ ਲਈ ਉਡਾਣਾਂ ਹਨ। ਇੱਥੋਂ ਤੱਕ ਕਿ ਏਅਰ ਇੰਡੀਆ ਅਤੇ ਏਅਰ ਕੈਨੇਡਾ ਦੁਆਰਾ ਸਿੱਧੀਆਂ ਦਿੱਲੀ-ਟੋਰਾਂਟੋ ਉਡਾਣਾਂ ਨਾਲ ਵੀ, ਖਿੱਤੇ ਦੇ ਯਾਤਰੀਆਂ ਨੂੰ ਦਿੱਲੀ ਦੇ ਰਸਤੇ ਯਾਤਰਾ ਕਰਨ ਵਿਚ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਇਮੀਗ੍ਰੇਸ਼ਨ, ਲੰਬੇ ਸਮੇਂ ਤੱਕ ਅੰਮ੍ਰਿਤਸਰ ਲਈ ਉਡਾਣ ਦਾ ਇੰਤਜ਼ਾਰ ਕਰਨਾ ਅਤੇ ਸਮਾਨ ਦਾ ਮੁੜ ਤੋਂ ਜਮ੍ਹਾਂ ਕਰਵਾਉਣਾ ਹੈ। ਭਾਵੇਂ ਇਹ ਉਡਾਣ ਟੋਰਾਂਟੋ ਅਤੇ ਵੈਨਕੂਵਰ ਤੋਂ ਸਿੱਧਾ ਅੰਮ੍ਰਿਤਸਰ ਲਈ ਉਡਾਣਾਂ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਨਹੀਂ ਕਰਦੀ, ਫਿਰ ਵੀ ਹਜ਼ਾਰਾਂ ਲੋਕਾਂ ਲਈ ਪੰਜਾਬ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ।

